ਸੋਮਵਾਰ, 28 ਨਵੰਬਰ, 2022
13 ਮੱਘਰ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 178

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • MONDAY, 28 NOVEMBER, 2022
ਜਲੰਧਰ
YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12



28-NOV-PAGE-10.qxd 11/27/2022 9:04 PM Page 1



# ਮੋਰਚੇ ਵੱਲੋਂ 17 ਨੂੰ ਮੰਤਰੀਆਂ ਦੇ ਦਫਤਰਾਂ ਅੱਗੇ ਜਾਗੋ ਕੱਢ ਕੇ ਸ਼ਹਿਰਾਂ 'ਚ ਰੋਸ ਮਾਰਚ ਕਰਨ ਦਾ ਐਲਾਨ

## ਇਨਲਿਸਟਮੈਂਟ/ਆਊਟਸੋਰਸ ਕਾਮਿਆਂ ਨੂੰ ਵਿਭਾਗ 'ਚ ਲੈਣ ਲਈ ਵਿਭਾਗੀ ਅਧਿਕਾਰੀ ਦੀ ਬਣਾਈ ਪ੍ਰਪੋਜ਼ਲ ਨੂੰ ਲਾਗੂ ਕੀਤਾ ਜਾਵੇ : ਵਰਿੰਦਰ ਮੋਮੀ

**ਜਲਾਲਾਬਾਦ, (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲਾ, ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਭੁਪਿੰਦਰ ਸਿੰਘ ਕੁਤਬੇਵਾਲ, ਕੁਲਵਿੰਦਰ ਸਿੰਘ ਮੋਹਾਲੀ ਨੇ ਇਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਸਮੂਹ ਸਰਕਾਰੀ ਵਿਭਾਗਾਂ 'ਚ ਪਿਛਲੇ 10-15 ਸਾਲਾਂ ਦੇ ਅਰਸੇ ਤੋਂ ਕੰਮ ਕਰਦੇ ਬਤੌਰ ਇਨਲਿਸਟਮੈਂਟ/ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਦੇ ਕੱਚੇ ਰੁਜ਼ਗਾਰ ਨੂੰ ਪੱਕਾ ਕਰਵਾਉਣ ਲਈ ਪੁਰਅਮਨ ਢੰਗ ਨਾਲ ਸੰਘਰਸ਼ ਚੱਲ ਰਿਹਾ ਹੈ ਤੇ ਠੇਕਾ ਪ੍ਰਣਾਲੀ ਦਾ ਸੰਤਾਪ ਭੋਗ ਰਹੇ ਕਾਮਿਆਂ ਦੀਆਂ 'ਮੰਗਾਂ-ਮਸਲਿਆਂ' ਦਾ ਹੱਲ ਕਰਵਾਉਣ ਲਈ ਮੁੱਖ ਮੰਤਰੀ ਪੰਜਾਬ ਸਰਕਾਰ ਨਾਲ ਪੈਨਲ ਮੀਟਿੰਗ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਦੋ ਧਿਰੀ ਗੱਲਬਾਤ ਰਾਹੀ 'ਮੰਗਾਂ' ਦਾ ਹੱਲ ਹੋ ਸਕੇ, ਜਿਸ ਸਬੰਧੀ ਕਈ ਵਾਰ 'ਮੰਗ-ਪੱਤਰ' ਤੇ 'ਯਾਦ-ਪੱਤਰ' ਸਰਕਾਰ ਨੂੰ ਭੇਜੇ ਗਏ ਹਨ, ਪਰ ਤ੍ਰਾਸਦੀ ਇਹ ਹੈ ਕਿ ਜਦੋਂ ਵੀ ਸੰਘਰਸ਼ ਪ੍ਰੋਗਰਾਮ ਲਾਗੂ ਕੀਤਾ ਜਾਂਦਾ ਹੈ, ਉਥੋਂ ਦੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਮੁੱਖ ਮੰਤਰੀ ਪੰਜਾਬ ਸਰਕਾਰ ਨਾਲ ਲਿਖਤੀ ਰੂਪ 'ਚ ਮੀਟਿੰਗ ਤੈਅ ਕਰਵਾਈ ਜਾਂਦੀ ਹੈ, ਭਾਵੇਂ ਕਿ ਮਿਤੀ 03-04-2022 ਤੋਂ ਹੁਣ ਤੱਕ 6 ਵਾਰ ਲਿਖਤੀ ਰੂਪ 'ਚ ਪੈਨਲ ਮੀਟਿੰਗ ਦਾ ਸਮਾਂ ਮਿਲ ਚੁੱਕਾ ਹੈ, ਪਰ ਐਨ ਮੌਕੇ 'ਤੇ ਮੁੱਖ ਮੰਤਰੀ ਦੇ ਰੁਝੇਵਿਆਂ ਦਾ ਹਵਾਲਾ ਦੇ ਕੇ ਮੁੱਖ ਮੰਤਰੀ ਪੰਜਾਬ ਵੱਲੋਂ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਜਿਸ ਦੇ ਕਾਰਨ ਸਾਰੇ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮੂਹ ਠੇਕਾ ਮੁਲਾਜਮਾਂ ਵੱਲੋਂ 15-16 ਨਵੰਬਰ ਨੂੰ ਦੋ ਦਿਨ ਦੀ ਸਮੂਹਿਕ ਛੁੱਟੀ ਲੈ ਕੇ ਆਪੋ-ਆਪਣੇ ਵਿਭਾਗੀ ਦਫਤਰਾਂ ਅੱਗੇ ਧਰਨੇ ਦਿੱਤੇ ਗਏ ਸੀ। ਇਸ ਸੰਘਰਸ਼ ਦੌਰਾਨ ਠੇਕਾ ਕਾਮਿਆਂ ਵੱਲੋਂ ਲਿਖਤੀ ਰੂਪ 'ਚ ਛੁੱਟੀ ਲਈ ਗਈ ਸੀ, ਮੋਰਚੇ ਵੱਲੋਂ ਚੇਤਾਵਨੀ ਦਿੱਤੀ ਗਈ ਕਿ ਠੇਕਾ ਮੁਲਾਜ਼ਮਾਂ ਦੀ ਜੇਕਰ ਦੋ ਦਿਨ ਦੀ ਤਨਖਾਹ ਕੱਟਣ ਦੀ ਵਿਭਾਗੀ ਅਧਿਕਾਰੀਆਂ ਵੱਲੋਂ ਕੋਸ਼ਿਸ਼ ਕੀਤੀ ਗਈ ਤਾਂ ਇਸ ਦਾ ਮੋਰਚੇ ਵੱਲੋਂ ਵਿਰੋਧ ਕਰਦੇ ਹੋਏ ਸਬੰਧਤ ਵਿਭਾਗ ਦੇ ਅਧਿਕਾਰੀਆਂ ਵਿਰੁੱਧ ਮਜਬੂਰਨ ਸੰਘਰਸ਼ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਸੂਬਾ ਕਮੇਟੀ ਵੱਲੋਂ ਚੱਲ ਰਹੇ ਸੰਘਰਸ਼ ਨੂੰ ਭਵਿੱਖ 'ਚ ਜਾਰੀ ਰੱਖਦੇ ਹੋਏ ਹੁਣ 17 ਦਸੰਬਰ ਨੂੰ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ ਹਰਪਾਲ ਸਿੰਘ ਚੀਮਾ, ਹਰਜੋਤ ਸਿੰਘ ਬੈਂਸ, ਗੁਰਮੀਤ ਸਿੰਘ ਮੀਤ ਹੇਅਰ, ਹਰਭਜਨ ਸਿੰਘ ਈ.ਟੀ.ਓ., ਬ੍ਰਹਮ ਸ਼ੰਕਰ ਜਿੰਪਾ ਤੇ ਫੌਜਾ ਸਿੰਘ ਸਰਾਰੀ ਦੀ ਰਿਹਾਇਸ਼/ਦਫਤਰਾਂ ਅੱਗੇ ਰਾਤ ਨੂੰ ਜਾਗੋ ਕੱਢ ਕੇ ਤੇ ਅਗਲੇ ਦਿਨ ਸਵੇਰੇ ਸ਼ਹਿਰਾਂ 'ਚ ਰੋਸ ਮਾਰਚ ਕਰਕੇ ਮੌਜੂਦਾ ਪੰਜਾਬ ਸਰਕਾਰ ਦੀ ਠੇਕਾ ਮੁਲਾਜ਼ਮਾਂ ਵਿਰੋਧੀ ਅਪਨਾਏ ਜਾ ਰਹੇ ਵਿਹਾਰ ਦੀ ਲੋਕਾਂ ਸਾਹਮਣੇ ਪੋਲ ਖੋਲ੍ਹੀ ਜਾਵੇਗੀ, ਜਿਸ ਦੀ ਤਿਆਰੀ ਲਈ ਮੋਰਚੇ ਦੇ ਬੈਨਰ ਹੇਠ 6 ਦਸੰਬਰ ਨੂੰ ਰੋਪੜ, 7 ਸਤੰਬਰ ਨੂੰ ਮੁਕੇਰੀਆ, 8 ਦਸੰਬਰ ਨੂੰ ਬਰਨਾਲਾ, 9 ਸੰਗਰੂਰ, 11 ਫਰੀਦਕੋਟ, 12 ਦਸੰਬਰ ਨੂੰ ਅਮ੍ਰਿਤਸਰ ਵਿਖੇ ਜ਼ੋਨ ਪੱਧਰੀ ਕਨਵੈਨਸ਼ਨਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਨ੍ਹਾਂ ਕਨਵੈਨਸ਼ਨਾਂ 'ਚ ਸਾਰੇ ਪੰਜਾਬ ਵਿੱਚੋਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਠੇਕਾ ਮੁਲਾਜ਼ਮ ਪੂਰੇ ਉਤਸ਼ਾਹ ਨਾਲ ਸ਼ਾਮਲ ਹੋਣਗੇ।

ਉਨ੍ਹਾਂ ਮੰਗ ਕੀਤੀ ਕਿ ਸਮੂਹ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਸਬੰਧਤ ਵਿਭਾਗਾਂ 'ਚ ਸ਼ਾਮਲ ਕਰਕੇ ਬਿਨਾਂ ਭੇਦਭਾਵ ਦੇ ਰੈਗੂਲਰ ਕੀਤਾ ਜਾਵੇ ਤੇ ਇਸ ਮੰਗ ਦਾ ਹੱਲ ਕਰਨ ਸਬੰਧੀ 'ਮੁੱਖ ਮੰਤਰੀ ਪੰਜਾਬ' ਦੇ ਨਾਲ ਪੈਨਲ ਮੀਟਿੰਗ ਕਰਵਾਈ ਜਾਵੇ। ਸਰਕਾਰੀ ਵਿਭਾਗਾਂ 'ਚ ਕੰਮ ਕਰਦੇ ਠੇਕਾ ਮੁਲਾਜ਼ਮਾਂ ਨੂੰ ਨਜ਼ਰਅੰਦਾਜ਼ ਕਰਕੇ ਬਾਹਰੋਂ ਪੱਕੀ ਭਰਤੀ ਕਰਨ ਦੇ ਫੈਸਲੇ ਨੂੰ ਰੱਦ ਕਰਕੇ ਇਨਲਿਸਟਮੈਂਟ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਪਹਿਲ ਦੇ ਅਧਾਰ 'ਤੇ ਰੈਗੂਲਰ ਕੀਤਾ ਜਾਵੇ। ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਰਕਾਰੀ ਵਿਉਂਤਬੰਦੀ ਅਨੁਸਾਰ ਇੰਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਵਿਭਾਗ 'ਚ ਸ਼ਾਮਲ ਕਰਨ ਲਈ ਤਿਆਰ ਕੀਤੀ (ਪੱਤਰ ਨੰ. ਜਸਸ/ਅਨਗ(7) 39 ਮਿਤੀ 11-01-2018) ਤਜਵੀਜ਼ ਨੂੰ ਲਾਗੂ ਕੀਤਾ ਜਾਵੇ। ਆਊਟਸੋਰਸ/ਇੰਨਲਿਸਟਮੈਂਟ ਮੁਲਾਜ਼ਮਾਂ ਲਈ ਘੱਟੋ-ਘੱਟ ਉਜ਼ਰਤ ਦੇ ਕਾਨੂੰਨ 1948 ਮੁਤਾਬਕ ਤਨਖਾਹ ਤੇ ਭੱਤਿਆਂ ਦੀ ਅਦਾਇਗੀ ਕੀਤੀ ਜਾਵੇ। ਸੇਵਾ ਕਾਲ ਦੌਰਾਨ ਹੋਣ ਵਾਲੇ ਘਾਤਕ ਜਾਂ ਗੈਰ-ਘਾਤਕ ਹਾਦਸਿਆਂ ਨਾਲ ਪੀੜਤ ਪਰਵਾਰਾਂ ਲਈ ਮੁਫਤ ਇਲਾਜ, ਮੌਤ ਦੇ ਇਵਜਾਨੇ, ਪਰਿਵਾਰ ਦੇ ਇੱਕ ਜੀਅ ਨੂੰ ਪੱਕੀ ਨੌਕਰੀ ਤੇ ਪੈਨਸ਼ਨ ਲਾਗੂ ਕੀਤੀ ਜਾਵੇ।

# ਕਰਾੜਵਾਲਾ ਦੀ ਹਾਕੀ ਟੀਮ ਵੱਲੋਂ ਲਗਾਤਾਰ ਦਸਵੀਂ ਵਾਰ ਜ਼ਿਲ੍ਹੇ ਦੀ ਅਗਵਾਈ ਕਰਨਾ ਮਾਣ ਵਾਲੀ ਗੱਲ : ਢਿੱਲੋਂ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਿੱਚ ਇਲਾਕੇ ਦੀ ਹਾਕੀ ਦੀ ਨਰਸਰੀ ਵਜੋਂ ਜਾਣੀ ਜਾਂਦੀ ਨਾਮੀ ਸੰਸਥਾ ਡੀ ਐਮ ਗਰੁੱਪ ਕਰਾੜਵਾਲਾ ਦੀ ਹਾਕੀ ਟੀਮ ਲਗਾਤਾਰ ਦਸਵੀਂ ਵਾਰ ਬਠਿੰਡਾ ਜ਼ਿਲ੍ਹਾ ਦੀ ਅਗਵਾਈ ਕਰੇਗੀ। ਇਸ ਦੀ ਜਾਣਕਾਰੀ ਦਿੰਦਿਆਂ ਹੋਏ ਸੰਸਥਾ ਦੇ ਚੇਅਰਮੈਨ ਇੰਜੀਨੀਅਰ ਅਵਤਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਹੋਈਆਂ 66ਵੀਆਂ ਖੇਡਾਂ 'ਚ ਡੀ ਐਮ ਗਰੁੱਪ ਕਰਾੜਵਾਲਾ ਨੇ ਅੰਡਰ 17 'ਚ ਪਹਿਲਾ, ਅੰਡਰ-19 ਤੇ ਅੰਡਰ-14 ਵਿੱਚ ਦੂਸਰਾ ਸਥਾਨ ਹਾਸਲ ਕੀਤਾ ਹੈ। ਉਨ੍ਹਾ ਦੱਸਿਆ ਕਿ ਪਿਛਲੇ 10 ਸਾਲਾਂ ਤੋਂ ਲਗਾਤਾਰ ਪਹਿਲੇ ਸਥਾਨ 'ਤੇ ਦਬਦਬਾ ਰੱਖਣਾ ਸੰਸਥਾ ਲਈ ਮਾਨ ਵਾਲੀ ਗੱਲ ਹੈ। ਉਨ੍ਹਾ ਇਸ ਮੌਕੇ ਖਿਡਾਰੀਆਂ ਦੀ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦੇ ਹੋਏ ਉਨ੍ਹਾਂ ਨੂੰ ਅੱਗੇ ਵਧਣ ਲਈ ਪ੍ਰੇਰਣਾਮਈ ਅਸੀਸਾਂ ਦੇਣ ਦੇ ਨਾਲ ਨਾਲ ਸਬੰਧਤ ਅਧਿਆਪਕਾਂ ਤੇ ਖਿਡਾਰੀਆਂ ਦੇ ਮਾਤਾ-ਪਿਤਾ ਨੂੰ ਵੀ ਵਧਾਈ ਦਿੱਤੀ ਹੈ।

# ਨਨਕਾਣਾ ਸਾਹਿਬ ਪਬਲਿਕ ਸਕੂਲ ਨੇ ਬੈਡਮਿੰਟਨ 'ਚ ਜਿੱਤਿਆ ਸੋਨ ਤਮਗਾ

**ਸਮਰਾਲਾ (ਸੁਰਜੀਤ ਸਿੰਘ)**-ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ ਦੇ ਪੰਜਵੀਂ ਜਮਾਤ ਦੇ ਵਿਦਿਆਰਥੀ ਹਰਸਬੀਰ ਸਿੰਘ ਨੇ ਜ਼ਿਲ੍ਹਾ ਪੱਧਰੀ ਬੈਡਮਿੰਟਨ ਖੇਡਾਂ ਵਿੱਚ ਸੋਨ ਤਮਗਾ ਜਿੱਤ ਕੇ ਆਪਣੇ ਮਾਤਾ-ਪਿਤਾ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਲੁਧਿਆਣਾ ਵਿਖੇ ਹੋਏ ਇਸ ਟੂਰਨਾਮੈਂਟ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ, ਜਿਸ ਵਿੱਚ ਆਪਣੀ ਖੇਡ ਦਾ ਸਰਵੋਤਮ ਪ੍ਰਦਰਸ਼ਨ ਕਰਕੇ ਹਰਸਬੀਰ ਸਿੰਘ ਨੇ ਸੋਨ ਤਮਗਾ ਜਿੱਤਿਆ। ਸਕੂਲ ਦੀ ਸਮੂਹ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਪ੍ਰਿੰਸੀਪਲ ਸ੍. ਮਾਲਇੰਦਰ ਸਿੰਘ ਨੇ ਉਸ ਦੀ ਜਿੱਤ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਵਧਾਈ ਦਿੱਤੀ ਅਤੇ ਅਗਲੇ ਪੱਧਰ ਲਈ ਪ੍ਰੇਰਿਤ ਕਰਦਿਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।



## ਕਾਤਰਾਂ

### ਸੜਕ ਹਾਦਸੇ 'ਚ ਬੱਚੀ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** : ਪਿੰਡ ਕਾਹਨਪੁਰਾ ਦੇ ਸਕੂਲ ਅੱਗੇ ਵਾਪਰੇ ਸੜਕ ਹਾਦਸੇ 'ਚ ਇੱਕ 7 ਸਾਲਾ ਵਿਦਿਆਰਥਣ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਖੰਨਾ ਨੇੜਲੇ ਪਿੰਡ ਕਾਹਨਪੁਰਾ ਵਿਖੇ ਰਹਿੰਦੇ ਪ੍ਰਵਾਸੀ ਮਜ਼ਦੂਰ ਰਾਜਨ ਪਾਸਵਾਨ ਦੇ 5 ਬੱਚਿਆਂ 'ਚੋਂ ਸਭ ਤੋਂ ਵੱਡੀ ਲੜਕੀ ਅਰਚਨਾ ਕੁਮਾਰੀ (7) ਕਾਹਨਪੁਰਾ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੀ ਵਿਦਿਆਰਥਣ ਸੀ, ਜੋ ਸਵੇਰੇ 9 ਵਜੇ ਸਕੂਲ ਲੱਗਣ ਸਮੇਂ ਸਕੂਲ ਦੇ ਬਾਹਰ ਇੱਕ ਤੇਜ਼ ਰਫਤਾਰ ਬੁਲੇਟ ਮੋਟਰਸਾਈਕਲ ਦੀ ਲਪੇਟ 'ਚ ਆਉਣ ਕਰਕੇ ਗੰਭੀਰ ਜ਼ਖ਼ਮੀ ਹੋ ਗਈ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਖੰਨਾ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਸੜਕ ਹਾਦਸੇ ਉਪਰੰਤ ਮੋਟਰਸਾਈਕਲ ਸਮੇਤ ਮੌਕੇ 'ਤੋਂ ਖਿਸਕੇ ਅਣਪਛਾਤੇ ਮੋਟਰਸਾਈਕਲ ਚਾਲਕ ਵਿਰੁੱਧ ਅਮਲੋਹ ਪੁਲਸ ਵੱਲੋਂ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

### ਕੁੱਟਮਾਰ ਕਰਨ ਵਾਲਿਆਂ ਖਿਲਾਫ਼ ਕੇਸ ਦਰਜ

**ਜਲਾਲਾਬਾਦ, (ਦਹੂਜਾ)**-ਥਾਣਾ ਸਿਟੀ ਪੁਲਸ ਨੇ ਕੁੱਟਮਾਰ ਦੇ ਅੱਧਾ ਦਰਜਨ ਆਰੋਪੀਆਂ ਖਿਲਾਫ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਜਗਦੀਸ਼ ਲਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਅਰੁਣ ਕੰਬੋਜ ਪੁੱਤਰ ਭਗਵਾਨ ਦਾਸ ਵਾਸੀ ਖੈਰੇਕੇ ਉਤਾੜ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਰੈਸਟੋਰੈਂਟ ਦੇਸੀ ਕੁੱਕ ਜਲਾਲਾਬਾਦ ਵਿਖੇ ਖਾਣਾ ਖਾਣ ਗਿਆ ਸੀ, ਜਿੱਥੇ ਖਰੜ ਵਿਨਾਇਕ ਪੁੱਤਰ ਔਲੇਖ ਸਿੰਘ, ਗੌਰਾ ਕੰਬੋਜ, ਕਰਨਜੋਤ ਸਿੰਘ ਪੁੱਤਰ ਮਹਿੰਦਰ, ਅਮਨਦੀਪ ਸਿੰਘ ਵਾਸੀ ਦਰੋਗਾ ਤੇ 1-2 ਅਣਪਛਾਤੇ ਵਿਅਕਤੀਆਂ ਨੇ ਉਸ ਦੀ ਕੁੱਟਮਾਰ ਕੀਤੀ। ਪੁਲਸ ਨੇ ਆਰੋਪੀਆਂ ਖਿਲਾਫ਼ ਪਰਚਾ ਦਰਜ ਕਰ ਲਿਆ ਹੈ।

### ਨਜਾਇਜ਼ ਮਾਈਨਿੰਗ ਦੇ ਦੋਸ਼ 'ਚ 2 ਖਿਲਾਫ ਪਰਚਾ

**ਜਲਾਲਾਬਾਦ, (ਦਹੂਜਾ)**-ਥਾਣਾ ਅਮੀਰ ਖਾਸ ਦੀ ਪੁਲਸ ਨੇ ਰੇਤ ਦੀ ਨਜਾਇਜ਼ ਮਾਈਨਿੰਗ ਕਰਨ ਵਾਲੇ ਦੋ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਸਵਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਲਾਲ ਰੰਗ ਦਾ ਸਵਰਾਜ ਟਰੈਕਟਰ ਤੇ ਟਰਾਲੀ, ਜਿਸ ਨੂੰ ਮੱਖਣ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਥਾਰਾ ਸਿੰਘ ਵਾਲਾ ਚਲਾ ਰਿਹਾ ਸੀ, ਜਿਸ ਦੇ ਨਾਲ ਮਗਰੋਟ ਤੇ ਸੁਖਵਿੰਦਰ ਸਿੰਘ ਪੁੱਤਰ ਨਾਨਕ ਸਿੰਘ ਵਾਸੀ ਕਮੇਰਵਾਲਾ ਬੈਠਾ ਸੀ। ਦੋਵੇਂ ਵਿਅਕਤੀ ਬਲੇਲ ਦੀ ਹਾਸਲ ਵਾਲੇ ਪਾਸੇ ਤੋਂ ਜਲਾਲਾਬਾਦ ਆ ਰਹੇ ਹਨ ਤੇ ਨਜਾਇਜ਼ ਰੇਤ ਚੋਰੀ ਕਰਨ ਦੇ ਆਦੀ ਹਨ। ਜੇਕਰ ਹੁਣੇ ਥਾਰਾ ਸਿੰਘ ਵਾਲਾ ਮੋੜ ਵਿਖੇ ਨਾਕਾਬੰਦੀ ਕੀਤੀ ਜਾਵੇ ਤਾਂ ਦੋਵੇਂ ਵਿਅਕਤੀਆਂ ਨੂੰ ਨਜਾਇਜ਼ ਰੇਤ ਨਾਲ ਭਰੀ ਟਰਾਲੀ ਸਮੇਤ ਕਾਬੂ ਕੀਤਾ ਜਾ ਸਕਦਾ ਹੈ। ਪੁਲਸ ਨੇ ਨਾਕਾਬੰਦੀ ਕਰਕੇ ਦੋਵਾਂ ਨੂੰ ਰੇਤ ਦੀ ਟਰੈਕਟਰ ਟਰਾਲੀ ਸਮੇਤ ਕਾਬੂ ਕਰ ਲਿਆ, ਜਿਸ 'ਤੇ ਮਾਈਨਿੰਗ ਐਕਟ ਅਧੀਨ ਪਰਚਾ ਦਰਜ ਕੀਤਾ ਗਿਆ ਹੈ।

### ਦੜੇ-ਸੱਟੇ ਦੀ ਨਕਦੀ ਸਮੇਤ 2 ਕਾਬੂ

ਜਲਾਲਾਬਾਦ, (ਦਹੂਜਾ)-ਥਾਣਾ ਸਦਰ ਦੀ ਪੁਲਸ ਨੇ ਦੋ ਸੱਟੇਬਾਜ਼ਾਂ ਨੂੰ 12,080 ਰੁਪਏ ਦੀ ਨਕਦੀ ਸਮੇਤ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਜਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖ਼ਬਰ ਨੇ ਇਤਲਾਹ ਦਿੱਤੀ ਸੀ ਕਿ ਆਨੰਦ ਕੁਮਾਰ ਉਰਫ਼ ਭਾਗੂ ਪੁੱਤਰ ਸੁਬੇਗ ਸਿੰਘ ਵਾਸੀ ਲਮੋਚੜ ਕਲਾਂ, ਜੋ ਦੜਾ ਸੱਟਾ ਲਿਖਣ ਦਾ ਆਦੀ ਹੈ, ਅਜੇ ਵੀ ਪਿੰਡ ਵਿੱਚ ਦੜਾ ਸੱਟਾ ਲਿਖ ਰਿਹਾ ਹੈ। ਪੁਲਸ ਨੇ ਉਸ ਨੂੰ 970 ਰੁਪਏ ਸਮੇਤ ਗ੍ਰਿਫ਼ਤਾਰ ਕਰ ਲਿਆ। ਜਾਂਚ ਅਧਿਕਾਰੀ ਲਖਮੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੇਸਾ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਸੁਖੇਰਾ ਬੋਦਲਾ ਦੜਾ-ਸੱਟਾ ਲਿਖਣ ਦਾ ਆਦੀ ਹੈ, ਜੋ ਅਜੇ ਵੀ ਪਿੰਡ 'ਚ ਦੜਾ-ਸੱਟਾ ਲਿਖ ਰਿਹਾ ਹੈ। ਪੁਲਸ ਨੇ ਉਸ ਨੂੰ 11,110 ਰੁਪਏ ਸਮੇਤ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ 'ਤੇ ਜੂਆ ਐਕਟ ਅਧੀਨ ਪਰਚਾ ਦਰਜ ਕੀਤਾ ਹੈ।

### ਵੱਖ-ਵੱਖ ਮਾਮਲਿਆਂ 'ਚ ਭਗੌੜੇ ਪੁਲਸ ਅੜਿੱਕੇ

**ਜਲਾਲਾਬਾਦ, (ਦਹੂਜਾ)**-ਥਾਣਾ ਸਦਰ ਦੀ ਪੁਲਸ ਨੇ ਦੋ ਵੱਖ-ਵੱਖ ਮਾਮਲਿਆਂ 'ਚ ਭਗੌੜੇ ਵਿਅਕਤੀਆਂ ਨੂੰ ਕਾਬੂ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਦਰ ਦੇ ਐੱਸ.ਐੱਚ.ਓ. ਹਰਬੰਸ ਲਾਲ ਨੇ ਕਿਹਾ ਕਿ ਦੋਸ਼ੀ (ਭਗੌੜਾ) ਕੁਲਵੰਤ ਸਿੰਘ ਕੰਤੀ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮਹਾਲਮ ਉਰਫ ਚੱਕ ਬਲੋਚਾਂ 'ਤੇ ਮੁਕੱਦਮਾ ਨੰਬਰ.91 ਮਿਤੀ 20/07/2013 ਤੋਂ ਐੱਨ.ਡੀ.ਪੀ.ਐੱਸ. ਅ/ਧ ਥਾਣਾ ਸਦਰ ਜਲਾਲਾਬਾਦ ਵਿਖੇ ਮਾਮਲਾ ਦਰਜ ਕੀਤਾ ਗਿਆ ਸੀ, ਜੋ ਕਿ ਮਾਣਯੋਗ ਅਦਾਲਤ ਵੱਲੋਂ 19 ਜੁਲਾਈ 2014 ਤੋਂ ਭਗੌੜਾ ਚੱਲਿਆ ਆ ਰਿਹਾ ਸੀ, ਜਿਸ ਨੂੰ ਮੁਕਬਰ ਖਾਸ ਦੀ ਇਤਲਾਹ 'ਤੇ ਉਸ ਦੇ ਪਿੰਡੋਂ 20 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਗਿਆ। ਦੂਜੇ ਮਾਮਲੇ 'ਚ ਦੋਸ਼ੀ (ਭਗੌੜਾ) ਮਨਜੀਤ ਸਿੰਘ ਪੁੱਤਰ ਚੰਨ ਸਿੰਘ ਵਾਸੀ ਪਿੰਡ ਸੁਖੇਰਾ 'ਤੇ ਮੁਕੱਦਮਾ ਨੰ. 11 ਮਿਤੀ 10/03/2019 'ਚ ਨਜਾਇਜ਼ ਸ਼ਰਾਬ ਦਾ ਪਰਚਾ ਥਾਣਾ ਸਦਰ ਜਲਾਲਾਬਾਦ 'ਚ ਦਰਜ ਕੀਤਾ ਗਿਆ ਸੀ, ਜਿਸ ਨੂੰ ਮਾਣਯੋਗ ਅਦਾਲਤ ਵੱਲੋਂ 15 ਜੁਲਾਈ 2022 ਨੂੰ ਭਗੌੜਾ ਕਰਾਰ ਦਿੱਤਾ ਗਿਆ ਤੇ ਮੁਖਬਰ ਦੀ ਇਤਲਾਹ 'ਤੇ ਬੀਤੇ ਦਿਨ ਦੋਸ਼ੀ (ਭਗੌੜੇ) ਵਿਅਕਤੀ ਨੂੰ ਉਸ ਦੇ ਘਰੋਂ ਕਾਬੂ ਕੀਤਾ ਗਿਆ।

### ਇਮੀਗਰੇਸ਼ਨ ਪਲੈਨਰ ਨੇ ਲਵਾਇਆ ਵਿਦਿਆਰਥਣ ਦਾ ਕੈਨੇਡਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਹੁਤ ਹੀ ਥੋੜ੍ਹੇ ਸਮੇਂ ਵਿੱਚ ਆਈਲਟਸ ਦੀ ਦੁਨੀਆ ਵਿੱਚ ਆਪਣਾ ਨਾਂਅ ਬਣਾ ਰਹੀ ਦਿ ਇਮੀਗਰੇਸ਼ਨ ਪਲੈਨਰ, ਜੋ ਕਿ ਕਾਲੇ ਕੇ ਰੋਡ ਉੱਪਰ ਸਥਿਤ ਹੈ, ਨੇ ਅਨਮੋਲ ਕੌਰ ਪੁੱਤਰੀ ਜਸਵਿੰਦਰ ਸਿੰਘ ਵਾਸੀ ਦਿਆਲਪੁਰਾ ਮਿਰਜਾ ਜ਼ਿਲ੍ਹਾ ਬਠਿੰਡਾ ਦਾ ਸੇਂਤ ਲਾਰਨਸ ਕਾਲਜ ਟੋਰਾਂਟੋ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾਇਆ ਹੈ। ਅਨਮੋਲ ਕੌਰ ਨੇ ਸਟਾਫ਼ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਸਟਾਫ ਦੀ ਅਣਥੱਕ ਮਿਹਨਤ ਸਦਕਾ ਹੀ ਮੇਰਾ ਕੈਨੇਡਾ ਦਾ ਸਟੱਡੀ ਵੀਜ਼ਾ ਲੱਗਿਆ ਹੈ। ਐੱਮ ਡੀ ਯੋਗੇਸ਼ ਗੋਇਲ ਤੇ ਗਗਨਦੀਪ ਨੇ ਵਿਦਿਆਰਥਣ ਅਨਮੋਲ ਕੌਰ ਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈ ਦਿੱਤੀ ਅਤੇ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

# ਦੇਵ ਸਮਾਜ ਕਾਲਜ ਫ਼ਾਰ ਵੂਮੈਨ 'ਚ ਸੰਵਿਧਾਨ ਦਿਵਸ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫ਼ਿਰੋਜ਼ਪੁਰ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਤੇ ਡਾ. ਸੰਗੀਤਾ, ਕਾਰਜਕਾਰੀ ਪ੍ਰਿੰਸੀਪਲ ਡਾ. ਸੰਗੀਤਾ ਦੀ ਰਹਿਨੁਮਾਈ ਹੇਠ ਕਾਲਜ ਲਗਾਤਾਰ ਤਰੱਕੀ ਦੇ ਰਾਹ 'ਤੇ ਚੱਲ ਰਿਹਾ ਹੈ। 1934 ਤੋਂ ਸਰਹੱਦੀ ਖੇਤਰ ਵਿੱਚ ਸਥਿਤ ਇਹ ਕਾਲਜ ਲੜਕੀਆਂ ਦੀ ਸਿੱਖਿਆ ਤੇ ਸਸ਼ਕਤੀਕਰਨ ਲਈ ਲਗਾਤਾਰ ਯਤਨਸ਼ੀਲ ਹੈ।ਦੇਵ ਸਮਾਜ ਕਾਲਜ ਆਧੁਨਿਕਤਾ ਤੇ ਪ੍ਰੰਪਰਾ ਦਾ ਇੱਕ ਸ਼ਾਨਦਾਰ ਸੁਮੇਲ ਹੈ ਅਤੇ ਇੱਕ ਅਮੀਰ ਇਤਿਹਾਸ ਦੇ ਨਾਲ ਉੱਤਰੀ ਭਾਰਤ ਦੀ ਇੱਕ ਪ੍ਰਮੁੱਖ ਵਿਦਿਅਕ ਸੰਸਥਾ ਹੈ।ਇਸ ਲੜੀ ਵਿੱਚ ਕਾਲਜ ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਸੰਵਿਧਾਨ ਦਿਵਸ ਮਨਾਇਆ ਗਿਆ।ਇਸ ਮੌਕੇ ਵਿਦਿਆਰਥਣਾ ਨਾਲ ਮਿਲ ਕੇ ਸਹੁੰ ਚੁੱਕ ਸਮਾਗਮ ਤੇ ਕੌਂਸੀਟਿਊਸ਼ਨਲ ਵੈਲਯੂਸ (ਸਵਿਧਾਨਿਕ ਮੁੱਲ) ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ । ਇਸ ਦੇ ਨਾਲ ਵਿਭਾਗ ਦੇ ਰੈੱਡ ਰਿਬਨ ਕਲੱਬ ਵੱਲੋਂ ਵੀ ਇਸ ਮੌਕੇ ਸਹੁੰ ਚੁੱਕ ਸਮਾਗਮ ਕੀਤਾ ਗਿਆ।ਇਸ ਸਮਾਗਮ ਵਿੱਚ ਵਿਦਿਆਰਥਣਾਂ ਨਾਲ ਭਾਰਤ ਦੇ ਸੰਵਿਧਾਨ ਅਨੁਸਾਰ ਜਾਣਕਾਰੀ ਸਾਂਝੀ ਕਰਦਿਆ ਦੱਸਿਆ ਗਿਆ ਕਿ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਅਰਥਾਤ ਭਾਰਤ ਨੂੰ ਇੱਕ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ ਤੇ ਜਮਹੂਰੀ ਗਣਰਾਜ ਬਣਾਉਣਾ ਹੈ, ਜਿਸਦਾ ਉਦੇਸ਼ ਸਾਰੇ ਨਾਗਰਿਕਾਂ ਲਈ ਨਿਆਂ, ਆਜ਼ਾਦੀ, ਬਰਾਬਰੀ ਸੁਰੱਖਿਅਤ ਕਰਨਾ ਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਭਾਈਚਾਰਕ ਸਾਂਝ ਨੂੰ ਉਤਸ਼ਾਹਤ ਕਰਨਾ ਹੈ ਕਿਉਂਕਿ ਇਹ ਅਧਿਕਾਰ ਜ਼ਰੂਰੀ ਹਨ।ਇਸ ਮੌਕੇ ਸਮਾਗਮ ਦੇ ਅਹਿਮ ਹਿੱਸੇ ਵਜੋਂ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਪੜ੍ਹੀ ਗਈ।ਇਸ ਸਮਾਗਮ ਵਿੱਚ ਵਿਦਿਆਰਥਣਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।

ਇਸ ਮੌਕੇ ਡਾ. ਸੰਗੀਤਾ ਨੇ ਸੰਵਿਧਾਨ ਦਿਵਸ ਮੌਕੇ ਅਲੱਗ-ਅਲੱਗ ਵਿਭਾਗਾਂ ਵੱਲੋਂ ਕਰਵਾਏ ਗਏ ਸਹੁੰ ਚੁੱਕ ਸਮਾਗਮ ਤੇ ਸੈਮੀਨਾਰ ਦੀ ਸ਼ਲਾਘਾ ਕਰਦਿਆਂ ਵਧਾਈ ਦਿੱਤੀ ਤੇ ਵਿਦਿਆਰਥਣਾਂ ਨੂੰ ਇਸ ਤਰ੍ਹਾਂ ਪ੍ਰੋਗਰਾਮਾਂ ਵਿੱਚ ਵੀ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਵੱਲੋਂ ਨਸ਼ਿਆਂ ਖਿਲਾਫ ਸਰਚ ਅਭਿਆਨ

**ਜਗਰਾਉਂ, (ਅਮਿਤ ਖੰਨਾ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਚਲਾਈ ਗਈ ਮੁਹਿੰਮ ਹੇਠ ਸ਼ਨੀਵਾਰ ਪੁਲਸ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਦੇ ਐੱਸ ਐੱਸ ਪੀ ਹਰਜੀਤ ਸਿੰਘ ਦੇ ਨਿਰਦੇਸ਼ਾਂ ਤਹਿਤ ਪੁਲਸ ਵੱਲੋਂ ਜਗਰਾਓਂ, ਰਾਏਕੋਟ ਤੇ ਦਾਖਾ ਸਬ ਡਵੀਜ਼ਨਾਂ ਵਿੱਚ ਨਸ਼ਿਆਂ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਸਰਚ ਅਭਿਆਨ ਚਲਾਇਆ ਗਿਆ। ਡੀ ਐੱਸ ਪੀ ਸਤਵਿੰਦਰ ਵਿਰਕ ਸਿੰਘ ਦੀ ਅਗਵਾਈ ਵਿੱਚ ਮੁੱਖ ਅਫਸਰ ਥਾਣਾ ਸਿਟੀ ਜਗਰਾਓਂ ਇੰਦਰਜੀਤ ਸਿੰਘ ਰਾਹੀਂ ਸਿਟੀ ਜਗਰਾਉਂ ਦੇ ਮੁਹੱਲਾ ਮਾਈ ਜੀਨਾ, ਜੋਗੀਆਂ ਮੁਹੱਲਾ ਤੇ ਗਾਂਧੀ ਨਗਰ ਅਤੇ ਮੁੱਖ ਅਫਸਰ ਥਾਣਾ ਸਿੱਧਵਾਂ ਬੇਟ ਰਾਹੀਂ ਪਿੰਡ ਮਲਸੀਹਾਂ ਬਾਜਣ, ਸਲੇਮਪੁਰਾ ਟਿੱਬਾ ਤੇ ਕੁੱਲ ਗਹਿਣਾ ਵਿੱਚ ਨਸ਼ਾ ਵੇਚਣ ਵਾਲੇ ਵਿਅਕਤੀਆਂ ਦੇ ਘਰਾਂ ਵਿੱਚ ਸਰਚ/ਤਲਾਸ਼ੀ ਮੁਹਿੰਮ ਚਲਾਈ ਗਈ। ਸਬ-ਡਵੀਜ਼ਨ ਜਗਰਾਉਂ ਪੁਲਸ ਵੱਲੋਂ ਉਪਰੋਕਤ ਸਰਚ ਅਭਿਆਨ ਦੌਰਾਨ 15 ਬੋਤਲਾਂ ਨਜਾਇਜ਼ ਸ਼ਰਾਬ ਬ੍ਰਾਮਦ ਹੋਈ। ਇਸ ਤੋਂ ਇਲਾਵਾ ਸਰਚ ਦੌਰਾਨ 8 ਸ਼ੱਕੀ ਵਿਅਕਤੀਆਂ, 10 ਮੋਬਾਇਲ ਫੋਨ ਤੇ 8 ਸ਼ੱਕੀ ਵਹੀਕਲ ਪੜਤਾਲ ਲਈ ਥਾਣੇ ਲਿਆਂਦੇ ਗਏ ਹਨ। ਡੀ ਐੱਸ ਪੀ ਰਾਏਕੋਟ ਰਛਪਾਲ ਸਿੰਘ ਦੀ ਅਗਵਾਈ ਵਿੱਚ ਮੁੱਖ ਅਫਸਰ ਥਾਣਾ ਸਦਰ ਰਾਏਕੋਟ ਰਾਹੀਂ ਪਿੰਡ ਰਛੀਨ ਤੇ ਮੁੱਖ ਅਫਸਰ ਸਿਟੀ ਰਾਏਕੋਟ ਰਾਹੀਂ ਸਿਟੀ ਰਾਏਕੋਟ ਦੇ ਮੁਹੱਲਾ ਗੁਰੂ ਨਾਨਕਪੁਰਾ ਵਿੱਚ ਨਸ਼ਾ ਵੇਚਣ ਵਾਲੇ ਵਿਅਕਤੀਆਂ ਦੇ ਘਰਾਂ ਵਿੱਚ ਸਰਚ/ਤਲਾਸ਼ੀ ਮੁਹਿੰਮ ਚਲਾਈ ਗਈ। ਸਬ-ਡਵੀਜ਼ਨ ਰਾਏਕੋਟ ਪੁਲਸ ਵੱਲੋਂ ਉਪਰੋਕਤ ਸਰਚ ਅਭਿਆਨ ਦੌਰਾਨ ਇੱਕ ਘਰੋਂ 39,960/- ਰੁਪਏ ਤੇ ਇੱਕ ਘਰ 5 ਲਾਇਟਰ ਬ੍ਰਾਮਦ ਕੀਤੇ ਹਨ, ਜਿਨ੍ਹਾਂ ਸਬੰਧੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਡੀ ਐੱਸ ਪੀ ਦਾਖਾ ਜਸਵਿੰਦਰ ਸਿੰਘ ਦੀ ਅਗਵਾਈ ਵਿੱਚ ਸਬ-ਡਵੀਜ਼ਨ ਦੀ ਪੁਲਸ ਰਾਹੀਂ ਥਾਣਾ ਦਾਖਾ ਦੇ ਏਰੀਏ ਪਿੰਡ ਮੰਡਿਆਣੀ, ਪੰਡੋਰੀ ਤੇ ਮੁੱਲਾਂਪੁਰ ਸਿਟੀ ਮੁਹੱਲੇ ਇੰਦਰਾ ਕਲੋਨੀ, ਮੁਹੱਲਾ ਪ੍ਰੇਮ ਨਗਰ ਵਿੱਚ ਸਰਚ ਅਪ੍ਰੇਸ਼ਨ ਦੌਰਾਨ ਨਸ਼ਾ ਵੇਚਣ ਵਾਲੇ ਵਿਅਕਤੀਆਂ ਦੇ ਘਰਾਂ ਵਿੱਚ ਸਰਚ/ਤਲਾਸ਼ੀ ਮੁਹਿੰਮ ਚਲਾਈ ਗਈ। ਸਬ-ਡਵੀਜ਼ਨ, ਦਾਖਾ ਪੁਲਸ ਵੱਲੋਂ ਉਪਰੋਕਤ ਸਰਚ ਅਭਿਆਨ ਦੌਰਾਨ 2 ਵਿਅਕਤੀਆਂ ਪਾਸੋਂ 200 ਨਸ਼ੀਲੀਆਂ ਗੋਲੀਆਂ, 1 ਮੋਟਰਸਾਇਕਲ ਤੇ 2 ਮੋਬਾਇਲ ਫੋਨ ਬ੍ਰਾਮਦ ਕੀਤੇ ਗਏ, ਜਿਨ੍ਹਾਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇਸ ਤੋਂ ਇਲਾਵਾ ਸਰਚ ਦੌਰਾਨ 1 ਮੋਬਾਇਲ ਫੋਨ ਤੇ 1 ਸ਼ੱਕੀ ਮੋਟਰਸਾਈਕਲ ਨੂੰ ਪੜਤਾਲ ਲਈ ਥਾਣੇ ਲਿਆਂਦਾ ਗਿਆ ਹੈ।



# ਸਕੂਲੀ ਖੇਡਾਂ 'ਚ ਗਿਆਨ ਸਾਗਰ ਕੌਨਵੈਂਟ ਸਕੂਲ ਨੇ ਮਾਰੀਆਂ ਮੱਲਾਂ

**ਬਰੇਟਾ (ਰੀਤਵਾਲ)**-ਪਿਛਲੀ ਦਿਨੀਂ ਪੰਜਾਬ ਸਰਕਾਰ ਦੁਆਰਾ ਸਕੂਲੀ ਖੇਡਾਂ ਕਰਵਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਗਿਆਨ ਸਾਗਰ ਕੌਨਵੈਂਟ ਸਕੂਲ ਕਾਹਨਗੜ੍ਹ ਦੇ ਬੱਚਿਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਤੇ ਵਧੀਆ ਪੁਜ਼ੀਸ਼ਨਾਂ ਹਾਸਲ ਕੀਤੀਆਂ। ਇੱਥੇ ਦੱਸਣਯੋਗ ਹੈ ਕਿ ਪਹਿਲਾ ਕਲੱਸਟਰ ਜਿੱਤ ਕੇ ਜ਼ੋਨ ਵਿੱਚ, ਜ਼ੋਨ ਜਿੱਤ ਕੇ ਜ਼ਿਲ੍ਹਾ ਖੇਡਣ ਲਈ 5 ਬੱਚੇ ਸਲੈਕਟ ਕੀਤੇ ਗਏ, ਜਿਵੇਂ ਕਿ ਅਪਰਿੰਦਰ ਕੌਰ, ਨੈਨਸੀ , ਦੀਕਸ਼ਾ, ਸਹਿਜ ਸਿੰਘ, ਕਰਨਪ੍ਰੀਤ ਸਿੰਘ, ਜਿਨ੍ਹਾਂ ਜ਼ਿਲ੍ਹਾ ਪੱਧਰ ਦੀਆਂ ਖੇਡਾਂ ਵਿੱਚ ਵੀ ਵਧੀਆ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ ਵਿੱਚੋਂ ਚਾਰ ਗੋਲਡ ਮੈਡਲ ਪ੍ਰਾਪਤ ਕੀਤੇ ਅਤੇ ਬੱਚਿਆਂ ਨੂੰ ਪੰਜਾਬ ਸਟੇਟ ਪੱਧਰ ਦੀਆਂ ਖੇਡਾਂ ਲਈ ਚੁਣਿਆ ਗਿਆ।

ਪੰਜਾਬ ਸਰਕਾਰ ਦੁਆਰਾ ਕਰਵਾਈਆਂ ਸਕੂਲੀ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਮੈਡਲ ਤੇ ਸਰਟੀਫਿਕੇਟ ਦੇ ਕੇ ਸਕੂਲ ਪ੍ਰਿੰਸੀਪਲ ਭਾਰਤ ਦੀਪ ਗਰਗ ਵੱਲੋਂ ਸਨਮਾਨਤ ਕੀਤਾ ਗਿਆ। ਸਮੂਹ ਸਟਾਫ, ਸਮੁੱਚੀ ਮੈਨੇਜਮੈਂਟ ਵੱਲੋਂ ਸਾਰੇ ਬੱਚਿਆਂ ਤੇ ਇਲਾਕਾ ਨਿਵਾਸੀਆਂ ਨੂੰ ਬਹੁਤ ਬਹੁਤ ਵਧਾਈ ਦਿੱਤੀ ਗਈ।

# ਸ਼ਹੀਦ ਭਾਈ ਦਿਆਲਾ ਜੀ ਸਕੂਲ 'ਚ ਅਖੰਡ ਪਾਠ ਦੇ ਭੋਗ ਪਾਏ ਗਏ



**ਲੌਂਗੋਵਾਲ, (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਵਿਖੇ ਸ਼ਹੀਦ ਭਾਈ ਦਿਆਲਾ ਜੀ ਦੀ ਲਾਸਾਨੀ ਸ਼ਹਾਦਤ ਤੇ ਪੰਥ ਰਤਨ ਸ: ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬਰਸੀ ਨੂੰ ਸਮਰਪਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਸਮੇਂ ਸਕੂਲ ਦੇ ਬੱਚਿਆਂ ਵੱਲੋਂ2 ਸ਼ਬਦ ਕੀਰਤਨ ਤੇ ਸ਼ਹੀਦੀ ਸਾਕੇ ਨਾਲ ਸੰਬੰਧਤ ਵਾਰਾ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਦਿਹਾੜੇ ਨੂੰ ਸਮਰਪਤ ਬੱਚਿਆਂ ਦੇ ਲੰਬੇ ਕੇਸ ਤੇ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਤਕਰੀਬਨ 400 ਬੱਚਿਆਂ ਨੇ ਭਾਗ ਲਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ੍: ਮਹਿੰਦਰ ਸਿੰਘ ਦੁੱਲਟ ਚੇਅਰਮੈਨ, ਟਰੱਸਟੀ ਬੀਬੀ ਹਰਸਮਿੰਦਰ ਕੌਰ ਨੇ ਸ਼ਿਰਕਤ ਕੀਤੀ ਅਤੇ ਆਏ ਮਹਿਮਾਨਾਂ ਤੇ ਸਕੂਲ ਦੇ ਪ੍ਰਿੰਸੀਪਲ ਸ੍: ਨਰਪਿੰਦਰ ਸਿੰਘ ਢਿੱਲੋਂ ਤੇ ਵਾਇਸ ਪ੍ਰਿੰਸੀਪਲ ਸ੍ਰੀਮਤੀ ਸੀਮਾ ਠਾਕੁਰ ਨੇ ਜੇਤੂ ਵਿਦਿਆਰਥੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ।

# ਵਿਦਿਆਰਥੀਆਂ ਨੂੰ ਫਾਇਰ ਬ੍ਰਿਗੇਡ ਸੰਬੰਧੀ ਕੀਤਾ ਜਾਗਰੂਕ

### ▪ ਲੋਕ ਅੱਗ ਤੋਂ ਬਚਾਅ ਕਰਨ ਦੇ ਗੁਰ ਸਿੱਖਣ ਤੇ ਆਪਣੀ ਅਤੇ ਸਮਾਜ ਦੀ ਸੇਫਟੀ ਲਈ ਕੰਮ ਕਰਨ : ਫਾਇਰ ਅਫਸਰ

**ਨਾਭਾ (ਵਰਿੰਦਰ ਵਰਮਾ)**-ਸਰਕਾਰੀ ਹਾਈ ਸਕੂਲ ਭਾਦਸੋਂ ਦੇ ਵਿਦਿਆਰਥੀਆਂ ਨੂੰ ਨਾਭਾ ਫਾਇਰ ਅਫਸਰ ਲਵ ਕੁਸ ਦੀ ਅਗਵਾਈ ਹੇਠ ਫਾਇਰ ਬ੍ਰਿਗੇਡ ਬਾਰੇ ਵਿਸਥਾਰ ਪੂਰਵਕ ਜਾਗਰੂਕ ਕੀਤਾ ਗਿਆ। ਇਸ ਮੌਕੇ ਸਕੂਲ ਦੇ 70 ਦੇ ਕਰੀਬ ਵਿਦਿਆਰਥੀ ਤੇ ਸਟਾਫ ਹਾਜ਼ਰ ਸੀ। ਇਸ ਮੌਕੇ ਫਾਇਰ ਅਫਸਰ ਲਵ ਕੁਸ ਲੇਖ ਨੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ ਘਰ ਵਿੱਚ ਗੈਸ ਸਿਲੰਡਰ ਨੂੰ ਅੱਗ ਲੱਗ ਜਾਵੇ ਤਾਂ ਉਸ ਤੋਂ ਕਿਵੇਂ ਬਚਾਅ ਕਰਨਾ, ਜੇਕਰ ਖੇਤ ਵਿੱਚ ਅੱਗ ਲੱਗ ਜਾਵੇ ਤਾਂ ਫਾਇਰ ਬਗ੍ਰੇਡ ਦੀ ਗੱਡੀ ਆਉਣ ਤੋਂ ਪਹਿਲਾਂ ਕਿਵੇਂ ਬਚਾਅ ਕੀਤਾ ਜਾਵੇ। ਉਨ੍ਹਾ ਦੱਸਿਆ ਕਿ ਜਦੋਂ ਵੀ ਕਿਸੇ ਸਮੇਂ ਕਿਤੇ ਅੱਗ ਲੱਗਦੀ ਹੈ ਤਾਂ ਤੁਰੰਤ ਦਿੱਤੇ ਫਾਇਰ ਬਗ੍ਰੇਡ ਦੇ ਨੰਬਰ 'ਤੇ ਸੂਚਨਾ ਦਿੱਤੀ ਜਾਵੇ ਤਾਂ ਜੋ ਫਾਇਰ ਬ੍ਰਿਗੇਡ ਵੱਲੋਂ ਮੌਕੇ 'ਤੇ ਜਾ ਕੇ ਅੱਗ 'ਤੇ ਕਾਬੂ ਪਾਇਆ ਜਾ ਸਕੇ। ਉਨ੍ਹਾ ਲੋਕਾਂ ਨੂੰ ਕਿਹਾ ਕਿ ਫਸਲਾਂ ਦੇ ਰਹਿੰਦ-ਖੂੰਹਦ ਨੂੰ ਅੱਗ ਬਿਲਕੁਲ ਨਾ ਲਗਾਈ ਜਾਵੇ, ਕਿਉਂਕਿ ਅਜਿਹਾ ਕਰਨ ਨਾਲ ਵੱਡੀਆਂ ਅੱਗ ਦੀਆਂ ਘਟਨਾਵਾਂ ਵਿੱਚ ਬਹੁਤ ਜ਼ਿਆਦਾ ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ। ਉਨ੍ਹਾ ਕਿਹਾ ਕਿ ਨਾੜ ਨੂੰ ਅੱਗ ਲਗਾਉਣ ਨਾਲ ਜਿੱਥੇ ਖੇਤ ਦੀ ਉਪਜਾਊ ਸ਼ਕਤੀ ਘਟਦੀ ਹੈ, ਉਥੇ ਇਸ ਨਾਲ ਖੇਤਾਂ ਤੇ ਸੜਕਾਂ ਕਿਨਾਰੇ ਰੁੱਖ ਸੜ ਕੇ ਸੁਆਹ ਹੋ ਜਾਂਦੇ ਹਨ ਅਤੇ ਕਈ ਵਾਰ ਰਾਹਗੀਰ ਵੀ ਇਸ ਅੱਗ ਦੀ ਲਪੇਟ ਵਿੱਚ ਆ ਜਾਂਦੇ ਹਨ। ਉਨ੍ਹਾ ਕਿਹਾ ਕਿ ਅੱਗ ਬੁਝਾਉਣ ਸਮੇਂ ਲੋਕਾਂ ਨੂੰ ਫਾਇਰਮੈਨ ਦੀ ਸਲਾਹ ਅਨੁਸਾਰ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਜੋ ਨੁਕਸਾਨ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਅੱਗ ਤੋਂ ਬਚਾਅ ਕਰਨ ਦੇ ਗੁਰ ਸਿੱਖਣ ਤੇ ਆਪਣੀ ਅਤੇ ਸਮਾਜ ਦੀ ਸੇਫਟੀ ਲਈ ਕੰਮ ਕਰਨ। ਉਨ੍ਹਾ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਸੜਕਾਂ ਕਿਨਾਰੇ ਆਪਣਾ ਸਾਮਾਨ ਨਾ ਰੱਖਣ ਤਾਂ ਜੋ ਐਮਰਜੈਂਸੀ ਵਾਹਨ ਬਿਨਾਂ ਕਿਸੇ ਰੁਕਾਵਟ ਦੇ ਮੌਕੇ 'ਤੇ ਪਹੁੰਚ ਸਕਣ। ਇਸ ਮੌਕੇ ਫਾਇਰ ਅਫਸਰ ਲਵ ਕੁਸ, ਫਾਇਰਮੈਨ ਗਾਗਨਦੀਪ ਸਿੰਘ, ਲਵਪ੍ਰੀਤ ਸਿੰਘ, ਸਤਨਾਮ ਸਿੰਘ, ਜਗਵੀਰ ਸਿੰਘ ਤੇ ਮਨਦੀਪ ਸਿੰਘ ਆਦਿ ਹਾਜ਼ਰ ਸਨ।



# ਲੱਖਾ ਪਾਇਲ ਨੂੰ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਕਾਂਗਰਸ ਆਗੂਆਂ ਤੇ ਵਰਕਰਾਂ ਵੱਲੋਂ ਵਧਾਈਆਂ

**ਦੋਰਾਹਾ (ਹਰਮਿੰਦਰ ਸੇਠ)**-ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਚੇਅਰਮੈਨ ਬੰਤ ਸਿੰਘ ਦੋਬੁਰਜੀ, ਸਾਬਕਾ ਕੌਂਸਲਰ ਮਨਦੀਪ ਸਿੰਘ ਮਾਂਗਟ, ਕੌਂਸਲਰ ਰਜਿੰਦਰ ਗਹੀਰ, ਯੂਥ ਪ੍ਰਧਾਨ ਇੰਦਰਪਾਲ ਸਿੰਘ ਮਨੀ, ਯੂਥ ਆਗੂ ਲਖਵਿੰਦਰ ਸਿੰਘ ਲੱਕੀ ਨੇ ਦੋਰਾਹਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਮਿਹਨਤੀ ਤੇ ਧਰਾਤਲ ਪੱਧਰ 'ਤੇ ਕੰਮ ਕਰਨ ਵਾਲੇ ਸੁਹਿਰਦ ਆਗੂ ਹਨ। ਇਸ ਮੌਕੇ ਇਨ੍ਹਾਂ ਆਗੂਆਂ ਨੇ ਹਲਕਾ ਪਾਇਲ ਦੇ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਦੇ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਵਧਾਈ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦੇ ਜ਼ਮੀਨ ਨਾਲ ਜੁੜੇ ਆਗੂ ਲਖਵੀਰ ਸਿੰਘ ਲੱਖਾ ਦੀ ਪਿਛਲੇ 20 ਵਰ੍ਹਿਆਂ ਦੀ ਸਖਤ ਮਿਹਨਤ ਤੇ ਏਕਤਾ, ਅਖੰਡਤਾ ਵਾਲੀ ਸਿਧਾਂਤਕ ਸੋਚ ਕਾਰਨ ਜ਼ਿਲ੍ਹਾ ਕਾਂਗਰਸ ਕਮੇਟੀ ਵਿੱਚ ਮਹੱਤਵਪੂਰਨ ਅਹੁਦੇ 'ਤੇ ਨਿਯੁਕਤੀ ਕੀਤਾ ਗਿਆ ਹੈ। ਪਾਰਟੀ ਲਈ ਲੱਖਾ ਪਾਇਲ ਨੇ ਹਮੇਸ਼ਾ ਹੀ ਜਿੱਥੇ ਕੋਟਲੀ ਪਰਿਵਾਰ ਦੀ ਅਗਵਾਈ ਕਬੂਲੀ ਹੈ, ਉਥੇ ਹਰ ਸਰਗਰਮੀ ਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਸਰਕਾਰ ਖਿਲਾਫ ਹਰ ਸੰਘਰਸ਼ ਵਿੱਚ ਅੱਗੇ ਹੋ ਕੇ ਲੜਾਈ ਲੜੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਲਖਵੀਰ ਸਿੰਘ ਲੱਖਾ ਪਾਇਲ ਦੀ ਭੂਮਿਕਾ ਅਸਰਦਾਰ ਹੋਵੇਗੀ। ਕਾਂਗਰਸ ਪਾਰਟੀ ਪੂਰੀ ਹਿੰਮਤ, ਦਲੇਰੀ ਤੇ ਦ੍ਰਿੜ੍ਹਤਾ ਨਾਲ ਚੋਣ ਮੈਦਾਨ ਵਿੱਚ ਉੱਤਰੇਗੀ। ਇਨ੍ਹਾਂ ਆਗੂਆਂ ਨੇ ਲੱਖਾ ਪਾਇਲ ਵੱਲੋਂ ਹਲਕੇ ਦੇ ਹਰ ਦੁੱਖ ਸੁੱਖ ਵਿੱਚ ਭਾਈਵਾਲ ਤੇ ਵਰਕਰਾਂ ਨਾਲ ਖੜੇ ਰਹਿਣ ਦੀ ਭਾਵਨਾ ਉਨ੍ਹਾਂ ਨੂੰ ਇੱਕ ਚੰਗੇ ਆਗੂ ਵਜੋਂ ਪੇਸ਼ ਕਰਦੀ ਹੈ।



# ਗਿਆਨੀ ਸੁਜਾਨ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ

**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਗੁਰਦੁਆਰਾ ਸਾਹਿਬ ਜੋਤੀ ਸਰੂਪ ਵਿਖੇ ਬਲਜੀਤ ਕੌਰ ਦੇ ਪਤੀ ਤੇ ਮਨਦੀਪ ਸਿੰਘ ਮੁਰੀਦ ਦੇ ਪਿਤਾ ਗਿਆਨੀ ਸੁਜਾਨ ਸਿੰਘ ਦੇ ਨਮਿੱਤ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਕਾਰਜ ਸਿੰਘ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਦਮਦਮੀ ਟਕਸਾਲ ਮਹਿਤਾ ਦੇ ਭਾਈ ਸਾਹਿਬ ਸਿੰਘ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਕੀਤੀ। ਭਾਈ ਬਚਿੱਤਰ ਸਿੰਘ ਪ੍ਰਧਾਨ ਗੁਰਮਤਿ ਗ੍ਰੰਥੀ ਰਾਗੀ ਸਭਾ ਨੇ ਗਿਆਨੀ ਸੁਜਾਨ ਸਿੰਘ ਦੇ ਜੀਵਨ ਬਾਰੇ ਦੱਸਦਿਆਂ ਕਿਹਾ ਕਿ ਉਹ ਇੱਕ ਪੂਰਨ ਗੁਰਸਿੱਖ ਸਨ, ਜਿਨ੍ਹਾਂ ਨੇ ਗੁਰਮਤਿ ਪ੍ਰਚਾਰ ਪ੍ਰਸਾਰ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਤੋਂ ਸਿੱਖਿਆ ਲੈ ਕੇ ਕਈ ਕੀਰਤਨੀਏ ਮਾਣ ਪ੍ਰਾਪਤ ਕਰ ਚੁੱਕੇ ਹਨ। 70 ਤੋਂ ਵੱਧ ਨੌਜਵਾਨਾਂ ਨੂੰ ਉਨ੍ਹਾਂ ਨੇ ਗੁਰਬਾਣੀ ਦੀ ਸੰਥਿਆ ਦਿੱਤੀ ਹੈ। ਉਨ੍ਹਾਂ ਦਾ ਪੁੱਤਰ ਮਨਦੀਪ ਸਿੰਘ ਮੁਰੀਦ ਪ੍ਰਸਿੱਧ ਕਥਾ ਵਾਚਕ ਦੇ ਤੌਰ 'ਤੇ ਦੇਸ਼ ਵਿਦੇਸ਼ ਵਿੱਚ ਵਿਚਰ ਰਿਹਾ ਹੈ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਰਿਸਰਚ ਬੋਰਡ ਦੇ ਮੈਂਬਰ ਵਜੋਂ ਤੇ ਸਿੱਖ ਚੜ੍ਹਦੀ ਕਲਾ ਕੇਂਦਰ ਅਮਰੀਕਾ ਵੱਲੋਂ ਬਤੌਰ ਪੰਜਾਬ ਦੇ ਡਾਇਰੈਕਟਰ ਸੇਵਾ ਕਰ ਰਿਹਾ ਹੈ। ਗਿਆਨੀ ਜੀ ਦੇ ਅਕਾਲ ਚਲਾਣੇ 'ਤੇ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਤੇ ਗਿਆਨੀ ਹਰਨਾਮ ਸਿੰਘ ਮੁਖੀ ਦਮਦਮੀ ਟਕਸਾਲ ਨੇ ਟੈਲੀਫੋਨ ਰਾਹੀਂ ਪਰਿਵਾਰ ਨਾਲ ਸ਼ੋਕ ਪ੍ਰਗਟ ਕੀਤਾ, ਜਦੋਂਕਿ ਪ੍ਰਸਿੱਧ ਕਥਾ ਵਾਚਕ ਗਿਆਨੀ ਬੰਤਾ ਸਿੰਘ ਮੁੰਡਾ ਨੇ ਘਰ ਆ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦੇ ਤੇ ਰਿਸ਼ਤੇਦਾਰ ਹਾਜ਼ਰ ਸਨ। ਮਨਦੀਪ ਸਿੰਘ ਮੁਰੀਦ ਨੇ ਪਰਿਵਾਰ ਵੱਲੋਂ ਸਭ ਦਾ ਧੰਨਵਾਦ ਕੀਤਾ।



# ਵੱਖ-ਵੱਖ ਸਕੂਲਾਂ 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ













**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਡੀ ਏ ਵੀ ਸਕੂਲ ਪਾਤੜਾਂ ਵਿੱਚ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਪੁਰਬ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ। ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਮੀਨਾ ਥਾਪਰ ਨੇ ਦੱਸਿਆ ਕਿ ਸਕੂਲ ਦੇ ਮਹਾਤਮਾ ਹੰਸਰਾਜ ਹਾਊਸ ਦੀ ਦੇਖ-ਰੇਖ ਵਿੱਚ ਇੱਕ ਧਾਰਮਿਕ ਸਮਾਗਮ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਨੂੰ ਸਮਰਪਤ ਸ਼ਬਦ ਗਾਇਨ ਤੋਂ ਕੀਤੀ ਗਈ। ਉਪਰੰਤ ਸਕੂਲ ਦੇ ਅਧਿਆਪਕ ਕਰਨੈਲ ਸਿੰਘ ਤੇ ਮਨਪ੍ਰੀਤ ਕੌਰ ਨੇ ਗੁਰੂ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੇ ਬਲਿਦਾਨ ਸਬੰਧੀ ਵਿਸ਼ੇਸ਼ ਰੂਪ ਵਿੱਚ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਬਾਅਦ ਬਾਰਵੀਂ ਜਮਾਤ ਦੀ ਵਿਦਿਆਰਥਣ ਜੈਸਮੀਨ ਨੇ ਗੁਰੂ ਸਾਹਿਬ ਤੇ ਉਨ੍ਹਾਂ ਦੇ ਪੂਰੇ ਪਰਿਵਾਰ ਦੀਆਂ ਕੁਰਬਾਨੀਆਂ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਬਾਅਦ ਦਸਵੀਂ ਤੇ ਗਿਆਰਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਸ਼ਬਦ ਕੀਰਤਨ ਪੇਸ਼ ਕੀਤਾ। ਸਮਾਗਮ ਦੇ ਅੰਤ ਵਿੱਚ ਪ੍ਰਿੰਸੀਪਲ ਮੀਨਾ ਥਾਪਰ ਨੇ ਆਪਣੇ ਭਾਸ਼ਣ ਰਾਹੀਂ ਸਭ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੇ ਦੱਸੇ ਮਾਰਗ ਉੱਪਰ ਚੱਲਣ ਦੀ ਪ੍ਰੇਰਨਾ ਦਿੱਤੀ।

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਡੀ ਏ ਵੀ ਪਬਲਿਕ ਸਕੂਲ ਕਕਰਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਸ਼ਰਧਾ ਭਾਵ ਨਾਲ ਮਨਾਇਆ ਗਿਆ। ਪ੍ਰਿੰਸੀਪਲ ਮਨੋਜ ਕੁਮਾਰ ਸ਼ਰਮਾ ਦੇ ਨਿਰਦੇਸ਼ਾਂ ਅਨੁਸਾਰ ਸਕੂਲ ਦੇ ਮਹਾਤਮਾ ਹੰਸ ਰਾਜ ਹਾਊਸ ਦੇ ਇੰਚਾਰਜ ਸ਼੍ਰੀਮਤੀ ਕਿਰਨ ਰਾਣੀ ਨੇ ਸਮੂਹ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸਿੱਖ ਧਰਮ ਦੇ ਨੌਂਵੇਂ ਗੁਰੂ ਸ੍ਰੀ ਤੇਗ ਬਹਾਦਰ ਜੀ ਦੇ ਪਾਵਨ ਸ਼ਹੀਦੀ ਦਿਵਸ ਮੌਕੇ ਸ਼ਬਦ ਕੀਰਤਨ ਕੀਤਾ ਗਿਆ। ਸਵੇਰ ਦੀ ਸਭਾ ਦੌਰਾਨ ਸਮੂਹ ਅਧਿਆਪਕ ਤੇ ਵਿਦਿਆਰਥੀ ਸ਼ਰਧਾ ਨਾਲ ਨਤਮਸਤਕ ਹੋਏ। ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰੂ ਸਾਹਿਬ ਜੀ ਦੀ ਜੀਵਨੀ ਤੇ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਬਾਰੇ ਸਭਨਾਂ ਨੂੰ ਜਾਣੂ ਕਰਵਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮਨੋਜ ਕੁਮਾਰ ਸ਼ਰਮਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਨਮਨ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਜੀਵਨੀ ਬਾਰੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੇ ਦਿਖਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਦਾ ਆਦਰਸ਼ ਬਣਾਉਣਾ ਚਾਹੀਦਾ ਹੈ।

**ਜਗਰਾਉਂ, (ਅਮਿਤ ਖੰਨਾ)**-ਜੀ. ਐੱਚ. ਜੀ. ਅਕੈਡਮੀ ਜਗਰਾਓਂ ਵਿਖੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਜਿਸ ਵਿੱਚ ਗਿਆਰਵੀਂ ਜਮਾਤ ਦੀ ਵਿਦਿਆਰਥਣ ਹਰਵਿੰਦਰ ਕੌਰ ਨੇ ਭਾਸ਼ਣ ਰਾਹੀਂ ਗੁਰੂ ਤੇਗ ਬਹਾਦਰ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਇਸ ਮੌਕੇ ਗਿਆਰਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਗੁਰੂ ਤੇਗ ਬਹਾਦਰ ਸਿਮਰੀਏ ਸ਼ਬਦ ਗਾਇਨ ਕੀਤਾ। ਇਸ ਉਪਰੰਤ 9ਵੀਂ ਜਮਾਤ ਦੀਆਂ ਵਿਦਿਆਰਥਣਾਂ ਦੁਆਰਾ ਹਰ ਕੋ ਨਾਮ ਸੁਖਦਾਈ ਸ਼ਬਦ ਗਾਇਨ ਕੀਤਾ ਗਿਆ। ਇਸ ਮੌਕੇ ਗਿਆਰਵੀਂ ਜਮਾਤ ਦੀਆਂ ਵਿਦਿਆਰਥਣਾਂ ਦੁਆਰਾ ਗੁਰੂ ਤੇਗ ਬਹਾਦਰ ਬਣ ਗਈ ਹਿੰਦ ਦੀ... ਕਵੀਸ਼ਰੀ ਗਾਇਨ ਕੀਤੀ ਗਈ। ਅਖੀਰ ਵਿੱਚ ਜੀ. ਐੱਚ. ਜੀ. ਅਕੈਡਮੀ ਜਗਰਾਓਂ ਦੇ ਪ੍ਰਿੰਸੀਪਲ ਸ੍ਰੀਮਤੀ ਰਮਨਜੋਤ ਕੌਰ ਗਰੇਵਾਲ ਨੇ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਇਤਿਹਾਸ ਪੜ੍ਹਨ ਤੇ ਗੁਰੂਆਂ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਉਪਦੇਸ਼ ਦਿੱਤਾ।

**ਧਰਮਕੋਟ (ਗੁਰਦੀਪ ਸਿੰਘ ਭੁੱਲਰ)** : ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਬੱਚਿਆਂ ਵੱਲੋਂ ਸ਼ਬਦ, ਕਵਿਤਾਵਾਂ ਗਾਇਨ ਕੀਤੀਆਂ ਗਈਆਂ। ਅਧਿਆਪਕਾਂ ਵੱਲੋਂ ਬੱਚਿਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਸ਼ਹਾਦਤ ਬਾਰੇ ਜਾਣਕਾਰੀ ਦਿੱਤੀ ਗਈ ਤੇ ਬੱਚਿਆਂ ਤੋਂ ਕੁਵਿੱਜ਼ ਕੰਪੀਟੀਸ਼ਨ ਵਿੱਚ ਗੁਰੂ ਜੀ ਦੇ ਜੀਵਨ ਤੇ ਸ਼ਹਾਦਤ ਸਬੰਧੀ ਪ੍ਰਸ਼ਨ ਪੁੱਛੇ ਗਏ। ਇਸ ਮੌਕੇ ਪ੍ਰਿੰਸੀਪਲ ਮੈਡਮ ਰਾਜਵਿੰਦਰ ਕੌਰ ਨੇ ਬੱਚਿਆਂ ਨੂੰ ਗੁਰੂ ਸਾਹਿਬਾਨਾਂ ਦੇ ਸਿਧਾਂਤਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਕੁਵਿੱਜ਼ ਕੰਪੀਟੀਸ਼ਨ ਵਿੱਚ ਪਹਿਲੇ, ਦੂਸਰੇ, ਤੀਸਰੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਮੈਡਮ ਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਸਨਮਾਨਤ ਕੀਤਾ ਗਿਆ।

ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਸਮੂਹ ਸਟਾਫ ਦੇ ਮੈਂਬਰ ਸ਼ਾਮਲ ਸਨ।

28-NOV-PAGE-1.qxd 11/27/2022 8:56 PM Page 1

ਸੋਮਵਾਰ, 28 ਨਵੰਬਰ, 2022
13 ਮੱਘਰ { ਨਾਨਕਸ਼ਾਹੀ 554 / ਬਿਕਰਮੀ 2079 }
ਜਿਲਦ/VOL. : 71
ਅੰਕ/NO. : 178

# ਨਵਾਂ ਜ਼ਮਾਨਾ

DAILY NAWAN ZAMANA • MONDAY, 28 NOVEMBER, 2022

ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in

## ਕਸ਼ਮੀਰ ਦਾ ਤਾਪਮਾਨ ਸਿਫਰ ਤੋਂ ਥੱਲੇ



**ਸ੍ਰੀਨਗਰ** : ਪੂਰੇ ਕਸ਼ਮੀਰ ’ਚ ਘੱਟੋ-ਘੱਟ ਤਾਪਮਾਨ ਸਿਫਰ ਤੋਂ ਹੇਠਾਂ ਚਲਾ ਗਿਆ ਹੈ। ਸ਼ਨੀਵਾਰ ਰਾਤ ਸ੍ਰੀਨਗਰ ਦਾ ਘੱਟੋ-ਘੱਟ ਤਾਪਮਾਨ ਮਨਫੀ 2.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਇਸ ਸੀਜ਼ਨ ਦਾ ਹੁਣ ਤੱਕ ਦਾ ਸਭ ਤੋਂ ਘੱਟ ਤਾਪਮਾਨ ਸੀ। ਪਹਿਲਗਾਮ ਮਨਫੀ 3.4 ਡਿਗਰੀ ਸੈਲਸੀਅਸ ਨਾਲ ਘਾਟੀ ’ਚ ਸਭ ਤੋਂ ਠੰਢਾ ਰਿਹਾ। ਗੁਲਮਰਗ ਦੇ ਮਸ਼ਹੂਰ ਸਕੀ-ਰਿਜ਼ਾਰਟ ਦਾ ਤਾਪਮਾਨ ਮਨਫੀ 1.0 ਡਿਗਰੀ ਸੈਲਸੀਅਸ ਨੋਟ ਕੀਤਾ ਗਿਆ।

## ਦੂਜਾ ਮੈਚ ਧੋਤਾ ਗਿਆ

**ਹੈਮਿਲਟਨ** : ਭਾਰਤ ਅਤੇ ਨਿਊ ਜ਼ੀਲੈਂਡ ਵਿਚਾਲੇ ਦੂਜਾ ਇਕ ਦਿਨਾ ਮੈਚ ਮੀਂਹ ਕਾਰਨ ਰੱਦ ਹੋ ਗਿਆ। ਪਹਿਲਾ ਨਿਊ ਜ਼ੀਲੈਂਡ ਨੇ ਜਿੱਤਿਆ ਸੀ। ਮੀਂਹ ਕਾਰਨ ਕਰੀਬ ਚਾਰ ਘੰਟੇ ਦੀ ਦੇਰੀ ਹੋਣ ਕਾਰਨ ਮੈਚ 29 ਓਵਰਾਂ ਦਾ ਕਰ ਦਿੱਤਾ ਗਿਆ ਸੀ। ਭਾਰਤ ਨੇ ਜਦੋਂ 12.5 ਓਵਰਾਂ ’ਚ ਇਕ ਵਿਕਟ ’ਤੇ 89 ਦੌੜਾਂ ਬਣਾਈਆਂ ਤਾਂ ਮੀਂਹ ਆ ਗਿਆ ਤੇ ਫਿਰ ਖੇਡ ਨਹੀਂ ਹੋ ਸਕੀ।

## ਹਰਿਆਣਵੀ ਵਿਦਿਆਰਥੀ ਦੀ ਟੋਰਾਂਟੋ ਹਾਦਸੇ ’ਚ ਮੌਤ

**ਟੋਰਾਂਟੋ** : ਇਥੇ ਸੜਕ ਪਾਰ ਕਰਦੇ ਸਮੇਂ ਪਿਕਅੱਪ ਟਰੱਕ ਦੀ ਟੱਕਰ ਨਾਲ ਕਰਨਾਲ ਦੇ 20 ਸਾਲਾ ਵਿਦਿਆਰਥੀ ਕਾਰਤਿਕ ਸੈਨੀ ਦੀ ਮੌਤ ਹੋ ਗਈ। ਅਗਸਤ 2021 ’ਚ ਕੈਨੇਡਾ ਆਇਆ ਸੈਨੀ ਸੈਰੀਡਨ ਕਾਲਜ ’ਚ ਪੜ੍ਹਦਾ ਸੀ।

## ਸੋਨੇ-ਚਾਂਦੀ ਦੀ ਦਰਾਮਦ ਘਟੀ

**ਨਵੀਂ ਦਿੱਲੀ** : ਚਾਲੂ ਵਿੱਤੀ ਸਾਲ ਦੇ ਪਹਿਲੇ ਸੱਤ ਮਹੀਨਿਆਂ (ਅਪਰੈਲ-ਅਕਤੂਬਰ) ਦੌਰਾਨ ਸੋਨੇ ਦੀ ਦਰਾਮਦ 17.38 ਫੀਸਦੀ ਘਟ ਕੇ 24 ਅਰਬ ਡਾਲਰ ਰਹਿ ਗਈ। ਪਿਛਲੇ ਵਿੱਤੀ ਸਾਲ ਦੀ ਇਸੇ ਮਿਆਦ ’ਚ 29 ਅਰਬ ਡਾਲਰ ਸੀ। ਅਕਤੂਬਰ ’ਚ ਸੋਨੇ ਦੀ ਦਰਾਮਦ ਪਿਛਲੇ ਸਾਲ ਦੇ ਇਸੇ ਮਹੀਨੇ ਦੇ ਮੁਕਾਬਲੇ 27.47 ਫੀਸਦੀ ਘਟ ਕੇ 3.7 ਅਰਬ ਡਾਲਰ ਰਹਿ ਗਈ। ਇਸੇ ਤਰ੍ਹਾਂ ਅਕਤੂਬਰ ’ਚ ਚਾਂਦੀ ਦੀ ਦਰਾਮਦ ਵੀ 34.80 ਫੀਸਦੀ ਘਟ ਕੇ 58.5 ਕਰੋੜ ਡਾਲਰ ਰਹਿ ਗਈ।

## ਜੈਨ ਦੀ ਇਕ ਹੋਰ ਫੁਟੇਜ਼

**ਨਵੀਂ ਦਿੱਲੀ** : ਇਥੋਂ ਦੀ ਤਿਹਾੜ ਜੇਲ੍ਹ ’ਚ ਬੰਦ ਦਿੱਲੀ ਦੇ ਮੰਤਰੀ ਸਤੇਂਦਰ ਜੈਨ ਦੀ ਇਕ ਹੋਰ ਕਥਿਤ ਸੀ ਸੀ ਟੀ ਵੀ ਫੁਟੇਜ ਸਾਹਮਣੇ ਆਈ ਹੈ, ਜਿਸ ਵਿਚ ਆਮ ਆਦਮੀ ਪਾਰਟੀ ਦੇ ਨੇਤਾ ਦੇ ਜੇਲ੍ਹ ਸੈੱਲ ਨੂੰ ਨੌਜਵਾਨ ਸਾਫ ਕਰਦਾ ਤੇ ਮੰਜਾ ਵਿਛਾਉਂਦਾ ਨਜ਼ਰ ਆ ਰਿਹਾ ਹੈ। ਸੂਤਰਾਂ ਅਨੁਸਾਰ ਐਤਵਾਰ ਸਵੇਰੇ ਸਾਹਮਣੇ ਆਈ ਕਥਿਤ ਫੁਟੇਜ 13 ਸਤੰਬਰ, 15 ਅਤੇ 1 ਅਕਤੂਬਰ ਦੀ ਹੈ।

## 48.70 ਕਰੋੜ ਵਟਸਐਪ ਨੰਬਰ ਚੋਰੀ

**ਸਾਂ ਫਰਾਂਸਿਸਕੋ** : 48.70 ਕਰੋੜ ਯੂਜਰਜ਼ ਦੇ ਵਟਸਐਪ ਫੋਨ ਨੰਬਰ ਚੋਰੀ ਕਰ ਲਏ ਗਏ ਹਨ ਅਤੇ ਮਸ਼ਹੂਰ ਹੈਕਿੰਗ ਕਮਿਊਨਿਟੀ ਫੋਰਮ ’ਤੇ ਵਿਕਰੀ ਲਈ ਰੱਖੇ ਗਏ ਹਨ। ਸਾਈਬਰ ਨਿਊਜ਼ ਅਨੁਸਾਰ ਡਾਟਾਸੈੱਟ ’ਚ ਕਥਿਤ ਤੌਰ ’ਤੇ 84 ਦੇਸ਼ਾਂ ਦੇ ਵਟਸਐਪ ਯੂਜਰਜ਼ ਡਾਟਾ ਅਤੇ ਅਮਰੀਕਾ ਦੇ 3.2 ਕਰੋੜ ਤੋਂ ਵੱਧ ਯੂਜਰਜ਼ ਦੇ ਫੋਨ ਨੰਬਰ, ਬਰਤਾਨੀਆ ਦੇ 1.1 ਕਰੋੜ ਅਤੇ ਰੂਸ ਦੇ 1 ਕਰੋੜ ਫੋਨ ਨੰਬਰ ਸ਼ਾਮਲ ਹਨ। ਹੈਕਰ ਦਾ ਦਾਅਵਾ ਹੈ ਕਿ ਉਨ੍ਹਾਂ ਕੋਲ ਮਿਸਰ (4.5 ਕਰੋੜ), ਇਟਲੀ (3.5 ਕਰੋੜ), ਸਾਊਦੀ ਅਰਬ (2.9 ਕਰੋੜ), ਫਰਾਂਸ (2 ਕਰੋੜ) ਅਤੇ ਤੁਰਕੀ (2 ਕਰੋੜ) ਦੇ ਨਾਗਰਿਕਾਂ ਨਾਲ ਸੰਬੰਧਤ ਬਹੁਤ ਸਾਰੇ ਫੋਨ ਨੰਬਰ ਹਨ।

## ਜੀ-20 ਦੀ ਪ੍ਰਧਾਨਗੀ ਭਾਰਤ ਲਈ ਵਧੀਆ ਮੌਕਾ : ਮੋਦੀ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਕਿਹਾ ਕਿ ਜੀ-20 ਦੀ ਪ੍ਰਧਾਨਗੀ ਭਾਰਤ ਲਈ ਵਧੀਆ ਮੌਕਾ ਹੈ ਅਤੇ ਦੇਸ਼ ਨੂੰ ‘ਵਿਸ਼ਵ ਭਲਾਈ’ ’ਤੇ ਧਿਆਨ ਕੇਂਦਰਤ ਕਰਨ ਲਈ ਇਸ ਦਾ ਪੂਰਾ ਫਾਇਦਾ ਉਠਾਉਣਾ ਹੋਵੇਗਾ। ਆਲ ਇੰਡੀਆ ਰੇਡੀਓ ਦੇ ਮਾਸਕ ਰੇਡੀਓ ਪ੍ਰੋਗਰਾਮ ‘ਮਨ ਕੀ ਬਾਤ’ ਦੀ 95ਵੀਂ ਲੜੀ ’ਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਜੀ-20 ਕੋਲ ਵਿਸ਼ਵ ਦੀ ਦੋ-ਤਿਹਾਈ ਆਬਾਦੀ, ਵਿਸ਼ਵ ਵਪਾਰ ਦਾ ਤਿੰਨ-ਚੌਥਾਈ ਹਿੱਸਾ ਅਤੇ ਵਿਸ਼ਵ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਦਾ 85 ਫੀਸਦੀ ਹਿੱਸਾ ਹੈ ਅਤੇ ਭਾਰਤ 1 ਦਸੰਬਰ ਤੋਂ ਅਜਿਹੇ ਵੱਡੇ ਅਤੇ ਸ਼ਕਤੀਸਾਲੀ ਸਮੂਹ ਦੀ ਪ੍ਰਧਾਨਗੀ ਕਰ ਰਿਹਾ ਹੈ।

## ਯਾਤਰਾ ਇੰਦੌਰ ਅੱਪੜੀ



**ਇੰਦੌਰ** : ਰਾਹੁਲ ਗਾਂਧੀ ਦੀ ਅਗਵਾਈ ਵਿਚ ‘ਭਾਰਤ ਜੋੜੋ ਯਾਤਰਾ’ ਐਤਵਾਰ ਇਥੇ ਪਹੁੰਚੀ। ਇਸ ਦੌਰਾਨ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਦੇ ਨਾਲ-ਨਾਲ ਦਿਵਿਆਂਗ ਮਨੋਹਰ ਵੀ ਯਾਤਰਾ ’ਚ ਸ਼ਾਮਲ ਹੋਇਆ। ਰਾਹੁਲ ਨੇ ਕੁਝ ਸਮੇਂ ਲਈ ਉਸ ਦੀ ਵ੍ਹੀਲਚੇਅਰ ਨੂੰ ਚਲਾਇਆ। ਮਨੋਹਰ ਨੇ ਦੱਸਿਆ ਕਿ ਉਸ ਨੇ ਰਾਹੁਲ ਨੂੰ ਕਿਹਾ ਕਿ ਹੁਣ ਦੇਸ਼ ਨੂੰ ਬਦਲਣਾ ਚਾਹੀਦਾ ਹੈ।

# ਲਾਕਡਾਊਨ ਖਿਲਾਫ ਚੀਨ ’ਚ ਰੋਹ

**ਬੀਜਿੰਗ** : ਚੀਨ ਦੇ ਪੱਛਮੀ ਸ਼ਿਨਜਿਆਂਗ ਖੇਤਰ ’ਚ ਲੱਗੀ ਭਿਆਨਕ ਅੱਗ ਕਾਰਨ ਲੋਕਾਂ ਦਾ ਗੁੱਸਾ ਭੜਕ ਗਿਆ ਤੇ ਉਨ੍ਹਾਂ ਨੇ ਸਨਿੱਚਰਵਾਰ ਰਾਤ ਕੋਵਿਡ-19 ਪਾਬੰਦੀਆਂ ਖਿਲਾਫ ਕਈ ਸ਼ਹਿਰਾਂ ’ਚ ਪ੍ਰਦਰਸ਼ਨ ਕੀਤਾ। ਪੁਲਸ ਨੇ ਅੱਧੀ ਰਾਤ ਨੂੰ ਮੱਧ ਉਰਮਕੀ ਰੋਡ ’ਤੇ 300 ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਮਿਰਚ ਸਪਰੇਅ ਦੀ ਵਰਤੋਂ ਕੀਤੀ।

ਸ਼ਿਨਜਿਆਂਗ ਦੀ ਰਾਜਧਾਨੀ ਉਰਮਕੀ ਦੇ ਅਪਾਰਟਮੈਂਟ ’ਚ ਅੱਗ ਕਾਰਨ 10 ਵਿਅਕਤੀਆਂ ਦੀ ਮੌਤ ਤੋਂ ਬਾਅਦ ਗੁੱਸੇ ’ਚ ਲੋਕ ਸੜਕਾਂ ’ਤੇ ਉਤਰ ਆਏ। ਉਰਮਕੀ ਸ਼ਹਿਰ ’ਚ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤੋਂ ਚੱਲ ਰਹੇ ਲਾਕਡਾਊਨ ਵਿਰੁੱਧ ਦੇਰ ਰਾਤ ਲੋਕਾਂ ਦੇ ਪ੍ਰਦਰਸ਼ਨਾਂ ਤੋਂ ਬਾਅਦ ਅਧਿਕਾਰੀਆਂ ਨੂੰ ਪਾਬੰਦੀਆਂ ਹਟਾਉਣ ਲਈ ਮਜਬੂਰ ਕੀਤਾ ਗਿਆ। ਕਈਆਂ ਦਾ ਦੋਸ਼ ਹੈ ਕਿ ਕੋਰੋਨਾ ਵਾਇਰਸ ਨਾਲ ਸੰਬੰਧਤ ਪਾਬੰਦੀਆਂ ਕਾਰਨ ਲਗਾਈਆਂ ਗਈਆਂ ਰੁਕਾਵਟਾਂ ਕਾਰਨ ਅੱਗ ਬੁਝਾਉਣ ਲਈ ਦਸਤੇ ਸਮੇਂ ਸਿਰ ਨਹੀਂ ਪੁੱਜੇ।




## ਸਬ-ਡਵੀਜ਼ਨਲ, ਤਹਿਸੀਲ ਤੇ ਸਬ-ਤਹਿਸੀਲ ਕੰਪਲੈਕਸਾਂ ਦੇ ਨਿਰਮਾਣ ਨੂੰ ਹਰੀ ਝੰਡੀ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਸੂਬਾ ਭਰ ਵਿੱਚ ਸਬ-ਡਵੀਜ਼ਨਲ, ਤਹਿਸੀਲ ਅਤੇ ਸਬ-ਤਹਿਸੀਲ ਕੰਪਲੈਕਸਾਂ ਲਈ 80 ਕਰੋੜ ਰੁਪਏ ਦੀ ਲਾਗਤ ਨਾਲ 17 ਅਤਿ-ਆਧੁਨਿਕ ਇਮਾਰਤਾਂ ਦੀ ਉਸਾਰੀ ਕਰਨ ਦੀ ਪ੍ਰਵਾਨਗੀ ਦਿੱਤੀ। ਇਸ ਸੰਬੰਧ ਵਿੱਚ ਪ੍ਰਵਾਨਗੀ ਦੇਣ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹਜ਼ਾਰਾਂ ਲੋਕ ਆਪਣੇ ਰੋਜ਼ਾਨਾ ਦੇ ਪ੍ਰਸ਼ਾਸਨਿਕ ਕੰਮਾਂ ਲਈ ਉਪ ਮੰਡਲ, ਤਹਿਸੀਲ ਅਤੇ ਸਬ-ਤਹਿਸੀਲ ਪੱਧਰ ਦੇ ਦਫਤਰਾਂ ਵਿੱਚ ਜਾਂਦੇ ਹਨ। ਇਹ ਫੈਸਲਾ ਇਸ ਲਈ ਲਿਆ ਗਿਆ ਤਾਂ ਕਿ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਭਗਵੰਤ ਮਾਨ ਨੇ ● ਬਾਕੀ ਸਫ਼ਾ 10 ’ਤੇ

## ਅਰਜਨਟੀਨਾ ਦੀਆਂ ਉਮੀਦਾਂ ਬਰਕਰਾਰ



**ਲੁਸੈਲ** : ਲਿਓਨਲ ਮੈਸੀ ਦੇ ਗੋਲ ਸਦਕਾ ਸ਼ਨੀਵਾਰ ਦੀ ਰਾਤ ਅਰਜਨਟੀਨਾ ਨੇ ਆਪਣੇ ਦੂਜੇ ਮੈਚ ’ਚ ਮੈਕਸੀਕੋ ਨੂੰ 2-0 ਨਾਲ ਹਰਾ ਕੇ ਫੀਫਾ ਵਿਸ਼ਵ ਕੱਪ ਦੇ ਨਾਕਆਊਟ ਪੜਾਅ ਲਈ ਕੁਆਲੀਫਾਈ ਕਰਨ ਦੀਆਂ ਆਪਣੀਆਂ ਉਮੀਦਾਂ ਨੂੰ ਬਰਕਰਾਰ ਰੱਖਿਆ। ਮੈਸੀ ਨੇ 64ਵੇਂ ਮਿੰਟ ’ਚ ਏਂਜਲ ਡੀ ਮਾਰੀਆ ਦੇ ਪਾਸ ’ਤੇ 25 ਗਜ਼ ਤੋਂ ਗੋਲ ਕੀਤਾ। ਦੂਜਾ ਗੋਲ ਬਦਲਵੇਂ ਖਿਡਾਰੀ ਐਂਜੋ ਫਰਨਾਂਡੀਜ਼ ਨੇ 87ਵੇਂ ਮਿੰਟ ’ਚ ਕੀਤਾ। ਅਰਜਨਟੀਨਾ ਨੂੰ ਪਹਿਲੇ ਮੈਚ ’ਚ ਸਾਊਦੀ ਅਰਬ ਤੋਂ 1 ਦੇ ਮੁਕਾਬਲੇ 2 ਗੋਲਾਂ ਦੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਪਹਿਲੇ ਮੈਚ ’ਚ ਸਪੇਨ ਤੋਂ 7-0 ਗੋਲਾਂ ਨਾਲ ਹਾਰਨ ਵਾਲੀ ਟੀਮ ਕੋਸਟਾਰਿਕਾ ਨੇ ਜਰਮਨੀ ਨੂੰ ਹਰਾਉਣ ਵਾਲੀ ਟੀਮ ਜਪਾਨ ਨੂੰ 1-0 ਨਾਲ ਹਰਾ ਦਿੱਤਾ। ਮੈਚ ਦਾ ਇੱਕੋ-ਇੱਕ ਗੋਲ ਕੋਸਟਾਰਿਕਾ ਦੇ ਕੀਸ਼ਰ ਫੁਲਰ ਨੇ 81ਵੇਂ ਮਿੰਟ ’ਚ ਕੀਤਾ। ਗਰੁੱਪ ਈ ’ਚ ਸਪੇਨ, ਜਪਾਨ ਅਤੇ ਕੋਸਟਾਰਿਕਾ ਕੋਲ 3 ਪੁਆਇੰਟ ਹੋ ਗਏ ਹਨ। ਉਥੇ ਹੀ ਜਰਮਨੀ 0 ਪੁਆਇੰਟ ਨਾਲ ਆਖਰੀ ਸਥਾਨ ’ਤੇ ਹੈ।

# ਗੁਰਪ੍ਰੀਤ ਸਿੰਘ ਗੰਡੀਵਿੰਡ ਪ੍ਰਧਾਨ ਤੇ ਸੁਰਿੰਦਰਪਾਲ ਲਾਹੌਰੀਆ ਜਨਰਲ ਸਕੱਤਰ ਚੁਣੇ

### *ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦਾ ਦੋ ਦਿਨਾ 15ਵਾਂ ਡੈਲੀਗੇਟ ਅਜਲਾਸ ਸੰਪੰਨ*

**ਲੁਧਿਆਣਾ** : ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦਾ 15ਵਾਂ ਡੈਲੀਗੇਟ ਅਜਲਾਸ ਇੱਥੇ ਸੂਬਾ ਪ੍ਰਧਾਨ ਹਰਭਜਨ ਸਿੰਘ ਪਿਲਖਣੀ, ਨਰਿੰਦਰ ਕੁਮਾਰ ਬੱਲ, ਗੁਰਪ੍ਰੀਤ ਸਿੰਘ ਗੰਡੀਵਿੰਡ, ਬਲਵਿੰਦਰ ਸਿੰਘ ਉਦੀਪੁਰ ਤੇ ਗੁਰਵਿੰਦਰ ਸਿੰਘ ਦੇ ਅਧਾਰਤ ਸਾਂਝੇ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਅਤੇ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਸਦਰੂਦੀਨ ਰਾਣਾ, ਜਨਰਲ ਸਕੱਤਰ ਮੋਹਣ ਸ਼ਰਮਾ, ਡਿਪਟੀ ਜਨਰਲ ਸਕੱਤਰ ਸਮਾਇਮੂ ਉਲਾ, ਐੱਫ ਈ ਆਗੂ ਜਸਵੀਰ ਸਿੰਘ, ਅਖਿਲੇਸ਼ ਤਿਵਾੜੀ, ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ, ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਕੌਮੀ ਚੇਅਰਮੈਨ ਜਗਰੂਪ ਸਿੰਘ ਨਿਗਰਾਨ ਦੀ ਦੇਖ-ਰੇਖ ਹੇਠ ਸੰਪੰਨ ਹੋਣ ਤੋਂ ਪਹਿਲਾਂ ਸੂਬਾ ਜਨਰਲ ਸਕੱਤਰ ਨਰਿੰਦਰ ਸਿੰਘ ਸੈਣੀ ਵੱਲੋਂ ਪੇਸ਼ ਕੀਤੀ ਜਥੇਬੰਦਕ ਰਿਪੋਰਟ ਸੂਬਾ ਖਜ਼ਾਨਚੀ ਨਰਿੰਦਰ ਬੱਲ ਵੱਲੋਂ ਕੈਸ਼ ਰਿਪੋਰਟ ਅਤੇ ਬਲਜੀਤ ਕੁਮਾਰ ਵੱਲੋਂ ਮਾਸਿਕ ‘ਬਿਜਲੀ ਉਜਾਲਾ’ ਰਿਪੋਰਟ ’ਤੇ ਭਖਵੀਂ ਬਹਿਸ ਕਰਦਿਆਂ 25 ਡੈਲੀਗੇਟਾਂ ਨੇ ਕੁਝ ਵਾਧੇ ਦਰਜ ਕਰਵਾਏ, ਜਿਨ੍ਹਾਂ ਨੂੰ ਰਿਪੋਰਟ ਦਾ ਹਿੱਸਾ ਬਣਾ ਕੇ ਸਰਬਸੰਮਤੀ ਨਾਲ ਨਾਅਰਿਆਂ ਦੀ ਗੂੰਜ ਵਿੱਚ ਪਾਸ ਕੀਤਾ ਗਿਆ। ਉਪਰੰਤ ਸੂਬਾ ਜਨਰਲ ਸਕੱਤਰ ਵੱਲੋਂ ਬਿਜਲੀ ਸੋਧ ਬਿੱਲ 2022 ਖਿਲਾਫ ਸਮੇਤ ਪੇਸ਼ ਕੀਤੇ 4 ਨੰਬਰ ਮਤਿਆਂ ਨੂੰ ਬਾਹਾਂ ਖੜੀਆਂ ਕਰਕੇ ਪ੍ਰਵਾਨਗੀ ਦਿੱਤੀ ਗਈ। ਇਸ ਮੌਕੇ ਸਵਾਗਤੀ ਕਮੇਟੀ ਦੇ ਚੇਅਰਮੈਨ ਸੂਬਾ ਆਗੂ ਰਛਪਾਲ ਸਿੰਘ ਪਾਲੀ ਅਤੇ ਸਤੀਸ਼ ਕੁਮਾਰ ਦੀ ਅਗਵਾਈ ਹੇਠ ਕੌਮੀ ਅਤੇ ਸੂਬਾਈ ਆਗੂਆਂ ਨੂੰ ਕਿਰਤੀ ਜਮਾਤ ਦੀ ਬੰਦਖਲਾਸੀ ਲਈ ਦਿੱਤੀਆਂ ਸ਼ਾਨਦਾਰ ਸੇਵਾਵਾਂ ਬਦਲੇ ਯਾਦਗਾਰੀ ਤੋਹਫੇ ਦੇ ਕੇ ਸਨਮਾਨਤ ਕਰਨ ਤੋਂ ਇਲਾਵਾ ਸੁਚੱਜੇ ਅਤੇ ਸ਼ਾਨਦਾਰ ਪ੍ਰਬੰਧਾਂ ਲਈ ਭਰਵਾਂ ਸਹਿਯੋਗ ਕਰਨ ਵਾਲੇ ਲੋਕਲ ਆਗੂਆਂ ਨੂੰ ਦੁਸ਼ਾਲੇ ਦੇ ਕੇ ਸਨਮਾਨਤ ਕੀਤਾ ਗਿਆ। ਉਪਰੰਤ ਜਥੇਬੰਦੀ ਦੇ ਸੂਬਾ ਪ੍ਰਧਾਨ ਹਰਭਜਨ ਸਿੰਘ ● ਬਾਕੀ ਸਫ਼ਾ 10 ’ਤੇ




## ਪੰਜ ਜ਼ਿਲ੍ਹਿਆਂ ’ਚ ਨਵੇਂ ਡੀ ਸੀ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਐਤਵਾਰ ਵੱਡਾ ਫੇਰਬਦਲ ਕਰਦਿਆਂ 22 ਆਈ ਏ ਐੱਸ ਤੇ 10 ਪੀ ਸੀ ਐੱਸ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ। ਪੰਜ ਡੀ ਸੀ ਬਦਲੇ ਗਏ ਹਨ। ਸੇਨੂ ਦੁੱਗਲ ਨੂੰ ਫਾਜ਼ਿਲਕਾ, ਪੂਨਮਦੀਪ ਕੌਰ ਨੂੰ ਬਰਨਾਲਾ, ਕੋਮਲ ਮਿੱਤਲ ਨੂੰ ਹੁਸ਼ਿਆਰਪੁਰ, ਹਿਮਾਂਸ਼ੂ ਅਗਰਵਾਲ ਨੂੰ ਗੁਰਦਾਸਪੁਰ ਅਤੇ ਰਿਸ਼ੀ ਪਾਲ ਸਿੰਘ ਨੂੰ ਤਰਨ ਤਾਰਨ ਦਾ ਡੀ ਸੀ ਲਾਇਆ ਗਿਆ ਹੈ।

## ਗੁਜਰਾਤ ਲਈ ਵੀ ਮੇਰੀ ਭਵਿੱਖਬਾਣੀ ਸੱਚ ਨਿਕਲੇਗੀ : ਕੇਜਰੀਵਾਲ

**ਅਹਿਮਦਾਬਾਦ** : ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਐਤਵਾਰ ਲਿਖਤੀ ਤੌਰ ’ਤੇ ਦਾਅਵਾ ਕੀਤਾ ਕਿ ਵਿਧਾਨ ਸਭਾ ਚੋਣਾਂ ’ਚ ਗੁਜਰਾਤ ’ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ। ਉਨ੍ਹਾ ਅਗਲੇ ਸਾਲ 31 ਜਨਵਰੀ ਤੱਕ ਗੁਜਰਾਤ ’ਚ ਸਰਕਾਰੀ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਵਾਅਦਾ ਕਰਦਿਆਂ ‘ਆਪ’ ਦਾ ਸਮਰਥਨ ਕਰਨ ਦੀ ਵੀ ਅਪੀਲ ਕੀਤੀ। ਸੂਰਤ ’ਚ ਪ੍ਰੈੱਸ ਕਾਨਫਰੰਸ ’ਚ ਕੇਜਰੀਵਾਲ ਨੇ ਕਿਹਾ ਕਿ ਦਿੱਲੀ ਅਤੇ ਪੰਜਾਬ ਵਿਧਾਨ ਸਭਾ ਚੋਣਾਂ ਲਈ ਉਨ੍ਹਾ ਦੀਆਂ ਭਵਿੱਖਬਾਣੀਆਂ ਸੱਚ ਹੋ ਗਈਆਂ ਹਨ ਅਤੇ ਗੁਜਰਾਤ ’ਚ ਵੀ ਅਜਿਹਾ ਹੀ ਹੋਵੇਗਾ।

## ਤਿੰਨ ਪਰਵਾਸੀ ਬੱਚਿਆਂ ਦੀ ਰੇਲ ਗੱਡੀ ਹੇਠ ਆਉਣ ਨਾਲ ਮੌਤ

**ਸ੍ਰੀ ਕੀਰਤਪੁਰ ਸਾਹਿਬ** : ਐਤਵਾਰ ਸਵੇਰੇ ਇਥੇ ਰੇਲਵੇ ਸਟੇਸ਼ਨ ਨੇੜੇ ਲੋਹੰਡ ਰੇਲਵੇ ਪੁਲ ਪਿੰਡ ਕਲਿਆਣਪੁਰ ਵਿਖੇ ਸਹਾਰਨਪੁਰ ਤੋਂ ਊਨਾ (ਹਿਮਾਚਲ ਪ੍ਰਦੇਸ਼) ਜਾ ਰਹੀ ਸਵਾਰੀ ਗੱਡੀ ਦੀ ਲਪੇਟ ਵਿਚ ਆਉਣ ਕਾਰਨ ਪਰਵਾਸੀ ਮਜ਼ਦੂਰਾਂ ਦੇ ਤਿੰਨ ਬੱਚਿਆਂ ਦੀ ਮੌਤ ਹੋ ਗਈ। ਚੌਥੇ ਬੱਚੇ ਨੇ ਪੁਲ ਨਾਲ ਲਟਕ ਕੇ ਜਾਨ ਬਚਾਈ। ਇਹ ਬੱਚੇ ਮਹਿੰਦਰ (7), ਰੋਹਿਤ (11), ਵਿੱਕੀ (8) ਅਤੇ ਪਵਨ (10) ਸ੍ਰੀ ਕੀਰਤਪੁਰ ਸਾਹਿਬ ਨੇੜੇ ਝੁੱਗੀਆਂ ਵਿਚ ਰਹਿੰਦੇ ਸਨ। ਉਹ ਰੇਲਵੇ ਲਾਈਨ ਤੋਂ ਪਾਰ ਪਿੰਡ ਕਲਿਆਣਪੁਰ ਬੇਰ ਤੋੜਨ ਗਏ ਸਨ। ਵਾਪਸੀ ’ਤੇ ਪੁਲ ਨਾਲ ਰੇਲਵੇ ਲਾਈਨ ਪਾਰ ਕਰਨ ਲੱਗੇ ਤਾਂ 11.20 ਵਜੇ ਸਟੇਸ਼ਨ ਵੱਲ ਆ ਰਹੀ ਸਹਾਰਨਪੁਰ-ਊਨਾ ਰੇਲ ਗੱਡੀ ਨੰਬਰ 04501 ਦੀ ਲਪੇਟ ਵਿਚ ਆ ਗਏ। ਪਵਨ ਨੇ ਪੁਲ ਨਾਲ ਲਟਕ ਕੇ ਜਾਨ ਬਚਾਈ। ਮਹਿੰਦਰ ਦੀ ਮਾਤਾ ਅਨਸੂਈਆ ਨੇ ਦੱਸਿਆ ਕਿ ਉਸ ਦੇ ਪਤੀ ਦੀ ਮੌਤ ਹੋ ਚੁੱਕੀ ਹੈ। ਉਸ ਦੀਆਂ ਦੋ ਬੇਟੀਆਂ ਅਤੇ ਦੋ ਬੇਟਿਆਂ ਵਿਚੋਂ ਮਹਿੰਦਰ ਸਭ ਤੋਂ ਛੋਟਾ ਸੀ, ਜੋ ਕਲਿਆਣਪੁਰ ਦੇ ਪ੍ਰਾਇਮਰੀ ਸਕੂਲ ਵਿਚ ਪਹਿਲੀ ਜਮਾਤ ਵਿਚ ਪੜ੍ਹਦਾ ਸੀ।

## ਅੱਜ-ਨਾਮਾ

ਮਾਇਆ ਮੌਤਾਂ ਦਾ ਕਾਰਨ ਹੈ ਬਣੀ ਡਾਢੀ,
ਘਰ ਦੇ ਜੀਆਂ ਦੇ ਕਤਲ ਵੀ ਹੋਏ ਮੀਆਂ।
ਦਿਨ ਤਿੰਨ ਤੇ ਆਈਆਂ ਵੀ ਤਿੰਨ ਖਬਰਾਂ,
ਲੜ-ਲੜ ਪਿਤਾ ਤੇ ਪੁੱਤ ਨੇ ਮੋਏ ਮੀਆਂ।
ਦੋ ਥਾਂ ਭਾਈਆਂ ਨੇ ਦਿੱਤਾ ਹੈ ਮਾਰ ਭਾਈ,
ਦੱਬੀਆਂ ਲਾਸ਼ਾਂ ਸੀ ਪੁੱਟ ਕੇ ਟੋਏ ਮੀਆਂ।
ਇੱਕ ਥਾਂ ਭਾਈ ਸੀ ਮਾਰ’ਤਾ ਭੈਣ-ਜੀਜਾ,
ਲੁਕਿਆ ਨਹੀਂ ਫਿਰ ਪਾਪ ਲੁਕੋਏ ਮੀਆਂ।
ਘਰ-ਘਰ ਅੰਦਰ ਪੁਆੜੇ ਹਨ ਪਏ ਜਿਹੜੇ,
ਸੁਰੱਖਿਅਤ ਕਿਤੇ ਨਾ ਜਾਪਦਾ ਕੋਈ ਮੀਆਂ।
ਮਾਇਆ ਨਾਗਣੀ ਲੋਕਾਂ ਦੀ ਬਣੀ ਦੁਸ਼ਮਣ,
ਮਨੁੱਖਤਾ ਹੋਈ ਆ ਜਿਵੇਂ ਅਣਹੋਈ ਮੀਆਂ।

-ਤੀਸ ਮਾਰ ਖਾਂ

## ਡੋਬ ਕੇ ਮਾਰੇ ਚੂਹੇ ਦਾ ਪੋਸਟਮਾਰਟਮ

**ਬਰੇਲੀ** : ਯੂ ਪੀ ਦੇ ਬਦਾਯੂੰ ਜ਼ਿਲ੍ਹੇ ਦੇ ਸਦਰ ਕੋਤਵਾਲੀ ਖੇਤਰ ’ਚ ਸ਼ੁੱਕਰਵਾਰ ਡੁੱਬੇ ਚੂਹੇ ਦਾ ਪੋਸਟਮਾਰਟਮ ਬਰੇਲੀ ਦੇ ਇੰਡੀਅਨ ਵੈਟਰਨਰੀ ਰਿਸਰਚ ਇੰਸਟੀਚਿਊਟ ਦੇ ਵਿਗਿਆਨੀ ਡਾ. ਅਸ਼ੋਕ ਕੁਮਾਰ ਨੇ ਕੀਤਾ। ਮੁੱਖ ਵੈਟਰਨਰੀ ਅਫਸਰ ਡਾ. ਏ ਕੇ ਜਾਦੌਨ ਨੇ ਕਿਹਾ ਕਿ ਚੂਹਿਆਂ ਦੀ ਇਸ ਤਰ੍ਹਾਂ ਹੱਤਿਆ ਜਾਨਵਰਾਂ ਖਿਲਾਫ ਅੱਤਿਆਚਾਰ ਤਹਿਤ ਆਉਂਦੀ ਹੈ। ਥਾਣਾ ਕੋਤਵਾਲੀ ਦੇ ਇੰਚਾਰਜ ਇੰਸਪੈਕਟਰ ਹਰਪਾਲ ਸਿੰਘ ਨੇ ਦੱਸਿਆ ਕਿ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਪਸ਼ੂ ਪ੍ਰੇਮੀ ਵਿਕੇਂਦਰ ਸਰਮਾ ਨੇ ਬਦਾਯੂੰ ਦੇ ਬਿਜਲੀ ਸਬ-ਸਟੇਸ਼ਨ ਨੇੜੇ ਮਨੋਜ ਕੁਮਾਰ ਨੂੰ ਚੂਹੇ ਦੀ ਪੂਛ ਨਾਲ ਪੱਥਰ ਬੰਨ੍ਹ ਕੇ ਉਸ ਨੂੰ ਨਾਲੇ ’ਚ ਸੁੱਟਦੇ ਦੇਖਣ ਤੋਂ ਬਾਅਦ ਥਾਣੇ ’ਚ ਰਿਪੋਰਟ ਦਰਜ ਕਰਵਾਈ ਸੀ।



ਨਵਾਂ ਜ਼ਮਾਨਾ
ਸੋਮਵਾਰ, 28 ਨਵੰਬਰ 2022

# ਗੁਜਰਾਤ ਚੋਣਾਂ 'ਚ ਦੰਗੇ, ਪਾਕ ਤੇ ਦਾਊਦ ਵੀ ਦਾਖਲ

ਗੁਜਰਾਤ ਵਿਧਾਨ ਸਭਾ ਚੋਣਾਂ ਬਾਰੇ ਭਾਵੇਂ ਵੱਖ-ਵੱਖ ਸਰਵੇਖਣਾਂ ਵਿੱਚ ਭਾਜਪਾ ਦੇ ਜਿੱਤ ਜਾਣ ਦੀਆਂ ਭਵਿੱਖਬਾਣੀਆਂ ਕੀਤੀਆਂ ਗਈਆਂ ਹਨ, ਪਰ ਹਾਲਾਤ ਦੱਸਦੇ ਹਨ ਕਿ ਇਹ ਏਨਾ ਸੌਖਾ ਨਹੀਂ। ਭਾਜਪਾ ਇਨ੍ਹਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਧਮਾਕੇਦਾਰ ਹਾਜ਼ਰੀ ਤੋਂ ਬੇਹੱਦ ਡਰੀ ਹੋਈ ਹੈ। ਗੁਜਰਾਤ ਦੀਆਂ ਕੁੱਲ 182 ਵਿਧਾਨ ਸਭਾ ਸੀਟਾਂ ਵਿੱਚੋਂ 48 ਸ਼ਹਿਰੀ ਸੀਟਾਂ ਹਨ। ਇਹ ਸੀਟਾਂ ਹਮੇਸ਼ਾ ਭਾਜਪਾ ਜਿੱਤਦੀ ਰਹੀ ਹੈ, ਪਰ 2021 ਵਿੱਚ ਸੂਰਤ ਨਗਰ ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ 27 ਸੀਟਾਂ ਜਿੱਤ ਕੇ ਸਭਨਾਂ ਨੂੰ ਹੈਰਾਨ ਕਰ ਦਿੱਤਾ ਸੀ। ਇਸ ਦਾ ਮੁੱਖ ਕਾਰਨ ਹੀਰਾ ਸਨਅਤ ਵਿੱਚ ਕੰਮ ਕਰਦੇ ਕਿਰਤੀਆਂ ਦਾ ਭਾਜਪਾ ਤੋਂ ਮੋਹ ਭੰਗ ਹੋਣਾ ਸੀ। ਇਸ ਸਨਅਤ ਵਿੱਚ 30 ਲੱਖ ਤੋਂ ਵੱਧ ਕਿਰਤੀ ਕੰਮ ਕਰਦੇ ਹਨ। ਸੂਰਤ ਦੀਆਂ 5 ਵਿਧਾਨ ਸਭਾ ਸੀਟਾਂ ਉੱਤੇ ਹੀਰਾ ਮਜ਼ਦੂਰ ਹੀ ਕਿਸੇ ਉਮੀਦਵਾਰ ਦੀ ਜਿੱਤ-ਹਾਰ ਦਾ ਫੈਸਲਾ ਕਰਦੇ ਹਨ। ਸੂਰਤ ਤੋਂ ਇਲਾਵਾ ਭਾਵਨਗਰ, ਰਾਜਕੋਟ, ਅਮਰੇਲੀ ਤੇ ਜੂਨਾਗੜ੍ਹ ਜ਼ਿਲ੍ਹਿਆਂ ਵਿੱਚ ਸਥਾਪਤ ਹੀਰਾ ਕਾਰੋਬਾਰਾਂ ਵਿੱਚ ਵੀ ਹੀਰਾ ਮਜ਼ਦੂਰਾਂ ਦੀ ਤਕੜੀ ਗਿਣਤੀ ਹੈ। ਇਨ੍ਹਾਂ 30 ਲੱਖ ਮਜ਼ਦੂਰਾਂ ਦੀ ਜਥੇਬੰਦੀ ਡਾਇਮੰਡ ਵਰਕਰਜ਼ ਯੂਨੀਅਨ ਨੇ ਆਪਣੀ ਜਥੇਬੰਦੀ ਵੱਲੋਂ ਭਾਜਪਾ ਦੇ ਬਾਈਕਾਟ ਦਾ ਸੱਦਾ ਦਿੱਤਾ ਹੋਇਆ ਹੈ। ਜਥੇਬੰਦੀ ਦੇ ਪ੍ਰਧਾਨ ਰਮੇਸ਼ ਜਿਲਾਰੀਆ ਨੇ ਕਿਹਾ ਹੈ ਕਿ ਜਥੇਬੰਦੀ ਨੇ ਫੈਸਲਾ ਕੀਤਾ ਹੈ ਕਿ ਹੀਰਾ ਮਜ਼ਦੂਰ ਭਾਜਪਾ ਦੀ ਥਾਂ ਉਸ ਪਾਰਟੀ ਨੂੰ ਵੋਟ ਦੇਣ ਜਿਹੜੀ ਸਾਡੀਆਂ ਸਮੱਸਿਆਵਾਂ ਹੱਲ ਕਰਨ ਦੀ ਗਰੰਟੀ ਦਿੰਦੀ ਹੋਵੇ। ਜੇਕਰ ਆਮ ਆਦਮੀ ਪਾਰਟੀ 48 ਸ਼ਹਿਰੀ ਸੀਟਾਂ ਵਿੱਚ ਭਾਜਪਾ ਨੂੰ ਨੁਕਸਾਨ ਪੁਚਾਉਂਦੀ ਹੈ ਤਾਂ ਉਸ ਦਾ ਫਾਇਦਾ ਉਸ ਨੂੰ ਤਾਂ ਹੋਵੇਗਾ ਹੀ, ਕੁਝ ਸੀਟਾਂ ਉੱਤੇ ਕਾਂਗਰਸ ਦਾ ਵੀ ਦਾਅ ਲੱਗ ਸਕਦਾ ਹੈ। ਕਾਂਗਰਸ ਨੇ ਸ਼ੁਰੂ ਤੋਂ ਹੀ ਆਪਣਾ ਪੂਰਾ ਧਿਆਨ ਪੇਂਡੂ ਸੀਟਾਂ ਉੱਤੇ ਕੇਂਦਰਤ ਕੀਤਾ ਹੋਇਆ ਹੈ। ਉਸ ਦੇ ਆਗੂ ਵੱਡੀਆਂ ਰੈਲੀਆਂ ਦੀ ਥਾਂ ਘਰ-ਘਰ ਪਹੁੰਚਣ ਨੂੰ ਤਰਜੀਹ ਦੇ ਰਹੇ ਹਨ। ਭਾਜਪਾ ਨੇ ਵੀ ਆਪਣੀ ਰਣਨੀਤੀ ਬਦਲ ਕੇ ਪੇਂਡੂ ਖੇਤਰ ਵੱਲ ਰੁਖ ਕਰ ਲਿਆ ਹੈ। ਆਮ ਆਦਮੀ ਪਾਰਟੀ ਜੇਕਰ ਪੇਂਡੂ ਖੇਤਰ ਵਿੱਚ ਸੰਨ੍ਹ ਲਾ ਲੈਂਦੀ ਹੈ ਤਾਂ ਇਸ ਦਾ ਲਾਭ ਭਾਜਪਾ ਤੇ ਨੁਕਸਾਨ ਕਾਂਗਰਸ ਨੂੰ ਹੋ ਸਕਦਾ ਹੈ। ਗੁਜਰਾਤ ਚੋਣਾਂ ਦੀ ਕਮਾਨ ਇਸ ਸਮੇਂ ਮੋਦੀ ਨੇ ਸੰਭਾਲੀ ਹੋਈ ਹੈ। ਉਹ ਹੁਣ ਤੱਕ 17 ਰੈਲੀਆਂ ਕਰ ਚੁੱਕੇ ਹਨ ਤੇ 35 ਹੋਰ ਕੀਤੀਆਂ ਜਾਣੀਆਂ ਹਨ। ਇਨ੍ਹਾਂ ਲਈ ਆਦਿਵਾਸੀ ਖੇਤਰ ਤੇ ਸੌਰਾਸ਼ਟਰ ਇਲਾਕਿਆਂ ਨੂੰ ਚੁਣਿਆ ਗਿਆ ਹੈ। ਯਾਦ ਰਹੇ ਕਿ 2017 ਦੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਗੁਜਰਾਤ ਵਿੱਚ ਵੜੇ ਵੀ ਨਹੀਂ ਸਨ।

ਗੁਜਰਾਤ ਚੋਣਾਂ ਹਾਰਨ ਦਾ ਭਾਜਪਾ ਆਗੂਆਂ ਉੱਤੇ ਡਰ ਏਨਾ ਹਾਵੀ ਹੈ ਕਿ ਉਹ ਆਪਣੇ ਤਰਕਸ਼ ਵਿਚਲੇ ਹਰ ਤੀਰ ਦੀ ਵਰਤੋਂ ਕਰ ਰਹੇ ਹਨ। ਚੋਣਾਂ ਵਿੱਚ ਪਾਕਿਸਤਾਨ, ਮੁਸਲਮਾਨ, ਸ਼ਮਸ਼ਾਨ ਤੇ ਹਿੰਦੂਤਵ ਭਾਜਪਾ ਲਈ ਫਿਰਕੂ ਕਤਾਰਬੰਦੀ ਦੇ ਮੁੱਖ ਸੂਤਰਧਾਰ ਰਹੇ ਹਨ। ਗੁਜਰਾਤ ਚੋਣਾਂ ਵਿੱਚ ਵੀ ਉਹ ਸਭ ਦਾਅਪੇਚ ਸ਼ੁਰੂ ਹੋ ਚੁੱਕੇ ਹਨ, ਜਿਨ੍ਹਾਂ ਦੀ ਵਰਤੋਂ ਕਰਕੇ ਭਾਜਪਾ ਸੱਤਾ ਹਾਸਲ ਕਰਦੀ ਰਹੀ ਹੈ।

ਭਾਜਪਾ ਦੇ ਦੂਜੇ ਨੰਬਰ ਦੇ ਆਗੂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਖੇੜਾ ਜ਼ਿਲ੍ਹੇ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ 2002 ਵਿੱਚ ਦੰਗਾਬਾਜ਼ਾਂ ਨੂੰ ਅਜਿਹਾ ਸਬਕ ਸਿਖਾਇਆ ਕਿ ਹੁਣ ਗੁਜਰਾਤ ਵਿੱਚ ਪੂਰਾ ਅਮਨ ਹੈ। ਇਸ ਨਾਲ ਉਨ੍ਹਾ ਸਿੱਧੇ ਤੌਰ 'ਤੇ ਮੰਨ ਲਿਆ ਕਿ ਮੁਸਲਮਾਨਾਂ ਵਿਰੋਧੀ ਉਹ ਦੰਗੇ ਸਰਕਾਰ ਦੀ ਸ਼ਹਿ ਉੱਤੇ ਭਾਜਪਾ ਨੇ ਕਰਾਏ ਸਨ। ਉਨ੍ਹਾ ਦਵਾਰਕਾ ਵਿੱਚ ਇੱਕ ਹੋਰ ਚੋਣ ਰੈਲੀ ਵਿੱਚ ਕਿਹਾ ਕਿ ਇੱਥੇ ਫਰਜ਼ੀ ਮਜ਼ਾਰ ਬਣਾ ਕੇ ਜ਼ਮੀਨ ਹੜੱਪੀ ਗਈ ਸੀ, ਅਸੀਂ ਉਸ ਨੂੰ ਤੁੜਵਾ ਦਿੱਤਾ ਹੈ। ਉਨ੍ਹਾ ਕਿਹਾ ਕਿ ਸਾਨੂੰ ਵੋਟਾਂ ਦੀ ਪਰਵਾਹ ਨਹੀਂ, ਅੱਗੋਂ ਵੀ ਅਜਿਹੀਆਂ ਮਜ਼ਾਰਾਂ ਤੇ ਕਬਰਾਂ ਨੂੰ ਤੋੜਿਆ ਜਾਵੇਗਾ।

ਅਸਾਮ ਦੇ ਮੁੱਖ ਮੰਤਰੀ ਹਿੰਮਤ ਸਰਮਾ ਨੇ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਕਿਸਤਾਨ ਨੂੰ ਪਤਾ ਹੈ ਕਿ ਏਧਰ ਜੇ ਦੋ ਧਮਾਕੇ ਹੋਏ ਤਾਂ ਉਧਰ 20 ਹੋਣਗੇ। ਇਸੇ ਦੌਰਾਨ ਉੱਤਰੀ ਕਮਾਨ ਦੇ ਕਮਾਂਡਰ ਲੈਫਟੀਨੈਂਟ ਜਨਰਲ ਉਪੇਂਦਰ ਦਿਵੇਦੀ ਨੇ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ ਨੂੰ ਵਾਪਸ ਲੈਣ ਵਾਲਾ ਜਿਹੜਾ ਬਿਆਨ ਦਿੱਤਾ ਸੀ, ਭਾਜਪਾਈ ਉਸ ਦੀ ਵੀ ਜ਼ੋਰ-ਸ਼ੋਰ ਨਾਲ ਵਰਤੋਂ ਕਰ ਰਹੇ ਹਨ। ਭਾਜਪਾ ਨੇ ਪ੍ਰਧਾਨ ਮੰਤਰੀ ਨੂੰ ਮਾਰਨ ਦੀ ਸਾਜ਼ਸ਼ ਵਾਲਾ ਆਖਰੀ ਪੱਤਾ ਵੀ ਖੇਡਣਾ ਸ਼ੁਰੂ ਕਰ ਦਿੱਤਾ ਹੈ। ਕੁਝ ਸਮਾਚਾਰ ਏਜੰਸੀਆਂ ਨੇ ਸੂਤਰਾਂ ਦੇ ਹਵਾਲੇ ਨਾਲ ਇਹ ਖ਼ਬਰ ਉਡਾ ਦਿੱਤੀ ਹੈ ਕਿ ਮੁੰਬਈ ਪੁਲਸ ਨੂੰ ਇੱਕ ਵੱਟਸਐਪ ਮੈਸੇਜ ਮਿਲਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਗੌੜੇ ਅੱਤਵਾਦੀ ਦਾਊਦ ਇਬਰਾਹੀਮ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਾਰਨ ਦੀ ਸਾਜ਼ਸ਼ ਰਚੀ ਹੈ।

ਗੁਜਰਾਤ ਵਿੱਚ ਪਹਿਲੇ ਪੜਾਅ ਦੀਆਂ ਵੋਟਾਂ 2 ਦਸੰਬਰ ਤੇ ਆਖਰੀ ਪੜਾਅ ਦੀਆਂ ਵੋਟਾਂ 5 ਦਸੰਬਰ ਨੂੰ ਪੈਣੀਆਂ ਹਨ। ਇਸ ਅਰਸੇ ਦੌਰਾਨ ਭਾਜਪਾ ਆਗੂ ਹੋਰ ਕਿੰਨੀਆਂ ਨੀਵਾਣਾਂ ਛੋਂਹਦੇ ਹਨ, ਇਸ ਦਾ ਪਤਾ ਹਰ ਆਏ ਦਿਨ ਲਗਦਾ ਰਹੇਗਾ। ਪ੍ਰਧਾਨ ਮੰਤਰੀ ਤੋਂ ਬਿਨਾਂ ਭਾਜਪਾ ਦੇ ਸਾਰੇ ਵੱਡੇ ਆਗੂ ਅਮਿਤ ਸ਼ਾਹ, ਰਾਜਨਾਥ ਸਿੰਘ, ਜੇ ਪੀ ਨੱਡਾ, ਯੋਗੀ ਆਦਿਤਿਆਨਾਥ ਸਮੇਤ ਸਭ ਕੇਂਦਰੀ ਮੰਤਰੀ ਗੁਜਰਾਤ ਵਿੱਚ ਡੇਰੇ ਲਾਈ ਬੈਠੇ ਹਨ। ਇਸ ਹਾਲਤ ਵਿੱਚ ਅਜੇ ਕਿਸੇ ਨਤੀਜੇ ਉੱਤੇ ਪਹੁੰਚ ਸਕਣਾ ਸੌਖਾ ਨਹੀਂ ਹੈ।

-ਚੰਦ ਫਤਿਹਪੁਰੀ

# ਸ੍ਰੀ ਗੁਰੂ ਤੇਗ਼ ਬਹਾਦਰ ਹਿੰਦ ਦੀ ਚਾਦਰ



ਪ੍ਰਿੰਸੀਪਲ ਗਿਆਨ ਸਿੰਘ ਦੁਸਾਂਝ

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 347ਵਾਂ ਸ਼ਹੀਦੀ ਪੁਰਬ ਇਸ ਸਾਲ 28 ਨਵੰਬਰ ਨੂੰ ਦੇਸ਼-ਵਿਦੇਸ਼ ਵਿੱਚ ਬਹੁਤ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਸੋਧੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਸ ਦਿਨ ਮੱਘਰ ਸੁਦੀ ਪੰਚਮੀ ਹੈ। ਉਨ੍ਹਾ ਦਾ ਪ੍ਰਕਾਸ਼ ਦਿਹਾੜਾ ਵੀ ਇਸ ਕੈਲੰਡਰ ਮੁਤਾਬਕ 1621 ਈਸਵੀ ਨੂੰ ਹੈ। ਇਸ ਲੇਖੇ-ਜੋਖੇ ਨਾਲ ਗੁਰੂ ਜੀ 54 ਸਾਲ 7 ਮਹੀਨੇ 7 ਦਿਨ (ਮਹਾਨ ਕੋਸ਼ ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ-ਪੰਨਾ 600) ਇਸ ਸੰਸਾਰ ਵਿੱਚ ਸੁਭਾਇਮਾਨ ਰਹੇ।

"11 ਨਵੰਬਰ, 1675 ਨੂੰ ਫੈਸਲਾਕੁਨ ਦਿਨੇ ਗੁਰੂ ਤੇਗ਼ ਬਹਾਦਰ ਨੂੰ ਸ਼ਹੀਦ ਕੀਤਾ ਗਿਆ ਸੀ, ਪਰ ਉਨ੍ਹਾ ਦੀ ਮਹਾਨ ਕੁਰਬਾਨੀ ਨੇ ਦੇਸ਼ ਨੂੰ 'ਦਰ-ਉਲ-ਇਸਲਾਮ' ਬਣਾਏ ਜਾਣ ਤੋਂ ਬਚਾ ਲਿਆ।" (ਸ੍ਰੀਮਤੀ ਮਰਿਦੁੱਲਾ ਉਬਰਾਏ ਦੀ ਅੰਗਰੇਜ਼ੀ ਬੁਕ-ਪੇਜ 90-ਲੇਖਕ ਵੱਲੋਂ ਅਨੁਵਾਦ) ਇਹ 'ਦਰ-ਉਲ-ਇਸਲਾਮ' ਕਿਹੜੀ 'ਬਲਾ' ਸੀ, ਜਿਸ ਤੋਂ ਗੁਰੂ ਜੀ ਨੇ ਜਾਮ-ਏ-ਸ਼ਹਾਦਤ ਪੀ ਕੇ ਦੇਸ਼ ਨੂੰ ਸੁਰੱਖਿਅਤ ਕਰ ਲਿਆ। ਇਹੀ ਮੁਗਲ ਖ਼ਾਨਦਾਨ ਦੇ ਖੱਬੀ ਖਾਂ ਬਾਦਸ਼ਾਹ ਆਲਮਗੀਰ ਔਰੰਗਜ਼ੇਬ ਦਾ ਮੱਲੋਜ਼ੋਰੀ ਸ਼ਾਹੀ ਤਖ਼ਤ ਮੱਲਦਿਆਂ ਪਹਿਲਿਆਂ ਮੁੱਖ ਐਲਾਨਾਂ ਵਿੱਚੋਂ ਵਧੇਰੇ ਮਹੱਤਵਪੂਰਨ ਸੀ ਕਿ ਉਹ ਹਿੰਦੁਸਤਾਨ ਨੂੰ ਕਾਫ਼ਰ ਧਰਤ (ਦਰ-ਉਲ-ਹਰਬ) ਤੋਂ ਇਸਲਾਮ ਮਜ਼ਬ ਮੁਤਾਬਕ ਇਸਲਾਮੀ ਜ਼ਮੀ (ਦਰ-ਉਲ-ਇਸਲਾਮ) ਬਣਾ ਕੇ ਰਹੇਗਾ, ਜਦ ਕਿ ਨੌਵੇਂ ਪਾਤਸ਼ਾਹ ਨੇ ਪਹਿਲੇ ਗੁਰੂ ਜੀ ਵੱਲੋਂ ਪ੍ਰਜਵਲਿਤ 'ਸਭ ਧਰਮਾਂ ਦੀ ਸ਼ਾਂਤਮਈ ਸਹਿਹੋਂਦ' ਦੀ ਨੀਤੀ ਉੱਤੇ ਬਹੁਤ ਫਬਤ ਨਾਲ ਪਹਿਰਾ ਦਿੱਤਾ। ਇਹ ਸੀ ਮੂਲ ਮੁੱਦਾ ਬਾਬਰਕਿਆਂ ਅਤੇ ਬਾਬੇਕਿਆਂ ਵਿਚਾਲੇ ਟਕਰਾਉ ਦਾ ਅਥਵਾ ਮੁਗਲ ਬਾਦਸ਼ਾਹ ਅਤੇ ਸਿੱਖ ਪਾਤਸ਼ਾਹ ਦਰਮਿਆਨ ਪਟਕੇ ਦੀ ਪਕੜ ਦਾ। ਸਿੱਟੇ ਵਜੋਂ ਗੁਰੂ ਜੀ ਨੇ ਆਪਣੀ ਨੀਅਤ ਅਤੇ ਨੀਤੀ ਖਾਤਰ ਸੀਸ ਨਿਛਾਵਰ ਕਰਕੇ ਔਰੰਗਜ਼ੇਬ ਦਾ ਮਹਾਂ ਮਨਸੂਬਾ ਚਕਨਾਚੂਰ ਕਰ ਦਿੱਤਾ। ਇਸ ਕਰਕੇ ਉਸ ਸ਼ਹੀਦੀ ਸਾਕੇ ਉਪਰੰਤ 347 ਸਾਲ ਬੀਤਣ ਬਾਅਦ ਵੀ ਉਨ੍ਹਾ ਦਾ ਇਹ ਚਾਨਣ-ਮੁਨਾਰਾ ਕਿਰਨਾਂ ਬਿਖੇਰ ਰਿਹਾ ਹੈ।

ਔਰੰਗਜ਼ੇਬ ਦੇ ਸ਼ਾਹੀ ਹੁਕਮ ਦੀ ਤਾਮੀਲ ਕਰਨ ਲਈ ਉਸ ਦਾ ਚਹੇਤਾ ਸੂਬੇਦਾਰ ਕਸ਼ਮੀਰ ਸ਼ੇਰ ਅਫ਼ਗਾਨ ਖ਼ਾਨ (ਇਫ਼ਤਖਾਰ ਖਾਂ) ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਹਿੰਦੂਆਂ ਨੂੰ ਧਰਮ ਤਬਦੀਲ ਕਰਨ ਲਈ ਡਰਾਉਣ, ਧਮਕਾਉਣ ਉਤੇ ਤੁਲਿਆ ਹੋਇਆ ਸੀ। ਜਦ ਕਸ਼ਮੀਰੀ ਪੰਡਤਾਂ ਦੀ ਉਨ੍ਹਾਂ ਦੇ ਧਰਮ ਦੇ ਕਿਸੇ ਵੀ ਪ੍ਰਸਿੱਧ ਆਗੂ ਨੇ ਬਾਂਹ ਨਾ ਫੜੀ, ਤਦ ਉਨ੍ਹਾਂ ਨੂੰ ਪੰਜਾਬ ਦੀ ਧਰਤ ਉੱਤੇ ਨਵਆਬਾਦ, ਚੱਕ ਨਾਨਕੀ (ਪਿੱਛੋਂ ਨਾਮਕਰਨ ਸ੍ਰੀ ਅਨੰਦਪੁਰ ਸਾਹਿਬ) ਵਿਖੇ ਬਿਰਾਜਮਾਨ ਸ੍ਰੀ ਗੁਰੂ ਤੇਗ਼ ਬਹਾਦਰ ਦੇ ਰੂਪ ਵਿੱਚ ਉਸ ਘੁੱਪ ਹਨੇਰੀ ਰਾਤ ਨੂੰ ਇੱਕ ਸੁਨਹਿਰੀ ਕਿਰਨ ਨਜ਼ਰ ਪਈ। ਪੰਡਤ ਕਿਰਪਾ ਰਾਮ ਦੱਤ 16 ਪੰਡਤਾਂ ਦਾ ਪ੍ਰਤੀਨਿਧ ਮੰਡਲ ਲੈ ਕੇ 25 ਮਈ, 1675 ਨੂੰ ਗੁਰੂ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਇਆ। ਉਨ੍ਹਾ ਨੇ ਉਨ੍ਹਾ ਅਤੇ ਉਨ੍ਹਾ ਦੇ ਹਿੰਦੂ ਧਰਮ ਨੂੰ ਭਾਰਤੀ ਇਤਿਹਾਸ ਦੇ ਸਭ ਤੋਂ ਵੱਧ ਜ਼ਾਲਮ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਬਚਾਉਣ ਲਈ ਪੁਕਾਰ ਕੀਤੀ। ਉਸ ਸਮੇਂ ਤੱਕ ਗੁਰੂ ਜੀ ਨੂੰ ਸਭ ਸੂਚਨਾਵਾਂ ਪ੍ਰਾਪਤ ਹੋ ਚੁੱਕੀਆਂ ਸਨ ਕਿ ਹਿੰਦੂਆਂ ਦੇ ਮੰਦਰ ਢਾਹ ਦਿੱਤੇ ਗਏ ਹਨ, ਪਾਠਸ਼ਾਲਾਵਾਂ ਅਤੇ ਸਭ ਤਿਉਹਾਰ ਬੰਦ ਕਰ ਦਿੱਤੇ ਗਏ ਹਨ ਅਤੇ ਪਿਆਰ ਨਾਲ ਲਾਲਚ ਦੇ ਕੇ ਅਤੇ ਤਲਵਾਰ ਦੇ ਜ਼ੋਰ ਨਾਲ ਵੀ ਹਿੰਦੂਆਂ ਦਾ ਜਬਰੀ ਧਰਮ ਪਰਿਵਰਤਨ ਕੀਤਾ ਜਾ ਰਿਹਾ ਹੈ। ਡਾ. ਈਸ਼ਵਰੀ ਪ੍ਰਸਾਦ 'ਏ ਸ਼ਾਰਟ ਹਿਸਟਰੀ ਆਫ਼ ਮੁਸਲਿਮ ਰੂਲ ਇਨ ਇੰਡੀਆ' ਦੇ ਪੇਜ 608 ਉਪਰ ਲਿਖਦੇ ਹਨ, "ਇਸਲਾਮ ਕਬੂਲ ਕਰਨ ਦੀ ਸ਼ਰਤ 'ਤੇ ਫਾਰਸੀ ਦੀਆਂ 4 ਪਾਸ ਹਿੰਦੂ ਨੂੰ ਪਟਵਾਰੀ ਅਤੇ 8 ਪਾਸ ਹਿੰਦੂ ਨੂੰ ਕਾਨੂੰਗੋ ਦਾ ਅਹੁਦਾ ਮਿਲਣਾ ਇੱਕ ਅਖਾਣ ਬਣ ਗਿਆ ਸੀ। ਔਰੰਗਜ਼ੇਬ ਨੇ ਹੁਕਮ ਦੇ ਰੱਖਿਆ ਸੀ ਕਿ ਹਿੰਦੂਆਂ ਵਿੱਚੋਂ ਮੁਸਲਮਾਨ ਬਣੇ ਹੋਏ ਲੋਕਾਂ ਨੂੰ ਹਾਥੀਆਂ ਉੱਤੇ ਚੜ੍ਹਾ ਕੇ ਠਾਠ-ਬਾਠ ਨਾਲ ਸ਼ਹਿਰਾਂ ਦੀਆਂ ਗਲੀਆਂ ਵਿੱਚ ਘੁੰਮਾਇਆ ਜਾਏ।" (ਡਾ. ਭਗਤ ਸਿੰਘ ਦਾ 'ਪੰਜਾਬ ਦਾ ਇਤਿਹਾਸ'-ਪੰਨਾ 269) ਕਸ਼ਮੀਰੀ ਪੰਡਤਾਂ ਦੀ ਬਹੁ-ਗਿਣਤੀ ਨੇ ਇਨ੍ਹਾਂ ਲਾਲਚਾਂ ਨੂੰ ਲੱਤਾਂ ਮਾਰ ਕੇ ਠੁਕਰਾ ਦਿੱਤਾ ਸੀ, ਪਰ ਉਹ ਤਲਵਾਰ ਦੀ ਧਾਰ ਅੱਗੇ ਬੇਵੱਸ ਸਨ।

ਉਪਰੋਕਤ ਹਾਲਾਤ ਦੇ ਪੇਸ਼-ਏ-ਨਜ਼ਰ 'ਗੁਰੂ ਤੇਗ਼ ਬਹਾਦਰ ਜੀ ਨੇ ਲੋਕਾਂ ਵਿੱਚ ਜੁਰਅਤ ਅਤੇ ਦਲੇਰੀ ਭਰਨੀ ਆਰੰਭੀ। ਗੁਰੂ ਨਾਨਕ ਜੀ ਉਪਰੰਤ ਇਹ ਪਹਿਲੇ ਗੁਰੂ ਸਨ, ਜਿਨ੍ਹਾ ਲੰਮੇ ਪਰਚਾਰ ਦੌਰੇ ਕੀਤੇ ਤੇ ਲੋਕਾਂ ਨੂੰ ਕਾਇਰਤਾ ਛੱਡਣ ਲਈ ਪ੍ਰੇਰਿਆ।' (ਉਪਰੋਕਤ ਪੰਨਾ 325) :

'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।' (ਸਲੋਕ ਮਹਲਾ 9, ਅੰਗ 1427)

ਇਸ ਕਰਕੇ ਸਿੱਖ 'ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ' ਗਾਉਂਦੇ ਹੋਏ ਮਰਨ-ਮਿਟਣ ਲਈ ਤਿਆਰ ਸਨ।

ਇਸ ਕਰਕੇ ਜਦ ਕਸ਼ਮੀਰੀ ਪੰਡਤ ਫਰਿਆਦੀ ਹੋਏ, ਤਦ ਗੁਰੂ ਜੀ ਨੂੰ ਪੱਕਾ ਯਕੀਨ ਸੀ ਕਿ ਸਿੱਖਾਂ ਨੇ ਤਾਂ ਕਤੱਈ ਮੁਸਲਮਾਨ ਬਣਨਾ ਨਹੀਂ, ਪਰ ਢੇਰੀਆਂ ਢਾਅ ਚੁੱਕੇ ਹਿੰਦੂਆਂ ਦਾ ਹਿੰਦੂ ਧਰਮ ਕਿਵੇਂ ਬਚਾਇਆ ਜਾਵੇ। ਇਹ ਸੀ ਪ੍ਰਸ਼ਨਾਂ ਦਾ ਪ੍ਰਸ਼ਨ। ਸੋ, ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਹਰ ਹੀਲੇ ਬਚਾਉਣ ਦਾ ਭਰੋਸਾ ਦੇ ਕੇ ਆਪਣੇ ਪਰਵਾਰਕ ਮੈਂਬਰਾਂ ਸਮੇਤ ਸਾਹਿਬਜ਼ਾਦਾ ਸ੍ਰੀ ਗੋਬਿੰਦ ਰਾਏ ਅਤੇ ਮੁਖੀ ਸਿੱਖਾਂ ਨੂੰ ਭਰੋਸੇ ਵਿੱਚ ਲੈਣਾ ਜ਼ਰੂਰੀ ਅਨੁਭਵ ਕੀਤਾ। ਉਨ੍ਹਾ ਦੀ ਸੰਪੂਰਨ ਸਹਿਮਤੀ ਪਿੱਛੋਂ ਗੁਰੂ ਜੀ ਨੇ ਭਰੇ ਦਰਬਾਰ ਵਿੱਚ ਕਸ਼ਮੀਰੀ ਪੰਡਤਾਂ ਨੂੰ ਆਦੇਸ਼ ਦਿੱਤਾ ਕਿ ਉਹ ਜਾ ਕੇ ਕਿਸੇ ਵੀ ਯੋਗ ਪ੍ਰਣਾਲੀ ਰਾਹੀਂ ਔਰੰਗਜ਼ੇਬ ਨੂੰ ਉਨ੍ਹਾਂ ਦਾ ਇਹ ਤਹੱਈਆ ਪਹੁੰਚਾ ਦੇਣ ਕਿ ਜੇ ਗੁਰੂ ਤੇਗ਼ ਬਹਾਦਰ ਮੁਸਲਮਾਨ ਬਣ ਜਾਣ, ਤਦ ਅਸੀਂ ਸਭ ਹਿੰਦੂ ਖਿੜੇ ਮੱਥੇ ਮੁਸਲਮਾਨ ਬਣ ਜਾਵਾਂਗੇ।

ਦੂਜੇ ਪਾਸੇ ਸਰਕਾਰੀ ਸੂਹੀਆਂ ਰਾਹੀਂ ਔਰੰਗਜ਼ੇਬ ਨੂੰ ਸਭ ਇਤਲਾਹਾਂ ਮਿਲ ਰਹੀਆਂ ਸਨ। ਉਸ ਨੇ ਝੱਟ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਸਰਹਿੰਦ ਦੇ ਫੌਜਦਾਰ ਦਿਲਾਵਰ ਖਾਂ ਨੂੰ ਦਿੱਤਾ, ਜਿਸ ਨੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਤੱਕ ਪਹੁੰਚਾਇਆ, ਪਰ ਇਹ ਹੁਕਮ ਆਮ ਲੋਕਾਂ ਤੋਂ ਗੁਪਤ ਰੱਖਿਆ ਗਿਆ, ਤਾਂ ਕਿ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਵਿੱਚ ਕੋਈ ਰੁਕਾਵਟ ਨਾ ਪੈ ਜਾਵੇ। (ਡਾ. ਭਗਤ ਸਿੰਘ-ਪੰਨਾ 273 ਅਤੇ 274) ਸੋ ਔਰੰਗਜ਼ੇਬ ਅੰਦਰੋ-ਅੰਦਰ ਡਰਦਾ ਸੀ ਕਿ ਜੇ ਚੱਕ ਨਾਨਕੀ ਵਿਖੇ ਸੰਗਤ ਦੀ ਹਾਜ਼ਰੀ ਵਿੱਚ ਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ, ਤਦ ਸਿੱਖ ਸੰਗਤ ਭੜਕ ਕੇ ਕੋਈ ਵੱਡਾ 'ਸਿਆਸੀ ਧਮਾਕਾ' ਨਾ ਕਰ ਦੇਵੇ। ਅੱਗੋਂ, ਗੁਰੂ ਜੀ ਵੀ ਜਾਣੀ-ਜਾਣ ਸਨ, ਉਹ ਆਪਣੇ ਪ੍ਰਮੁੱਖ ਸਿੱਖਾਂ; ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ, ਭਾਈ ਜੈਤਾ, ਭਾਈ ਊਦਾ ਅਤੇ ਭਾਈ ਗੁਰਦਿੱਤਾ, ਨੂੰ ਨਾਲ ਲੈ ਕੇ ਪ੍ਰਚਾਰ ਦੌਰੇ ਉਤੇ ਚਲ ਪਏ, ਤਾਂ ਕਿ ਸਿੱਖ ਸੰਗਤ ਨੂੰ ਪਨਪ ਰਹੇ ਵਿਸਫੋਟਕ ਹਾਲਾਤ ਤੋਂ ਜਾਣੂ ਕਰਾਇਆ ਜਾਵੇ। ਗੁਰੂ ਜੀ ਬਹੁਤ ਯੋਜਨਾਬੱਧ ਢੰਗ ਨਾਲ ਪੂਰੀ ਤਿਆਰੀ ਕਰਕੇ ਸ਼ਹੀਦੀ ਦੇਣ ਲਈ ਦਿੱਲੀ ਵੱਲ ਤੁਰੇ ਸਨ ਕਿ ਜੇ ਰਾਹ ਵਿੱਚ ਗ੍ਰਿਫ਼ਤਾਰੀ ਹੋ ਜਾਵੇ ਤਦ ਪਹਿਲੇ ਤਿੰਨ ਸਿੱਖ ਸਾਥ ਰਹਿਣ, ਬਾਕੀ ਦੋ ਦਿੱਲੀ ਦ੍ਰਿਸ਼ ਦੇ ਸਮਾਚਾਰ ਨਾਲੋ-ਨਾਲ ਚੱਕ ਨਾਨਕੀ ਭੇਜੀ ਜਾਣ ਅਤੇ ਭਾਈ ਗੁਰਦਿੱਤਾ ਚੱਕ ਨਾਨਕੀ ਜਾ ਕੇ ਗ੍ਰਿਫ਼ਤਾਰੀ ਦੇ ਅੱਖੀਂ ਡਿੱਠੇ ਵਾਕਿਆਤ ਬਿਆਨ ਕਰ ਦੇਵੇ। ਇਸ ਤਰ੍ਹਾਂ ਹੀ ਹੋਇਆ। ਗੁਰੂ ਜੀ ਨੂੰ ਪਹਿਲੇ ਤਿੰਨ ਸਿੱਖਾਂ ਸਹਿਤ ਰੋਪੜ ਨੇੜੇ ਮਲਕਪੁਰ ਰੰਘੜਾਂ ਤੋਂ ਬੰਦੀ ਬਣਾ ਕੇ 12 ਜੁਲਾਈ, 1675 ਨੂੰ ਸਰਹਿੰਦ ਸਥਿਤ ਭੋਰੇ ਵਿੱਚ ਕੈਦ ਕਰ ਲਿਆ ਗਿਆ। ਤਕਰੀਬਨ ਚਾਰ ਮਹੀਨੇ ਪਿੱਛੋਂ ਬਾਦਸ਼ਾਹ ਵੱਲੋਂ ਹਰੀ ਝੰਡੀ ਮਿਲਣ ਉਪਰੰਤ 5 ਨਵੰਬਰ ਰਾਤ ਨੂੰ ਚਾਲੇ ਪਾ ਕੇ ਅਤੇ 6 ਨਵੰਬਰ ਨੂੰ ਦਿੱਲੀ ਦਰਬਾਰ ਵਿੱਚ ਉਨ੍ਹਾਂ ਸਭ ਨੂੰ ਪੇਸ਼ ਕਰ ਦਿੱਤਾ ਗਿਆ।

ਔਰੰਗਜ਼ੇਬ ਹੁਕਮ ਚਾੜ੍ਹ ਕੇ ਕਾਬਲ ਦੀ ਮੁਹਿੰਮ ਉੱਤੇ ਚੜ੍ਹ ਗਿਆ। ਉਸ ਦੇ ਭੂਤਰੇ ਹੋਏ ਦਰਬਾਰੀਆਂ ਨੇ ਗੁਰੂ ਜੀ ਨੂੰ ਤਿੰਨ ਸਵਾਲ ਪੁੱਛੇ: "ਇਸਲਾਮ ਕਬੂਲ ਕਰੋਗੇ ਜਾਂ ਕਰਾਮਾਤ ਦਿਖਾਉਣਗੇ ਜਾਂ 'ਸ਼ਹੀਦ' ਹੋਣ ਲਈ ਤਿਆਰ ਹੋ ?" ਗੁਰੂ ਜੀ ਨੇ ਬਹੁਤ ਬਹੁਤ ਧੀਰਜ ਨਾਲ ਜਵਾਬ ਦਿੱਤੇ, 'ਧਰਮ ਛੱਡਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।...ਕਰਾਮਾਤ ਤਾਂ ਕਹਿਰ ਦਾ ਦੂਜਾ ਨਾਂਅ ਹੈ।...ਧ੍ਰਿਗ ਸਿੱਧੀ ਹੈ ਤੇ ਧ੍ਰਿਗ ਕਰਾਮਾਤ ਹੈ।...ਤੀਜੀ ਗੱਲ, ਸੀਸ ਦੇਣ ਲਈ ਤਿਆਰ ਹਾਂ।' (ਪ੍ਰਿੰ. ਸਤਿਬੀਰ ਸਿੰਘ, ਪੰਨਾ-333)

ਗੁਰੂ ਜੀ ਨੂੰ ਡਰਾਉਣ-ਧਮਕਾਉਣ ਪਿੱਛੋਂ ਇਸਲਾਮ ਕਬੂਲ ਕਰਨ ਲਈ ਵਧੇਰੇ ਮਜਬੂਰ ਕਰਨ ਦੇ ਮਕਸਦ ਲਈ ਪਹਿਲਾਂ ਭਾਈ ਮਤੀ ਦਾਸ ਜਿਉਂਦੇ ਨੂੰ ਆਰੇ ਨਾਲ ਚੀਰ ਦਿੱਤਾ ਗਿਆ, ਭਾਈ ਦਿਆਲ ਦਾਸ ਨੂੰ ਪਾਣੀ ਦੀ ਦੇਗ ਵਿੱਚ ਉਬਾਲਿਆ ਗਿਆ ਅਤੇ ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕਰਕੇ ਅੱਗ ਲਾ ਦਿੱਤੀ ਗਈ। ਗੁਰੂ ਜੀ ਆਪਣੇ ਜਾਨੋਂ ਵੱਧ ਪਿਆਰੇ ਇਨ੍ਹਾਂ ਸਿੱਖਾਂ ਦੀਆਂ ਸ਼ਹੀਦੀਆਂ ਸਨਮੁੱਖ ਸਗੋਂ ਹੋਰ ਉਤਸ਼ਾਹਤ ਹੋ ਗਏ। ਅੰਤ ਵਿੱਚ ਉਨ੍ਹਾ ਨੂੰ ਲੋਹੇ ਦੀਆਂ ਕਿੱਲਾਂ ਜੜੇ ਭੀੜੇ ਜੰਗਲੇ ਵਿੱਚੋਂ ਬਾਹਰ ਲਿਆ ਕੇ ਮੁੱਖ ਕਰਕੇ ਸਰਕਾਰਪ੍ਰਸਤ ਮਹੈਣ ਦੇ (ਭਾਵੇਂ ਇਸ ਵਿੱਚ ਟਾਂਵੇਂ, ਟਾਂਵੇਂ ਸਿੱਖ ਅਤੇ ਹਿੰਦੂ ਵੀ ਭੇਸ ਬਦਲ ਕੇ ਹਾਜ਼ਰ ਸਨ) ਸਨਮੁੱਖ ਬੈਠਣ ਲਈ ਕਿਹਾ ਗਿਆ। ਜਦ ਗੁਰੂ ਜੀ ਸੰਪੂਰਨ ਚੜ੍ਹਦੀ ਕਲਾ ਵਿੱਚ ਸਨ, ਤਦ ਸਮਾਨਾ ਵਾਲੇ ਜਲਾਦ, ਕਲਾਲ-ਉ-ਦੀਨ ਨੇ ਤਲਵਾਰ ਦੇ ਇਕੋ ਵਾਰ ਨਾਲ ਗੁਰੂ ਜੀ ਦਾ ਸੀਸ ਧੜ ਨਾਲੋਂ ਅਲੱਗ ਕਰ ਦਿੱਤਾ। ਉਸ ਸਮੇਂ ਸਿਖਰ ਦੁਪਹਿਰ ਸੀ, ਪਰ, ਇਉਂ ਲੱਗਾ ਜਿਉਂ ਸੂਰਜ ਡੁੱਬ ਗਿਆ ਹੋਵੇ ਪਰ ਮੁਗਲ ਜੋ ਕਿ ਤਾਕਤ ਦੇ ਨਸ਼ੇ ਵਿੱਚ ਗੁੱਟ ਹੋ ਗਏ, ਨੂੰ ਕੀ ਪਤਾ ਸੀ ਕਿ ਸਰੀਰ ਤਾਂ ਕਤਲੇ ਜਾ ਸਕਦੇ ਹਨ, ਵਿਚਾਰ ਨਹੀਂ।

ਜਿਨ੍ਹਾਂ ਨੇ ਸੀਸ ਤਲੀਆਂ ਉਪਰ ਧਰੇ ਹੁੰਦੇ ਹਨ, ਉਹ ਅਜਿਹੀਆਂ ਗਿੱਦੜ ਭਭਕੀਆਂ ਤੋਂ ਨਹੀਂ ਡਰਦੇ। ਸਿੱਖ ਧਰਮ ਦੇ ਸੰਸਥਾਪਕ, ਪਹਿਲੇ ਗੁਰੂ ਜੀ ਨੇ ਸਿੱਖ ਸਜਣ ਲਈ ਸ਼ਰਤ ਹੀ ਇਹ ਰੱਖੀ ਸੀ:-

"ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰ ਦੀਜੈ ਕਾਣਿ ਨ ਕੀਜੈ।"
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1412)

ਭਾਈ ਜੈਤਾ ਨੇ ਪਹਿਲਕਦਮੀ ਕਰਕੇ ਸੀਸ ਉਠਾ ਲਿਆ, ਭਾਈ ਊਦਾ ਅਤੇ ਦਿੱਲੀ ਨਿਵਾਸੀ, ਭਾਈ ਨਾਨੂ, ਨਾਲ ਸਲਾਹ ਕੀਤੀ ਅਤੇ ਚੱਕ ਨਾਨਕੀ ਨੂੰ ਚਾਲੇ ਪਾ ਦਿੱਤੇ। ਭਾਈ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਸਪੁੱਤਰਾਂ ਦੀ ਸਹਾਇਤਾ ਨਾਲ ਧੜ ਉਠਾ ਕੇ ਅਤੇ ਆਪਣੇ ਗੱਡੇ ਉਪਰ ਰੱਖ ਕੇ ਆਪਣੇ ਦੌਲਤਖਾਨੇ ਰਾਇ ਸੀਨਾ ਪੁੱਜ ਕੇ ਧੜ ਦਾ ਪੂਰਨ ਸਿੱਖ ਮਰਿਯਾਦਾ ਅਨੁਸਾਰ ਸਸਕਾਰ ਕਰਨ ਲਈ ਆਪਣੇ ਘਰ ਨੂੰ ਹੀ ਅੱਗ ਦੇ ਹਵਾਲੇ ਕਰ ਦਿੱਤਾ। ਇਥੇ ਗੁਰਦੁਆਰਾ ਰਕਾਬ ਗੰਜ ਸਾਹਿਬ ਸੁਸ਼ੋਭਿਤ ਹੈ। ਜਿਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਉਥੇ ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ ਸੁਭਾਇਮਾਨ ਹੈ ।

ਜਦ ਭਾਈ ਜੈਤਾ ਅਤੇ ਸਾਥੀ ਸਿੱਖਾਂ ਨੇ ਕੀਰਤਪੁਰ ਪੁੱਜ ਕੇ ਨੌਵੇਂ ਗੁਰੂ ਜੀ ਦਾ ਸੀਸ ਦਸਵੇਂ ਗੁਰੂ ਜੀ ਨੂੰ ਭੇਟ ਕੀਤਾ, ਤਦ ਉਨ੍ਹਾ ਨੇ ਮਾਣ ਨਾਲ ਉਚਾਰਿਆ, 'ਰੰਘਰੇਟੇ ਗੁਰੂ ਕੇ ਬੇਟੇ।'

ਇਹ ਮੰਨਣਾ ਪਵੇਗਾ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਬਾਅਦ ਔਰੰਗਜ਼ੇਬ ਉਸ ਤੇਜ਼ੀ ਨਾਲ ਆਪਣੀ ਧਾਰਮਿਕ ਪਾਲਿਸੀ ਨਾ ਚਲਾ ਸਕਿਆ। ਦਰਬਾਰ ਵਿੱਚ ਕਈ ਧੜੇ ਬਣ ਗਏ ਤੇ ਕਈਆਂ ਨੇ ਅਸਤੀਫ਼ੇ ਦੇ ਦਿੱਤੇ। ਅਬਦੁੱਲਾ ਦਰੋਗਾ ਨੌਕਰੀ ਛੱਡ ਅਨੰਦਪੁਰ ਹੀ ਆ ਵਸਿਆ। ਔਰੰਗਜ਼ੇਬ ਦਾ ਵੀ ਅਜਿਹਾ ਸਵਾਗਤ ਹੋਇਆ ਕਿ ਉਸ ਨੂੰ ਗੁਰੂ ਤੇਗ਼ ਬਹਾਦਰ ਜੀ ਦੇ ਹੀ ਇੱਕ ਸਿੱਖ ਨੇ ਇੱਟਾਂ ਮਾਰੀਆਂ। ਮੁਆਸਰੇ ਆਲਮਗੀਰੀ ਨੇ ਇਹ ਘਟਨਾ 30 ਅਕਤੂਬਰ, 1676 ਦੀ ਤਾਰੀਖ ਵਿੱਚ ਦਰਜ ਕੀਤੀ ਹੈ। ਗੁਰੂ ਜੀ ਹਿੰਦੂ ਸੰਸਕਾਰਾਂ ਅਨੁਸਾਰ ਤਿਲਕ ਨਹੀਂ ਲਾਉਂਦੇ ਸਨ ਅਤੇ ਜੰਞੂ ਵੀ ਧਾਰਨ ਨਹੀਂ ਕਰਦੇ ਸਨ, ਕਿਉਂਕਿ ਸ੍ਰੀ ਨਾਨਕ ਦੇਵ ਜੀ ਨੇ 9 ਸਾਲ ਦੀ ਉਮਰ ਵਿੱਚ ਜੰਞੂ ਧਾਰਨ ਕਰਨ ਤੋਂ ਉੱਕਾ ਇਨਕਾਰ ਕਰ ਦਿੱਤਾ ਸੀ, ਪਰ ਨੌਵੇਂ ਗੁਰੂ ਜੀ ਨੇ ਹਿੰਦੂ ਧਰਮ ਦੇ ਪ੍ਰਤੀਕ ਚਿੰਨ੍ਹਾਂ ਤਿਲਕ, ਜੰਞੂ ਦੀ ਰਾਖੀ ਕਰਕੇ ਅਤੇ ਇਸ ਤਰ੍ਹਾਂ ਸਾਰੇ ਧਰਮਾਂ ਦੀ ਧਾਰਮਿਕ ਅਜ਼ਾਦੀ ਦੀ ਰੱਖਿਆ ਕਰਕੇ ਮਨੁੱਖੀ ਮੌਲਿਕ ਅਧਿਕਾਰਾਂ ਦਾ ਝੰਡਾ ਬੁਲੰਦ ਕੀਤਾ।

ਸੋ, ਨੌਵੇਂ ਗੁਰੂ ਜੀ ਦੀ ਸੋਚ ਸੀ ਕਿ ਧਰਮ ਇੱਕ ਨਿੱਜੀ ਵਰਤਾਰਾ ਹੈ, ਹਰੇਕ ਨੂੰ ਆਪਣਾ ਧਰਮ ਪਿਆਰਾ ਹੈ ਅਤੇ ਕਿਸੇ ਵੀ ਵਿਧੀ ਨਾਲ ਜ਼ਬਰਦਸਤੀ ਧਰਮ ਬਦਲੀ ਕਰਾਉਣਾ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ, ਸਜ਼ਾ ਯੋਗ ਅਪਰਾਧ ਹੈ ਅਤੇ ਨਾਕਾਬਲੇ ਬਰਦਾਸ਼ਤ ਹੈ। ਇਸੇ ਲਈ ਉਨ੍ਹਾ ਦੇ ਇਹ ਪਵਿੱਤਰ ਵਿਚਾਰ ਅੱਜ ਵੀ ਬਹੁਤ ਪ੍ਰਸੰਗਿਕ ਹਨ ਅਤੇ ਜਿਹੜਾ ਪਰਚਮ ਉਨ੍ਹਾ ਝੁਲਾਇਆ ਸੀ, ਉਸ ਨੂੰ ਪੂਰੀ ਆਨ-ਸ਼ਾਨ ਨਾਲ ਝੁਲਦਾ ਰੱਖਣਾ ਸਾਡਾ ਸਭ ਦਾ ਸਰਬੱਤ ਦਾ ਭਲਾ ਮੰਗਣ ਵਾਲਿਆਂ ਅਤੇ ਸਾਂਝੀਵਾਲ ਸਮਾਜ ਦੇ ਸਮਰਥਕਾਂ ਦਾ ਇਤਿਹਾਸਕ ਫ਼ਰਜ਼ ਹੈ:

'ਜਿਸ ਧਜ ਸੇ ਕੋਈ ਮਕਤਲ ਮੇਂ ਗਿਆ,
ਵੋਹ ਸ਼ਾਨ ਸਲਾਮਤ ਰਹਿਤੀ ਹੈ।
ਯੇ ਜਾਨ ਤੋ ਆਨੀ ਜਾਨੀ ਹੈ,
ਇਸ ਜਾਨ ਕੀ ਤੋ ਕੋਈ ਬਾਤ ਨਹੀਂ।'
(ਫ਼ੈਜ਼ ਅਹਿਮਦ ਫ਼ੈਜ਼)

# ਸੰਪਰਕ : 99152-43184

# ਕੇਂਦਰੀ ਹਕੂਮਤ ਦੀਆਂ ਫ਼ਾਸ਼ਿਸਟ ਨੀਤੀਆਂ ਦਾ ਅਗਲੇਰਾ ਕਦਮ

ਨਰਭਿੰਦਰ

ਭਾਜਪਾ ਸਰਕਾਰ ਜਾਂ ਕਹੋ ਕਾਰਪੋਰੇਟ ਪੂੰਜੀ ਰਾਜ ਦਾ ਲਗਾਤਾਰ ਕੇਂਦਰੀਕਰਨ ਤੇ ਪੁਲਸੀਕਰਨ ਕਰਦੀ ਜਾ ਰਹੀ ਹੈ। ਅਸਿੱਧੇ ਰੂਪ ਵਿੱਚ ਪਿਛਲੇ ਸਮੇਂ ਤੋਂ ਹੀ ਦੇਸ਼ ਦੇ ਆਈ ਪੀ ਐੱਸ ਅਧਿਕਾਰੀ ਕੇਂਦਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੀ ਕੰਮ ਕਰ ਰਹੇ ਹਨ ਅਤੇ ਇਸ ਮਾਮਲੇ 'ਚ ਰਾਜਾਂ ਦੇ ਗਵਰਨਰਾਂ ਦੀ ਦਖ਼ਲ-ਅੰਦਾਜ਼ੀ ਖ਼ਤਰਨਾਕ ਹੱਦ ਤੱਕ ਪਹੁੰਚੀ ਹੋਈ ਹੈ, ਪਰ ਪਿਛਲੇ ਦਿਨੀਂ 27-28 ਅਕਤੂਬਰ ਨੂੰ ਰਾਜਾਂ ਦੇ ਗ੍ਰਹਿ ਮੰਤਰੀਆਂ ਦੀ ਦੋ ਦਿਨਾਂ ਬੈਠਕ ਜਿਸ ਨੂੰ 'ਚਿੰਤਨ ਸ਼ਿਵਰ' ਦਾ ਨਾਂਅ ਦਿੱਤਾ ਗਿਆ, ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਫਿਰ ਵੀਡੀਓ ਕਾਨਫ਼ਰੰਸ ਰਾਹੀਂ ਪ੍ਰਧਾਨ ਮੰਤਰੀ ਦੇ ਸੰਬੋਧਨ ਨੇ ਸਾਫ਼ ਕਰ ਦਿੱਤਾ ਕਿ ਕੇਂਦਰ ਸਰਕਾਰ ਇੱਕ ਫਾਸ਼ਿਸ਼ਟ ਤਾਨਾਸ਼ਾਹ ਰਾਜ ਵੱਲ ਵਧਣ ਲਈ ਦੇਸ਼ ਦੀ ਸੁਰੱਖਿਆ ਦੇ ਨਾਂਅ ਹੇਠ ਰਾਜਾਂ ਦੇ ਪੁਲਸ ਢਾਂਚੇ ਨੂੰ ਅਸਿੱਧੇ ਆਪਣੇ ਕੰਟਰੋਲ ਵਿੱਚ ਲੈਣ ਵੱਲ ਤੇਜ਼ੀ ਨਾਲ ਵਧ ਰਹੀ ਹੈ।

ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਰਾਜਾਂ ਦੇ ਗ੍ਰਹਿ ਵਿਭਾਗਾਂ ਦੇ ਮੰਤਰੀਆਂ ਅਤੇ ਅਧਿਕਾਰੀਆਂ ਨੂੰ ਜਿਸ ਲੁਭਾਉਣੇ-'ਚਿੰਤਨ ਸ਼ਿਵਰ'-ਦੇ ਨਾਂਅ ਹੇਠ ਇਕੱਠਾ ਕੀਤਾ ਗਿਆ, ਉਸ ਦਾ ਐਲਾਨੀਆ ਏਜੰਡਾ ਤੇ ਉਦੇਸ਼ ਰਾਜਾਂ ਦੀ ਪੁਲਸ ਪ੍ਰਬੰਧ ਦੇ ਸੰਦਰਭ ਵਿੱਚ ਕੌਮੀ ਮਹੱਤਵ ਨੂੰ ਧਿਆਨ 'ਚ ਰੱਖਦਿਆਂ ਇੱਕ ਬਿਹਤਰ ਇਕਜੁੱਟ ਦੇਸ਼ ਪੱਧਰੀ ਕਾਰਜ ਪ੍ਰਣਾਲੀ ਨੂੰ ਵਿਕਸਤ ਕਰਨਾ ਰੱਖਿਆ ਗਿਆ ਸੀ। ਪੁਲਸ ਰਾਜ ਸਰਕਾਰ ਦੇ ਅਧੀਨ ਆਉਂਦੀ ਸੁਰੱਖਿਆ ਫੋਰਸ ਰਹੀ ਹੈ ਤੇ ਰਾਜਾਂ ਦੀ ਅੰਦਰੂਨੀ ਸੁਰੱਖਿਆ ਦੀ ਜ਼ਿੰਮੇਵਾਰੀ ਇਸੇ ਹੇਠ ਆਉਂਦੀ ਸੀ। ਪਰ ਢਾਂਚੇ ਦਾ ਜਿਵੇਂ-ਜਿਵੇਂ ਕੇਂਦਰੀਕਰਨ ਹੋ ਰਿਹਾ ਹੈ, ਉਵੇਂ ਹੀ ਪੁਲਸ ਨੂੰ ਵੀ ਕੇਂਦਰ ਸਰਕਾਰ ਦੀਆਂ ਸੰਗਲੀਆਂ 'ਚ ਜਕੜਨ ਅਤੇ ਰਾਜਾਂ ਦੇ ਅਧਿਕਾਰ ਤੋਂ ਖੋਹ ਕੇ ਸਿੱਧਾ ਕੇਂਦਰ ਦੀ ਲਗਾਮ ਹੇਠ ਲਿਆਉਣ ਦੀ ਸਾਜ਼ਿਸ਼ੀ ਨੀਤੀ ਹੀ ਹੈ। ਇਹ ਉਨ੍ਹਾਂ ਵੀ ਸਾਫ਼ ਕੀਤਾ ਕਿ ਇਸ ਚਿੰਤਨ ਸ਼ਿਵਰ ਦਾ ਅਸਲ ਉਦੇਸ਼ ਤਾਂ ਮੌਜੂਦਾ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਦੇ ਹੇਠ ਰਾਜਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਦਿਆਂ ਰਾਜ ਪੁਲਸ ਦੀ ਥਾਂ ਰਾਜਾਂ ਉਤੇ ਇੱਕ ਕੇਂਦਰੀਕ੍ਰਿਤ ਦੇਸ਼ ਵਿਆਪੀ ਇੱਕ ਪੁਲਸ ਪ੍ਰਬੰਧ ਥੋਪਣ ਦੀ ਨੀਤੀ ਨੂੰ ਅਮਲੀ ਰੂਪ ਦੇਣਾ ਸੀ ਅਤੇ ਇਸ 'ਚਿੰਤਨ ਬੈਠਕ' ਵਿੱਚ ਲਏ ਫੈਸਲੇ ਰਾਜਸੱਤਾ ਨੂੰ ਫਾਸ਼ੀਵਾਦੀ ਤਾਕਤਾਂ ਵੱਲੋਂ ਹਥਿਆਉਣ ਵੱਲ ਇੱਕ ਹੋਰ ਮਜ਼ਬੂਤ ਕਦਮ ਵਧਣ ਵਾਲੇ ਹੀ ਸਨ। ਜਿਸ ਦਿਸ਼ਾ ਵਿੱਚ ਪਹਿਲਾਂ ਹੀ ਮੋਦੀ ਜਾਂ ਸੰਘੀ ਹਕੂਮਤ ਵੱਲੋਂ ਅੱਤਵਾਦੀ ਗਤੀਵਿਧੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਵਿੱਚ ਸਖ਼ਤ ਮੱਦਾਂ ਜੋੜਨ, ਐੱਨ ਆਈ ਏ (ਕੌਮੀ ਜਾਂਚ ਏਜੰਸੀ) ਦਾ ਗਠਨ ਆਦਿ ਤੋਂ ਇਲਾਵਾ ਰਾਜ ਢਾਂਚੇ ਨੂੰ ਹੋਰ ਜਾਬਰ ਅਤੇ ਹਮਲਾਵਰ ਬਣਾਉਣ ਦੀਆਂ ਸਾਜ਼ਿਸ਼ਾਂ ਸ਼ਾਮਲ ਸਨ। ਇਹ ਵੀ ਉਸੇ ਦਿਸ਼ਾ ਵੱਲ ਨਾ ਸਿਰਫ਼ ਅਗਲੇਰਾ ਕਦਮ ਹਨ, ਸਗੋਂ ਇਸ 'ਤੇ ਮੋਹਰ ਲਾਉਣ ਵਾਲੀ ਕਵਾਇਦ ਵੀ ਹੋ ਨਿੱਬੜੀ।

ਗ੍ਰਹਿ ਮੰਤਰੀਆਂ ਜਾਂ ਵਿਭਾਗਾਂ ਦੀ ਇਸ ਬੈਠਕ ਵਿੱਚ ਭਾਜਪਾ ਦੇ ਮੁੱਖ ਮੰਤਰੀਆਂ ਤੋਂ ਇਲਾਵਾ ਸਿਰਫ਼ ਪੰਜਾਬ ਤੇ ਕੇਰਲਾ ਦੇ ਮੁੱਖ ਮੰਤਰੀ ਹੀ ਸ਼ਾਮਲ ਹੋਏ। ਹੋਰ ਵਿਰੋਧੀ ਪਾਰਟੀਆਂ ਦੀਆਂ ਰਾਜ ਸਰਕਾਰਾਂ ਦੇ ਮੁੱਖ ਮੰਤਰੀ ਇਸ 'ਚਿੰਤਨ ਬੈਠਕ' ਵਿੱਚ ਸ਼ਾਮਲ ਨਹੀਂ ਹੋਏ। ਜਿਨ੍ਹਾਂ 'ਚ ਬੰਗਾਲ, ਬਿਹਾਰ, ਉੜੀਸਾ, ਰਾਜਸਥਾਨ, ਤਾਮਿਲਨਾਡੂ ਦੇ ਮੁੱਖ ਮੰਤਰੀ ਸ਼ਾਮਲ ਹਨ, ਹਾਲਾਂਕਿ ਉਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਹਨ। ਭਗਵੰਤ ਮਾਨ ਦਾ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਹੋਣ ਵਜੋਂ ਸ਼ਾਮਲ ਹੋਣਾ ਅਤੇ ਇਸ ਬੈਠਕ ਦੇ ਫੈਸਲਿਆਂ ਨੂੰ ਪ੍ਰਵਾਨ ਕਰਨਾ ਕੀ ਇਸ਼ਾਰਾ ਕਰਦਾ ਹੈ। ਇਹ ਬੁੱਝਿਆ ਜਾ ਸਕਦਾ ਹੈ, ਕਿਉਂਕਿ ਆਮ ਆਦਮੀ ਪਾਰਟੀ ਖ਼ੁਦ ਭਾਜਪਾ ਨਾਲੋਂ ਅੱਗੇ ਵਧ ਕੇ ਹਿੰਦੂਤਵੀ ਏਜੰਡੇ ਦੀ ਵੱਡੀ ਪੈਰੋਕਾਰ ਬਣਨ ਤੇ ਸਾਬਿਤ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ, ਪਰ ਕੇਰਲਾ ਦੇ ਮੁੱਖ ਮੰਤਰੀ ਜੋ ਸੀ ਪੀ ਆਈ (ਮਾਰਕਸੀ) ਨਾਲ ਸੰਬੰਧਤ ਹਨ, ਪਿਨਰਾਈ ਵਿਜਯਨ ਦਾ ਸ਼ਾਮਲ ਹੋਣਾ ਸਮਝ ਤੋਂ ਬਾਹਰੀ ਹੈ।

ਇਸ ਬੈਠਕ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਾਨੂੰਨ ਤੇ ਵਿਵਸਥਾ ਉਤੇ ਇੱਕ ਸਾਮਾਨ ਕੌਮੀ ਨੀਤੀ ਦੇ ਨਾਲ 'ਇੱਕ ਡੈਟਾ-ਇਕ ਕਾਰਵਾਈ ਅਮਲ' ਦੇ ਸਿਧਾਂਤ ਦੇ ਆਧਾਰ ਉਤੇ 2024 ਤੱਕ ਹਰ ਇੱਕ ਰਾਜ ਵਿੱਚ ਕੌਮੀ ਜਾਂਚ ਏਜੰਸੀ ਦਾ ਇੱਕ ਦਫ਼ਤਰ ਬਣਾਉਣ ਦੀ ਵੀ ਵਿਉਂਤ ਉਲੀਕੀ ਅਤੇ ਇਸੇ 'ਚਿੰਤਨ ਬੈਠਕ' ਵਿੱਚ ਪ੍ਰਧਾਨ ਮੰਤਰੀ ਮੋਦੀ ਨੇ 'ਇੱਕ ਰਾਸ਼ਟਰ-ਇੱਕ ਪੁਲਸ ਵਰਦੀ'-ਦਾ ਵੀ ਪ੍ਰਸਤਾਵ ਰੱਖਿਆ। ਦਰਅਸਲ ਇਹ-'ਇੱਕ ਰਾਸ਼ਟਰ-ਇੱਕ ਪੁਲਸ ਪ੍ਰਬੰਧ'-ਭਾਵ ਰਾਜ ਪੁਲਸ ਸਿੱਧਾ ਕੇਂਦਰ ਦੇ ਅਧੀਨ ਕਰਨ ਦਾ ਐਲਾਨੀਆ ਸੱਦਾ ਸੀ। ਉਹਨੇ ਤਾਂ 'ਅੱਤਵਾਦ ਦੇ ਵਿਰੁੱਧ ਲੜਨ ਵਿੱਚ ਪੁਲਸ ਨੂੰ ਉਤਸ਼ਾਹਤ' ਹੀ ਨਹੀਂ ਕੀਤਾ, ਸਗੋਂ ਯੂ ਏ ਪੀ ਏ ਦੀ ਪ੍ਰਸੰਸਾ ਵੀ ਕੀਤੀ। ਇਹ ਬਿਆਨ ਐਨ ਉਸ ਮੌਕੇ ਆਇਆ, ਜਦੋਂ ਸੁਪਰੀਮ ਕੋਰਟ ਵਿੱਚ ਯੂ ਏ ਪੀ ਏ ਕਾਨੂੰਨ ਨੂੰ ਹੀ ਚੁਣੌਤੀ ਦੇਣ ਵਾਲੀ ਇੱਕ ਰਿੱਟ ਦਾਖ਼ਲ ਹੋਈ ਹੈ, ਜਿਸ ਬਾਰੇ ਸੁਪਰੀਮ ਕੋਰਟ ਨੇ ਸੁਣਵਾਈ ਅਜੇ ਰੋਕੀ ਹੋਈ ਹੈ। ਯਾਦ ਹੋਵੇਗਾ ਕਿ 2018 ਤੋਂ 2020 ਦਰਮਿਆਨ ਯੂ ਏ ਪੀ ਏ ਕਾਨੂੰਨ ਤਹਿਤ ਦੇਸ਼ ਵਿੱਚ 4690 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਦੋਸ਼ੀ ਸਿਰਫ਼ ਤਿੰਨ ਫ਼ੀਸਦੀ ਹੀ ਸਾਬਿਤ ਹੋ ਸਕੇ। ਭਾਵ ਰਸਮੀ ਤੌਰ 'ਤੇ ਸਬੂਤਾਂ ਦੇ ਆਧਾਰਤ ਸਜ਼ਾ ਸੁਣਾਏ ਬਗੈਰ ਹੀ ਸਜ਼ਾ ਦੇਣ ਦੀ ਪੂਰੀ ਵਿਵਸਥਾ ਹੈ ਯੂ ਏ ਪੀ ਏ ਕਾਨੂੰਨ ਵਿੱਚ। ਯਾਦ ਹੋਵੇਗਾ ਇਸੇ 'ਚਿੰਤਨ ਬੈਠਕ' ਵਿੱਚ ਇੱਕ ਵੀਡੀਓ ਕਾਨਫ਼ਰੰਸ ਰਾਹੀਂ ਮੋਦੀ ਨੇ ਇਹ ਵੀ ਗੱਲ ਕਹੀ ਕਿ, 'ਬੰਦੂਕ ਦੇ ਨਾਲੋਂ ਕਲਮ ਜ਼ਿਆਦਾ ਖ਼ਤਰਨਾਕ ਹੈ।' ਉਨ੍ਹਾਂ 'ਕਲਮ ਦੇ ਨਕਸਲੀਆਂ' ਵੱਲੋਂ ਕੀਤੀਆਂ ਗਤੀਵਿਧੀਆਂ ਨਾਲ ਨਜਿੱਠਣ ਤੇ ਉਨ੍ਹਾਂ ਉਤੇ ਜਬਰ ਕਰਨ ਦੇ ਸਾਫ਼ ਸੰਕੇਤ ਦਿੱਤੇ। ਮੋਦੀ ਦਾ ਇਹ ਕਹਿਣਾ ਕਿ ਬੰਦੂਕ ਵਾਲਿਆਂ ਦੇ ਨਾਲ-ਨਾਲ ਕਲਮ ਨਾਲ ਹਕੂਮਤ ਦਾ ਵਿਰੋਧ ਕਰਨ ਵਾਲੇ ਜ਼ਿਆਦਾ ਖ਼ਤਰਨਾਕ ਹਨ, ਦਾ ਸਾਫ਼ ਸੰਕੇਤ ਹੈ ਕਿ ਸਰਕਾਰ ਦੀ ਅਲੋਚਨਾ ਕਰਨ ਵਾਲੇ ਲੋਕ ਪੱਖੀ ਬੁੱਧੀਜੀਵੀਆਂ ਉਤੇ ਜਬਰ ਦੀ ਪੁਲਸ ਨੂੰ ਨਾ ਸਿਰਫ਼ ਖੁੱਲ੍ਹੀ ਛੁੱਟੀ ਹੋਵੇਗੀ, ਸਗੋਂ ਕੇਂਦਰੀਕ੍ਰਿਤ ਪੁਲਸ ਢਾਂਚੇ ਰਾਹੀਂ ਇਸ ਜਬਰ ਨੂੰ ਵਿਆਪਕ ਸ਼ਕਲ ਵੀ ਦਿੱਤੀ ਜਾਵੇਗੀ। ਇਹ ਨਾ ਸਿਰਫ਼ ਆਜ਼ਾਦ ਤੇ ਨਿਰਪੱਖ ਰਾਏ ਜਾਂ ਵਿਚਾਰ ਰੱਖਣ, ਵਿਅਕਤੀ ਦੀ ਆਜ਼ਾਦੀ ਨੂੰ ਕੁਚਲਣ ਦਾ ਸਿੱਧਾ ਸੰਦੇਸ਼ ਹੈ, ਸਗੋਂ ਉਨ੍ਹਾਂ ਨੂੰ 'ਦੇਸ਼ ਧ੍ਰੋਹੀ' ਤੇ 'ਕੌਮ ਵਿਰੋਧੀ' ਕਹਿ ਕੇ ਜਬਰ ਨੂੰ ਵਾਜਬੀਅਤ ਦੇਣ ਦਾ ਵੀ ਸੰਦ ਹੋ ਨਿੱਬੜੇਗਾ। ਮੋਦੀ ਸਰਕਾਰ ਨੇ ਆਪਣੇ ਫਾਸ਼ੀਵਾਦੀ ਮਨਸ਼ਿਆਂ ਨੂੰ ਨਿਸ਼ੰਗ ਰੂਪ ਵਿੱਚ ਪ੍ਰਗਟ ਕਰ ਦਿੱਤਾ ਹੈ ਕਿ ਅਗਲੇਰੇ ਦੌਰ ਵਿੱਚ ਉਹ ਕੀ ਕਰਨ ਜਾ ਰਹੀ ਹੈ। ਯੂ ਏ ਪੀ ਏ ਦੇ ਨਾਲ-ਨਾਲ ਹੁਣ ਆਈ ਪੀ ਸੀ ਭਾਵ ਇੰਡੀਅਨ ਪੈਨਲ ਕੋਡ ਵਿੱਚ ਵੀ ਗੈਰ ਬਸਤੀਵਾਦੀ ਕਰਨ ਦੇ ਨਾਂਅ ਹੇਠ ਜਾਂ 'ਬਸਤੀਵਾਦੀ ਮਾਨਸਿਕਤਾ ਤੋਂ ਮੁਕਤੀ' ਦੇ ਨਾਂ ਹੇਠ ਕੀਤੇ ਜਾ ਰਹੇ 'ਸੁਧਾਰਾਂ' ਦੇ ਰਾਹੀਂ ਰਾਜ ਨੂੰ ਹੋਰ ਜਾਬਰ ਤੇ ਜੰਗਲੀ ਬਣਾਉਣ ਦਾ ਰਾਹ ਸਾਫ਼ ਕੀਤਾ ਜਾਵੇਗਾ। ਮੋਦੀ ਨੇ 'ਪੂਰੇ ਦੇਸ਼ ਵਿੱਚ ਇਕੋ ਪੁਲਸ ਵਰਦੀ ਦੇ ਪੱਖ ਵਿੱਚ ਵੱਡੀ ਪੱਧਰ ਉਤੇ ਉਤਪਾਦਨ ਦੇ ਰਾਹੀਂ ਹੋਣ ਵਾਲੀ ਬਦਤ (ਇਕਾਨਮੀ ਆਫ਼ ਸਕੇਲ) ਦਾ ਵੀ ਤਰਕ ਦਿੱਤਾ। ਜਿਹਦਾ ਭਾਵ ਇਹ ਕਿ ਪ੍ਰਸ਼ਾਸਨਿਕ ਪ੍ਰਬੰਧ ਉਤੇ ਹੋਣ ਵਾਲੇ ਖਰਚ ਉਤਪਾਦ ਤੇ ਖਰਚ ਨੂੰ ਕੇਂਦਰੀਕ੍ਰਿਤ ਕਰਕੇ ਵੱਡੇ ਇਜਾਰੇਦਾਰ ਕਾਰਪੋਰੇਟ ਪੂੰਜੀਪਤੀਆਂ ਦੇ ਹੱਥ ਸੌਂਪਣਾ ਵੀ ਇਹਦੇ ਮਕਸਦਾਂ ਵਿੱਚੋਂ ਇੱਕ ਹੈ। ਰਾਜਨੀਤਕ ਮਕਸਦ ਦੇ ਨਾਲ ਨਾਲ ਇਸ ਆਰਥਿਕ ਉਦੇਸ਼ ਦਾ ਹੋਣਾ ਵੀ ਇੱਕ ਵਾਰ ਫਿਰ ਸਪਸ਼ਟ ਕਰਦਾ ਹੈ ਕਿ ਕਿਵੇਂ ਧੌਂਸਗਿਰੀ ਸਥਾਪਤ ਕਰਨ ਵਾਲੀ ਰਾਜਨੀਤੀ ਤੇ ਕਾਰਪੋਰੇਟ ਇਜਾਰੇਦਾਰੀ ਪੂੰਜੀ ਦੇ ਹਿੱਤਾਂ ਦਾ ਆਪਸ ਵਿੱਚ ਘੁੱਲ ਮਿਲ ਜਾਣਾ ਇੱਕ ਫਾਸ਼ੀਵਾਦੀ ਰਾਜ ਦੀ ਢਾਂਚੇ ਦੀ ਜ਼ਮੀਨ ਤਿਆਰ ਕਰਦਾ ਹੈ। ਲੱਗਭੱਗ ਉਸੇ ਸਮੇਂ ਜਦੋਂ ਅੰਤਹੀਣ, ਵਿਆਪਕ ਅਤੇ ਨਾ ਹੱਲ ਹੋਣ ਵਾਲਾ ਪੂੰਜੀਵਾਦੀ ਆਰਥਿਕ ਸੰਕਟ ਪਸਾਰੇ ਦੇ ਦੌਰ 'ਚ ਹੈ ਅਤੇ ਕਾਰਪੋਰੇਟ ਪੂੰਜੀ ਬਾਜ਼ਾਰ ਮੰਗ ਦੇ ਸੁੰਗੜਨ ਦਾ ਸਾਹਮਣਾ ਕਰ ਰਹੀ ਹੈ ਤਾਂ ਰਾਜ ਖੁਦ ਹੀ ਆਪਣੀਆਂ ਨੀਤੀਆਂ ਦੇ ਰਾਹੀਂ ਉਹਦੇ ਲਈ ਬਾਜ਼ਾਰ ਤੇ ਵਿਕਰੀ ਦੇ ਆਰਡਰ ਜੁਟਾਉਂਦਾ ਹੈ ਅਤੇ ਬੱਜਟ ਦੇ ਰਾਹੀਂ ਭਾਵ ਟੈਕਸਾਂ ਰਾਹੀਂ ਕੀਤੀ ਵਸੂਲੀ ਲੋਕਾਂ ਦੀ ਰਾਸ਼ੀ ਵਿੱਚੋਂ ਉਹ ਕੀਮਤ ਵੀ ਸਿੱਧਿਆਂ ਕਾਰਪੋਰੇਟਾਂ ਨੂੰ ਅਦਾ ਕਰਦਾ ਹੈ। ਇਹ ਉਹੀ ਹਾਲਤ ਹੈ, ਜਿਸ 'ਚ ਇਜਾਰੇਦਾਰ ਕਾਰਪੋਰੇਟ ਪੂੰਜੀਪਤੀ ਰਾਜ ਤੇ ਸਰਕਾਰ ਉਤੇ ਸਿੱਧਾ ਤੇ ਸਖ਼ਤ ਕੰਟਰੋਲ ਦੀ ਜ਼ਿਆਦਾ ਵਧੇਰੇ ਲੋੜ ਸਮਝਦੇ ਹਨ ਤੇ ਉਧਰ ਵਧਦੇ ਹਨ। 'ਇੱਕ ਦੇਸ਼ ਇੱਕ ਟੈਕਸ' ਵਾਲੀ ਜੀ ਐੱਸ ਟੀ ਦੇ ਰਾਹੀਂ ਅਪ੍ਰੱਤਖ ਟੈਕਸਾਂ ਦਾ ਵੱਡਾ ਹਿੱਸਾ ਰਾਜਾਂ ਤੇ ਚੁਣੀਆਂ ਹੋਈਆਂ ਸਰਕਾਰਾਂ ਤੋਂ ਖੋਹ ਕੇ ਕੇਂਦਰੀ ਅਫ਼ਸਰਸ਼ਾਹੀ ਦੇ ਕੰਟਰੋਲ 'ਚ ਲਿਆਉਣ ਤੋਂ ਲੈ ਕੇ 'ਇੱਕ ਦੇਸ਼ ਇੱਕ ਪੁਲਸ (ਵਰਦੀ)' ਦੀ ਨੀਤੀ ਵਿਚਲੀ ਕੀ ਸਾਂਝ ਹੈ, ਪ੍ਰਤੱਖ ਹੁੰਦੀ ਹੈ। ਇਹ ਨਾ ਸਮਝੋ ਕਿ ਇਹ ਸਿਰਫ਼ ਆਰ ਐੱਸ ਐੱਸ ਤੇ ਮੋਦੀ ਦੇ ਤਾਨਾਸ਼ਾਹੀ ਦਿਮਾਗ ਦਾ ਫਤੂਰ ਹੈ। ਇਸ ਪਿੱਛੇ ਕਾਰਪੋਰੇਟੀ ਇਜਾਰੇਦਾਰ ਪੂੰਜੀ ਦੇ ਹਿੱਤ ਤੇ ਲੋੜਾਂ ਵੀ ਖਲੋਤੀਆਂ ਹਨ ਅਤੇ-'ਇੱਕ ਦੇਸ਼-ਇੱਕ ਮੀਡੀਆ' ਲੋਕਾਂ ਦੀ ਆਮ ਸਹਿਮਤੀ ਲਈ ਝੂਠ ਤੇ ਫਰਜ਼ੀ ਤੱਥਾਂ ਨੂੰ ਪਰੋਸ ਕੇ ਸੰਮੋਹਨ ਕਰਨ ਦੀ ਭੂਮਿਕਾ ਨਿਭਾਉਂਦੇ ਹਨ।

ਉਧਰ ਭਾਰਤੀ ਸਬੂਤਾਂ ਜਾਂ ਗਵਾਹੀ ਨਿਯਮ ਅਤੇ ਅਪਰਾਧਿਕ ਪ੍ਰਕ੍ਰਿਆ ਸਹਿਤਾ ਦੀਆਂ ਬੁਨਿਆਦੀ ਪ੍ਰਕ੍ਰਿਆਵਾਂ ਵਿੱਚ ਤਬਦੀਲੀ ਸੰਵਿਧਾਨ ਵਿੱਚ ਦਿੱਤੇ ਬੁਨਿਆਦੀ ਅਤੇ ਵਿਅਕਤੀ ਦੇ ਜਮਹੂਰੀ ਅਧਿਕਾਰਾਂ ਜਿਹੜੇ ਵਿਸ਼ਵ ਪੱਧਰ ਉਤੇ ਦਸਤਾਵੇਜ਼ਾਂ ਵਿੱਚ ਪ੍ਰਮਾਣਿਤ ਮੰਨੇ ਗਏ ਹਨ, ਨੂੰ ਖੋਹਣਾ ਉਨ੍ਹਾਂ ਮਾਨਤਾਵਾਂ ਦੇ ਵੀ ਵਿਰੁੱਧ ਹੈ। ਕੌਮੀ ਜਾਂਚ ਏਜੰਸੀ ਦੀਆਂ ਤਾਕਤਾਂ ਦੇ ਵਿਸਥਾਰ ਵਿੱਚ ਤਾਂ ਇਹ ਵੀ ਹੈ ਕਿ ਇਹ ਜ਼ਿਲ੍ਹਾ ਪੱਧਰੀ ਅਦਾਲਤਾਂ ਨੂੰ ਅਣਡਿੱਠ ਕਰਕੇ ਵਿਸ਼ੇਸ਼ ਅਦਾਲਤਾਂ ਦੀ ਸਥਾਪਨਾ ਵੀ ਕਰ ਸਕਦੀ ਹੈ, ਜਿਹਦਾ ਮਤਲਬ ਕਿ ਨਿਆਂ ਪ੍ਰਬੰਧ ਵੀ ਇੱਕ ਡਰਾਮਾ ਬਣਾ ਦਿੱਤਾ ਜਾਵੇਗਾ। ਇਸ ਏਜੰਸੀ ਰਾਹੀਂ ਮਨਮਰਜ਼ੀ ਦੀ ਸਜ਼ਾ ਦੇਣ ਦੇ ਰਾਹ ਖੁੱਲ੍ਹ ਜਾਣਗੇ। ਇਉਂ ਕੇਂਦਰੀ ਹਕੂਮਤ ਨੂੰ ਆਪਣੇ ਵਿਰੋਧੀਆਂ ਉਤੇ ਜਬਰ ਕਰਨ ਲਈ ਉਹ ਸਾਰੇ ਰਾਹ ਖੁੱਲ੍ਹ ਜਾਣਗੇ ਅਤੇ ਸਾਰੀਆਂ ਰੋਕਾਂ ਦੂਰ ਹੋ ਜਾਣਗੀਆਂ। ਇਥੋਂ ਤੱਕ ਕਿ ਰਾਜ ਸਰਕਾਰ ਬੇਸ਼ੱਕ ਕੇਂਦਰੀ ਸੱਤਾ ਉਤੇ ਬਿਰਾਜਮਾਨ ਪਾਰਟੀ ਦੀ ਵਿਰੋਧੀ ਧਿਰ ਦੀ ਵੀ ਕਿਉਂ ਨਾ ਹੋਵੇ। ਕੇਂਦਰ ਕੇਂਦਰੀਕ੍ਰਿਤ ਪੁਲਸ ਤੰਤਰ ਰਾਹੀਂ ਹਰ ਵਿਰੋਧ ਦੀ ਆਵਾਜ਼ ਨੂੰ ਕੁਚਲਣ ਲਈ ਸਾਰੇ ਰਾਹ ਮੋਕਲੇ ਕਰ ਲਵੇਗੀ। ਮੌਜੂਦਾ ਕਾਨੂੰਨੀ ਪ੍ਰਕ੍ਰਿਆ ਕੇਂਦਰੀ ਸੱਤਾ ਦੇ ਰਾਹ ਵਿੱਚ ਇੱਕ ਰੁਕਾਵਟ ਖੜੀ ਕਰਦੀ ਹੈ। ਤਾਜ਼ਾ ਮਿਸਾਲ ਬੰਬੇ ਹਾਈਕੋਰਟ ਵੱਲੋਂ ਪ੍ਰੋਫ਼ੈਸਰ ਸਾਈ ਬਾਬਾ ਤੇ ਉਹਦੇ ਸਾਥੀਆਂ ਨੂੰ ਦਿੱਤੇ ਰਿਹਾਅ ਕਰਨ ਦੇ ਆਦੇਸ਼ ਤੋਂ ਵੀ ਵੇਖੀ ਜਾ ਸਕਦੀ ਹੈ। ਜਿਸ 'ਚ ਕੋਰਟ ਨੇ ਪੁਲਸ ਪ੍ਰਕ੍ਰਿਆ ਵੱਲੋਂ ਕੀਤੀਆਂ ਕਾਨੂੰਨੀ ਉਲੰਘਣਾਵਾਂ ਉਤੇ ਉਂਗਲੀ ਰੱਖੀ ਹੈ। ਸੋ ਹਕੂਮਤ ਹੁਣ ਇਨ੍ਹਾਂ ਪ੍ਰਕ੍ਰਿਆਵਾਂ ਦੇ ਬੰਧਨਾਂ ਤੋਂ ਮੁਕਤ ਹੋਣ ਦੀ ਕੋਸ਼ਿਸ਼ ਵਿੱਚ ਹੈ, ਤਾਂ ਕਿ ਉਹਦੀ 'ਇੱਛਾ' ਉੱਤੇ ਫੁੱਲ ਚੜ੍ਹਾਉਣ ਵਾਲੀ ਪ੍ਰਤੀਬੱਧ ਅਦਾਲਤੀ ਵਿਵਸਥਾ ਲਈ ਰਾਹ ਖੁੱਲ੍ਹ ਸਕੇ।

ਮੁੱਕਦੀ ਗੱਲ ਇਹ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਰਾਜਾਂ ਦੇ ਗ੍ਰਹਿ ਵਿਭਾਗਾਂ ਦੇ ਮੁਖੀਆਂ ਨਾਲ ਕੀਤੀ ਬੈਠਕ ਜਿਹਨੂੰ 'ਚਿੰਤਨ ਬੈਠਕ' ਕਿਹਾ ਗਿਆ ਹੈ, ਵਿੱਚ ਆਏ ਵਿਚਾਰ, ਬੁਰਜੂਆ ਸੰਸਦੀ ਜਮਹੂਰੀਅਤ ਤੇ ਸੰਸਥਾਵਾਂ ਦੇ ਜਾਬਰ ਤੇ ਦਮਨਕਾਰੀ ਚਰਿਤਰ ਨੂੰ ਵੀ ਬਹੁਤ ਪਿੱਛੇ ਧੱਕ ਦਿੰਦਾ ਹੈ। ਹਕੂਮਤ ਹੁਣ ਕਿਸੇ ਵੀ ਵਿਰੋਧ ਜਾਂ ਵਿਰੋਧੀ ਵਿਚਾਰ ਨੂੰ ਆਪਣੇ ਰਾਹ 'ਚੋਂ ਹਟਾਉਣ ਲਈ ਹਰ ਰੋਕ ਨੂੰ ਖ਼ਤਮ ਕਰਨ ਉਤੇ ਤੁਲੀ ਹੋਈ ਹੈ। ਮਜ਼ਦੂਰਾਂ ਦੇ ਅਧਿਕਾਰਾਂ ਨੂੰ ਖੋਹ ਕੇ ਚਾਰ ਕਿਰਤ ਕੋਡਾਂ ਰਾਹੀਂ ਜਿਹੜਾ ਤਾਨਾਸ਼ਾਹ ਚਰਿਤਰ ਪੂੰਜੀ ਤੇ ਪੂੰਜੀ ਦੀ ਸੱਤਾ ਨੇ ਸਾਹਮਣੇ ਲਿਆਂਦਾ ਸੀ, ਇਹ 'ਚਿੰਤਨ ਬੈਠਕ' ਉਸ ਤੋਂ ਵੀ ਅੱਗੇ ਲੰਘ ਗਈ ਹੈ ਅਤੇ ਪ੍ਰਧਾਨ ਮੰਤਰੀ ਦਾ 'ਬੰਦੂਕ ਨਾਲੋਂ ਕਲਮ ਨੂੰ ਜ਼ਿਆਦਾ ਖ਼ਤਰਨਾਕ ਕਹਿਣਾ।' ਆਪਣੇ ਆਪ ਵਿੱਚ ਇਹ ਦਰਸਾਉਂਦਾ ਹੈ ਕਿ ਹਕੂਮਤ ਹੁਣ 'ਬੰਦੂਕ ਦੇ ਅੱਤਵਾਦ ਤੋਂ ਨਹੀਂ ਡਰਦੀ' ਉਹਨੂੰ 'ਕਲਮ' ਜ਼ਿਆਦਾ ਅੱਤਵਾਦੀ ਲੱਗਣ ਲੱਗੀ ਹੈ। ਲੋਕਾਂ ਨੂੰ ਵਿੱਦਿਆ ਦੇ ਅਧਿਕਾਰ ਤੇ ਵਿਚਾਰ ਵਿਹੂਣਾ ਹੀ ਨਹੀਂ ਬਣਾਇਆ ਜਾ ਰਿਹਾ, ਦਿਮਾਗੀ ਤੌਰ 'ਤੇ ਦਹਿਸ਼ਤਜ਼ਦਾ ਵੀ ਕੀਤਾ ਜਾ ਰਿਹਾ ਹੈ। ਰਾਜ ਵੱਲੋਂ ਪੁਲਸ ਦਾ ਕੇਂਦਰੀਕਰਨ, ਕੌਮੀ ਜਾਂਚ ਏਜੰਸੀ ਦਾ ਰਾਜਾਂ ਤੇ ਫਿਰ ਜ਼ਿਲ੍ਹਿਆਂ ਤੱਕ ਵਿਸਥਾਰ ਇੱਕ ਡਰੇ ਹੋਏ ਰਾਜ ਦੀ ਨਿਸ਼ਾਨੀ ਹੈ। ਜੋ ਲੋਕਾਂ ਦੇ ਅਧਿਕਾਰਾਂ ਨੂੰ ਹੀ ਨਹੀਂ, ਹਰ ਵਿਰੋਧੀ ਵਿਚਾਰ ਨੂੰ ਕੁਚਲਣ ਉਤੇ ਤੁਲੀ ਹੋਈ ਹੈ।

# ਸੰਪਰਕ : 93544-30211

28-NOV-PAGE-5.qxd 11/27/2022 9:06 PM Page 1



# ਕਿਸਾਨਾਂ ਵੱਲੋਂ ਜ਼ਿਲ੍ਹਾ ਸਕੱਤਰੇਤ ਵਿਖੇ ਪੱਕਾ ਮੋਰਚਾ ਸ਼ੁਰੂ



ਮੋਗਾ (ਅਮਰਜੀਤ ਬੱਬਰੀ)-ਮੋਗਾ ਜ਼ਿਲ੍ਹੇ ਦੇ ਕਿਸਾਨਾਂ ਜ਼ਿਲ੍ਹਾ ਸਕੱਤਰੇਤ ਅੰਦਰ ਦਾਖਲ ਹੋ ਕੇ ਕੱਲ੍ਹ ਤੋਂ ਦਿਨ-ਰਾਤ ਦਾ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਕਿਸਾਨਾਂ ਨੇ ਐਲਾਨ ਕੀਤਾ ਕਿ ਉਨ੍ਹਾਂ ਦੀਆਂ 23 ਫਸਲਾਂ ਦੀ ਗਾਰੰਟੀ ਦਾ ਕਾਨੂੰਨ, ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦੇਣਾ, ਅੰਦੋਲਨ ਦੌਰਾਨ ਕਿਸਾਨਾਂ ’ਤੇ ਕੀਤੇ ਪਰਚੇ ਰੱਦ ਕਰਨ ਤੇ ਹੋਰ ਮੰਗਾਂ ਮੰਨਣ ਤੱਕ ਇਹ ਸੰਘਰਸ਼ ਜਾਰੀ ਰਹੇਗਾ।

ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਆਗੂ ਰਾਣਾ ਰਣਬੀਰ ਸਿੰਘ ਠੱਠਾ, ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਤੇ ਜ਼ਿਲ੍ਹਾ ਸਕੱਤਰ ਕੁਲਵੰਤ ਸਿੰਘ ਖੋਸਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਕਿਸਾਨਾਂ ਮਜ਼ਦੂਰਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਪੂਰਾ ਕਰਨ ਤੋਂ ਭੱਜ ਚੁੱਕੀ ਹੈ। ਉਨ੍ਹਾਂ ਕਿਹਾ ਕਿ ਅੰਦੋਲਨ ਦੌਰਾਨ ਸ਼ਹੀਦ ਹੋਏ ਪਰਿਵਾਰਾਂ ਦਾ ਰਹਿੰਦਾ ਮੁਆਵਜ਼ਾ ਤੇ ਇੱਕ ਜੀਅ ਨੂੰ ਸਰਕਾਰੀ ਨੌਕਰੀ, ਭਾਖੜਾ ਮੈਨੇਜਮੈਂਟ ਵਿੱਚ ਪੰਜਾਬ ਦੀ ਹਿੱਸੇਦਾਰੀ ਬਹਾਲ ਕਰਨੀ, ਪੱਤਰਕਾਰਾਂ ਤੇ ਬੁੱਧੀਜੀਵੀਆਂ ’ਤੇ ਪਾਏ ਕੇਸ ਰੱਦ ਕਰਨ ਤੇ ਜੇਲ੍ਹਾਂ ਵਿੱਚ ਬੰਦ ਆਗੂਆਂ ਨੂੰ ਰਿਹਾਅ ਕਰਨ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਕਰਨ, ਬਿਜਲੀ ਲਾਇਸੈਂਸ ਵੰਡ ਪ੍ਰਣਾਲੀ ਵਾਲਾ ਪਾਸ ਕੀਤਾ ਕਾਨੂੰਨ ਵਾਪਸ ਕਰਨ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਅਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦੇਣ ਕਾਮਨ ਵੈਲਜ ਲੈਂਡ ਐਕਟ 1961 ਵਿਚ ਕੀਤੀ ਸੋਧ ਵਾਪਸ ਲੈਣੀ, ਪੰਜਾਬ ’ਚੋਂ ਨਸ਼ਿਆਂ ਦਾ ਪੂਰਨ ਤੌਰ ’ਤੇ ਖਾਤਮਾ ਕਰਨਾ, ਪੰਜਾਬ ਵਿੱਚ ਪੈਦਾ ਹੋ ਰਹੇ ਰੋਜ਼ਾਨਾ ਲੱਖਾਂ ਲੀਟਰ ਦੁੱਧ ’ਤੇ ਪਾਬੰਦੀ ਲਾ ਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਬੰਦ ਕਰਨਾ, 2015 ਵਿੱਚ ਹੋਈਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੇਣਾ, ਜ਼ੀਰਾ ਵਿੱਚ ਚੱਲ ਰਹੀ ਮਾਲਬਰੋਜ ਫੈਕਟਰੀ ਜੋ ਧਰਤੀ ਹੇਠ ਕੈਮੀਕਲ ਵਾਲਾ ਪਾਣੀ ਪਾ ਰਹੀ ਹੈ, ਉਸ ਨੂੰ ਪੱਕੇ ਤੌਰ ’ਤੇ ਬੰਦ ਕਰ ਕੇ ਦੋਸ਼ੀ ਮਾਲਕ ਨੂੰ ਸਜ਼ਾ ਦੇਣਾ, ਨਹਿਰਾਂ ਤੇ ਦਰਿਆਈ ਪਾਣੀਆਂ ਵਿੱਚ ਪੈ ਰਿਹਾ ਗੰਦਾ ਤੇ ਫੈਕਟਰੀਆਂ ਦਾ ਕੈਮੀਕਲ ਪਾਣੀ ਬੰਦ ਕਰਕੇ ਪੰਜਾਬ ਦੇ ਹਰ ਖੇਤ ਨੂੰ ਨਹਿਰੀ ਪਾਣੀ ਲੱਗਦਾ ਕਰਨਾ, ਤਾਰੋਂ ਪਾਰਲੀਆਂ ਜ਼ਮੀਨਾਂ ਦਾ ਪਿਛਲਾ ਰਹਿੰਦਾ ਸਾਰਾ ਮੁਆਵਜ਼ਾ ਜਾਰੀ ਕਰਨਾ, ਮਜ਼ਦੂਰਾਂ ਨੂੰ ਲੜਕੀਆਂ ਦੇ ਵਿਆਹ ’ਤੇ ਦਿੱਤੀ ਜਾ ਰਹੀ 51 ਹਜ਼ਾਰ ਸ਼ਗਨ ਸਕੀਮ ਬਿਨਾਂ ਰੁਕਾਵਟ ਜਾਰੀ ਕਰਨ, ਬਿਨਾਂ ਸ਼ਰਤ ਬਿਜਲੀ ਦੀ 300 ਯੂਨਿਟ ਮੁਆਫੀ ਦੇਣਾ ਤੋਂ ਇਲਾਵਾ ਹੋਰ ਮੰਗ-ਪੱਤਰ ਵਿਚ ਪੰਜਾਬ ਤੇ ਕੇਂਦਰ ਸਰਕਾਰ ਨੂੰ ਭੇਜੀਆਂ। ਮੰਗਾਂ ਦੇ ਹੱਲ ਲਈ ਪੂਰੇ ਪੰਜਾਬ ਵਿਚ ਡੀ. ਸੀ. ਦਫਤਰਾਂ ਵਿਚ ਧਰਨੇ ਅੱਜ ਤੋਂ ਸ਼ੁਰੂ ਕਰ ਦਿੱਤੇ ਹਨ, ਜਿਸ ਤਹਿਤ ਮੋਗਾ ਜ਼ਲ੍ਹੇ ਦੇ ਡੀ.ਸੀ. ਦਫਤਰ ਵਿੱਚ ਵੀ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਗਿਆ ਹੈ, ਜੋ ਮੰਗਾਂ ਮੰਨਣ ਤੱਕ ਜਾਰੀ ਰਹੇਗਾ।

ਇਸ ਮੌਕੇ ਪ੍ਰੈੱਸ ਸਕੱਤਰ ਅਵਤਾਰ ਸਿੰਘ ਧਰਮ ਸਿੰਘ ਵਾਲਾ, ਸੀਨੀਅਰ ਆਗੂ ਸੁਖਮੰਦਰ ਸਿੰਘ ਕਿਸ਼ਨਪੁਰਾ, ਹਰਬੰਸ ਸਿੰਘ ਸਾਹ ਵਾਲਾ, ਸੁਖਦੇਵ ਸਿੰਘ ਤਲਵੰਡੀ ਭੰਗੇਰੀਆ, ਗੁਰਮੇਲ ਸਿੰਘ ਲੋਹਗੜ੍ਹ, ਜਰਨੈਲ ਮੋਗਾ, ਬਲਜਿੰਦਰ ਖੰਭੇ, ਗੁਰਦੇਵ ਗਰੇਵਾਲ, ਗੁਰਚਰਨ ਭਿੰਡਰ, ਗੁਰਮੇਲ ਸਿੰਘ ਤਲਵੰਡੀ ਮੱਲ੍ਹੀਆਂ, ਅਜੀਤ ਸਿੰਘ ਫਤਿਹਗੜ੍ਹ ਪੰਜਤੂਰ, ਰਣਜੀਤ ਸਿੰਘ ਚੀਮਾ ਆਦਿ ਹਾਜ਼ਰ ਸਨ।

## ਭਲਕੇ ਮੁਹਾਲੀ ’ਚ ਗੱਜਣਗੇ ਪੰਜਾਬ ਦੇ ਪੈਨਸ਼ਨਰਜ਼

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਫਿਰੋਜ਼ਪੁਰ ਅਤੇ ਇਸ ਦੀਆਂ ਸਹਿਯੋਗੀ ਪੈਨਸ਼ਨਰਜ਼ ਜਥੇਬੰਦੀਆਂ 29 ਨਵੰਬਰ 2022 ਨੂੰ ਮਹਾਂ ਰੈਲੀ (ਰੋਸ ਰੈਲੀ) ਮੋਹਾਲੀ ਵਿਖੇ ਯਾਦਵਿੰਦਰਾ ਚੌਕ ਵਿਚ ਕਰਨਗੀਆਂ। ਅਜੀਤ ਸਿੰਘ ਸੋਢੀ ਜਨਰਲ ਸਕੱਤਰ ਅਤੇ ਸੁਰਿੰਦਰ ਕੁਮਾਰ ਜੋਸਨ ਵਿੱਤ ਸਕੱਤਰ ਨੇ ਦੱਸਿਆ ਕਿ ਪੰਜਾਬ ਦੇ ਵਿੱਤ ਵਿਭਾਗ ਵੱਲੋਂ 2.59 ਗੁਣਾਕ , 6ਵੇਂ ਪੇ ਕਮਿਸ਼ਨ ਵੱਲੋਂ ਸਿਫਾਰਸ਼ ਕੀਤਾ ਗਿਆ ਸੀ ਤੇ ਕੌਂਸਲ ਆਫ ਮਨਿਸਟਰੀ ਵੱਲੋਂ ਵੀ ਪਾਸ ਕੀਤਾ ਗਿਆ ਸੀ, ਪਰ ਸਰਕਾਰ ਨੇ ਅੱਜ ਤੱਕ ਸੋਧ ਨਹੀਂ ਕੀਤੀ। ਸਗੋਂ ਗੈਰ ਸੰਵਿਧਾਨਿਕ ਤਰੀਕੇ ਨਾਲ 113 ਪ੍ਰਤੀਸ਼ਤ, 15 ਪ੍ਰਤੀਸ਼ਦ ਵਾਧੇ ਨਾਲ ਪੈਨਸ਼ਨ ਸੋਧ ਜਾਰੀ ਕਰਕੇ ਪੈਨਸ਼ਨਰਾਂ ਨਾਲ ਵੱਡਾ ਧੋਖਾ ਕਰ ਦਿੱਤਾ। ਜਿਸ ਨਾਲ ਜਨਵਰੀ 2016 ਤੋਂ ਪਹਿਲਾਂ ਪੈਨਸ਼ਨਰਾਂ ਨੂੰ 2340 ਕਰੋੜ ਦਾ ਚੂਨਾ ਲਗਾ ਦਿੱਤਾ ਗਿਆ।

ਇਸ ਕਾਰਨ ਹੀ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਬੁਰੀ ਤਰ੍ਹਾਂ ਹਾਰ ਦਾ ਮੂੰਹ ਦੇਖਣਾ ਪਿਆ। ਜਿਸ ਦੇ ਚੱਲਦੇ ਪੰਜਾਬ ਦੇ ਪੈਨਸ਼ਨਰਜ਼ 29 ਨਵੰਬਰ ਨੂੰ ਮੋਹਾਲੀ ਵਿਚ ਰੋਸ ਮਹਾਂ ਰੈਲੀ ਕਰੇਗੀ ਤਾਂ ਕੇ ਪੰਜਾਬ ਸਰਕਾਰ ਦੀ ਨੀਂਦ ਖੁੱਲ੍ਹ ਜਾਵੇ। ਇਸ ਰੈਲੀ ਵਿੱਚ ਖਜ਼ਾਨ ਸਿੰਘ ਪ੍ਰਧਾਨ, ਬੂਟਾ ਸਿੰਘ ਸੀਨੀਅਰ ਵਾਇਸ ਪ੍ਰਧਾਨ, ਸੁਬੇਗ ਸਿੰਘ ਅਤੇ ਕ੍ਰਿਸ਼ਨ ਲਾਲ ਗਾਬਾ ਪ੍ਰਧਾਨ, ਅਜਮੇਰ ਸਿੰਘ ਚੇਅਰਮੈਨ, ਓਪੀ ਗਾਬਾ ਪੈਟਰਨ ਦੀ ਅਗਵਾਈ ਵਿਚ ਪੈਨਸ਼ਨਰ ਬੱਸਾਂ ਰਾਹੀਂ ਮੋਹਾਲੀ ਰੈਲੀ ਵਿਚ ਭਾਗ ਲੈਣਗੇ। ਬੱਸਾਂ ਫਿਰੋਜ਼ਪੁਰ ਨਾਮਦੇਵ ਚੌਕ ਤੋਂ ਸਾਢੇ 6 ਵਜੇ ਸਵੇਰੇ ਚੱਲ ਕੇ ਊਧਮ ਸਿੰਘ ਚੌਕ ਤੋਂ ਹੁੰਦੇ ਹੋਏ ਫਿਰੋਜ਼ਪੁਰ ਕੈਂਟ ਬੱਸ ਸਟੈਂਡ ਤੋਂ ਮੋਹਾਲੀ ਤੱਕ ਪਹੁੰਚਣਗੀਆਂ।

## ਸ਼ਹਿਰ ਅੰਦਰ ਜਨਤਕ ਪਖਾਨੇ ਨਾ ਹੋਣ ਕਰਕੇ ਲੋਕ ਪ੍ਰੇਸ਼ਾਨ



ਕੋਟ ਈਸੇ ਖਾਂ (ਅਰੋੜਾ)-ਸ਼ਹਿਰ ਕੋਟ ਈਸੇ ਖਾਂ ਨੂੰ ਭਾਵੇਂ ਨਗਰ ਪੰਚਾਇਤ ਦਾ ਦਰਜਾ ਮਿਲ ਚੁੱਕਾ ਹੈ, ਪਰ ਅਜੇ ਵੀ ਸ਼ਹਿਰ ਵਾਸੀ, ਦੁਕਾਨਦਾਰ ਤੇ ਰਾਹਗੀਰ ਕਈ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਹਨ, ਜਿਨ੍ਹਾਂ ਵਿੱਚ ਮੁੱਖ ਸਮੱਸਿਆ ਸ਼ਹਿਰ ਅੰਦਰ ਪਬਲਿਕ ਟੁਆਇਲੇਟ ਦੀ ਹੈ। ਆਮ ਲੋਕਾਂ ਦਾ ਕਹਿਣਾ ਹੈ ਕਿ ਨਗਰ ਪੰਚਾਇਤ ਲੋਕਾਂ ਨੂੰ ਪਿਸ਼ਾਬ ਜਾਣ ਵਾਸਤੇ ਹਾਲੇ ਤੱਕ ਸਹੀ ਰੂਪ ’ਚ ਜਨਤਕ ਨਹੀਂ ਕਰਵਾ ਸਕੀ, ਜਿਸ ਕਾਰਨ ਲੋਕ ਖੁੱਲ੍ਹੇ ’ਚ ਪਿਸ਼ਾਬ ਕਰਨ ਲਈ ਮਜਬੂਰ ਹਨ। ਨਗਰ ਪੰਚਾਇਤ ਵੱਲੋਂ ਸਵੱਛ ਭਾਰਤ ਅਭਿਆਨ ਤਹਿਤ ਬਣਾਏ ਗਏ ਦੋ ਪਖਾਨਿਆਂ ਨੂੰ ਹਾਲੇ ਤੱਕ ਤਾਲੇ ਲੱਗੇ ਹੋਏ ਹਨ, ਜੋ ਬਣਾਏ ਵੀ ਦੁਕਾਨਦਾਰਾਂ ਤੇ ਮੁਸਾਫਰਾਂ ਦੀ ਪਹੁੰਚ ਤੋਂ ਦੂਰ ਹਨ। ਜ਼ਿਕਰਯੋਗ ਹੈ ਕਿ ਸਥਾਨਕ ਸ਼ਹਿਰ ਨਾਲ 35 ਤੋਂ 40 ਪਿੰਡ ਜੁੜਦੇ ਹਨ, ਜਿਥੋਂ ਆਏ ਦਿਨ ਲੋਕ ਵਿਆਹ-ਸ਼ਾਦੀਆਂ ਸਮੇਤ ਹੋਰਨਾਂ ਸਮਾਗਮਾ ਲਈ ਖ਼ਰੀਦਦਾਰੀ ਕਰਨ ਜਾਂ ਫਿਰ ਹੋਰ ਘਰੇਲੂ ਲੋੜਾਂ ਨੂੰ ਲੈ ਕੇ ਸ਼ਹਿਰ ਆਉਂਦੇ ਹਨ। ਇਸ ਤੋਂ ਇਲਾਵਾ ਸ਼ਹਿਰ ’ਚੋਂ ਲੰਘਦੀਆਂ ਚਾਰ ਮੁੱਖ ਸੜਕਾਂ ਕਾਰਨ ਵੀ ਵੱਡੀ ਗਿਣਤੀ ਵਿੱਚ ਮੁਸਾਫ਼ਰ ਸ਼ਹਿਰ ਵਿੱਚੋਂ ਗੁਜ਼ਰਦੇ ਹਨ, ਜਿਸਦੇ ਚਲਦਿਆਂ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਪਖਾਨਿਆਂ ਦੀ ਘਾਟ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਦੱਸਣਾ ਬਣਦਾ ਹੈ ਕਿ ਇੱਕ ਨਿੱਜੀ ਟਰੱਸਟ ਵੱਲੋਂ ਬਣਾਇਆ ਗਿਆ ਜਨਤਕ ਪਖਾਨਾ ਵੀ ਪਿਛਲੇ ਕੁਝ ਸਮੇਂ ਤੋਂ ਬੰਦ ਕਰ ਦਿੱਤਾ ਗਿਆ ਹੈ, ਜਿਸ ਕਾਰਨ ਲੋਕ ਮਜਬੂਰੀਵਸ ਧਰਮਕੋਟ ਰੋਡ ’ਤੇ ਪਸ਼ੂ ਹਸਪਤਾਲ ਵਿੱਚ ਖਾਲੀ ਜਗ੍ਹਾ ਜਾਂ ਫਿਰ ਲੋਕਾਂ ਦੀਆਂ ਨਿੱਜੀ ਥਾਵਾਂ ’ਤੇ ਖੁੱਲ੍ਹੇ ’ਚ ਪਿਸ਼ਾਬ ਵਗੈਰਾ ਕਰਦੇ ਹਨ। ਇਨਾ ਥਾਵਾਂ ’ਤੇ ਗੰਦਗੀ ਕਾਰਨ ਬਦਬੂ ਤੇ ਕੂੜਾ-ਕਰਕਟ ਸੁੱਟੇ ਜਾਣ ਕਾਰਨ ਲੋਕਾਂ ਨੂੰ ਉੱਥੋਂ ਗੁਜ਼ਰਨਾ ਵੀ ਮਸੀਬਤ ਲੱਗਦਾ ਹੈ। ਸਥਾਨਕ ਨਗਰ ਪੰਚਾਇਤ ਨੂੰ ਤੁਰੰਤ ਪੂਰੀ ਸੰਜੀਦਗੀ ਨਾਲ ਇਸ ਸਮੱਸਿਆ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਸ਼ਹਿਰ ਵਾਸੀ, ਦੁਕਾਨਦਾਰ, ਰਾਹੀਗੀਰਾਂ ਨੂੰ ਕੋਈ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਸਬੰਧੀ ਨਗਰ ਪੰਚਾਇਤ ਪ੍ਰਧਾਨ ਸ਼ਿੰਦਰ ਕੌਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਨੇ ਦੱਸਿਆ ਕਿ ਨਗਰ ਪੰਚਾਇਤ ਕੋਲ ਆਪਣੀ ਜ਼ਮੀਨ ਨਾ ਹੋਣ ਕਰਕੇ ਬਲਾਕ ਸੰਮਤੀ ਦੇ ਅਧਿਕਾਰੀਆਂ ਨਾਲ ਜਲਦ ਗੱਲਬਾਤ ਕਰਕੇ ਪਬਲਿਕ ਦੀ ਸਹੂਲਤ ਲਈ ਜਨਤਕ ਪਖਾਨੇ ਬਣਾਏ ਜਾਣਗੇ। ਉਨ੍ਹਾ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਸਾਡਾ ਮੁੱਖ ਫਰਜ਼ ਹੈ।

## ਨਰੇਗਾ ਆਗੂਆਂ ਬੀਬੀ ਜਸਵੀਰ ਕੌਰ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ



ਮੋਗਾ (ਅਮਰਜੀਤ ਬੱਬਰੀ)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੇ ਆਗੂ ਬੀਬੀ ਜਸਵੀਰ ਕੌਰ, ਜਿਨ੍ਹਾਂ ਦੀ ਪਿਛਲੇ ਦਿਨੀਂ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ, ਉਨ੍ਹਾਂ ਦੀ ਮੌਤ ਉੱਪਰ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਜ਼ਿਲ੍ਹਾ ਮੋਗਾ ਵੱਲੋਂ ਉਨ੍ਹਾਂ ਦੇ ਪਤੀ ਕਾਮਰੇਡ ਹਰਭਜਨ ਸਿੰਘ ਸਮੇਤ ਸਾਰੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਯੂਨੀਅਨ ਦੇ ਜਨਰਲ ਸਕੱਤਰ ਜਗਸੀਰ ਖੋਸਾ, ਸ਼ੇਰ ਸਿੰਘ ਦੌਲਤਪੁਰਾ, ਗੁਰਦਿੱਤ ਦੀਨਾ, ਮਹਿੰਦਰ ਸਿੰਘ ਧੂੜਕੋਟ, ਸਰਬਜੀਤ ਕੌਰ ਬੁੱਧ ਸਿੰਘ ਵਾਲਾ ਤੇ ਸਰਬਜੀਤ ਕੌਰ ਖੋਸਾ ਆਦਿ ਆਗੂਆਂ ਨੇ ਕਿਹਾ ਕਿ ਬੀਬੀ ਜਸਵੀਰ ਕੌਰ ਦਾ ਸਾਰਾ ਪਰਿਵਾਰ ਹੀ ਨਰੇਗਾ ਮਜ਼ਦੂਰਾਂ ਸਮੇਤ ਕਿਰਤੀ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲਾ ਪਰਵਾਰ ਹੈ ਅਤੇ ਬੀਬੀ ਜਸਵੀਰ ਕੌਰ ਦੀ ਮੌਤ ਜਿੱਥੇ ਕਾਮਰੇਡ ਹਰਭਜਨ ਸਿੰਘ ਉਨ੍ਹਾਂ ਦੇ ਬੱਚਿਆਂ ਪ੍ਰਦੀਪ ਸਿੰਘ, ਨਵਦੀਪ ਕੌਰ ਤੇ ਨਵਜੋਤ ਕੌਰ ਲਈ ਅਸਹਿ ਹੈ, ਉਥੇ ਉਨ੍ਹਾਂ ਦੀ ਮੌਤ ਨਾਲ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਸਮੇਤ ਸਮੁੱਚੇ ਕਿਰਤੀ ਵਰਗ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਬੀਬੀ ਜਸਵੀਰ ਕੌਰ ਦੀ ਅੰਤਿਮ ਅਰਦਾਸ ਗੁਰਦੁਆਰਾ ਪ੍ਰੇਮਸਰ ਬਿਲਾਸਪੁਰ ਵਿਖੇ 30 ਦਸੰਬਰ ਨੂੰ 12 ਤੋਂ 1ਵਜੇ ਤੱਕ ਹੋਵੇਗੀ, ਜਿੱਥੇ ਉਨ੍ਹਾਂ ਨੂੰ ਵੱਖ-ਵੱਖ ਪਾਰਟੀਆਂ, ਜਥੇਬੰਦੀਆਂ ਤੇ ਸੰਸਥਾਵਾਂ ਦੇ ਆਗੂ ਸ਼ਰਧਾ ਦੇ ਫੁੱਲ ਭੇਟ ਕਰਨਗੇ। ਇਨ੍ਹਾਂ ਤੋਂ ਇਲਾਵਾ ਬਿੰਦਰ ਕੌਰ ਗਲੋਟੀ, ਕਮਲੇਸ਼ ਸਿੰਘ, ਤਾਰ ਸਿੰਘ ਦਾਰਾਪੁਰ, ਬਿੰਦਰ ਸਿੰਘ ਝੰਡਿਆਣਾ, ਮਲਕੀਤ ਸਿੰਘ ਚੜਿੱਕ, ਰਾਜੂ ਮਹੇਸਰੀ, ਜਬਰਜੰਗ ਸਿੰਘ, ਸੁੱਖਾ ਮਹੇਸਰੀ ਨੇ ਵੀ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

## ਕਾਤਰਾਂ

### ਅੱਜ ਬਿਜਲੀ ਬੰਦ ਰਹੇਗੀ

**ਮੂਨਕ (ਰਾਜਪਾਲ ਸਿੰਗਲਾ)**-ਬੰਗਾ ਗਰਿੱਡ 66 ਕੇ ਵੀ ਲਾਈਨ ਦੀ ਮੈਂਟੀਨੈਂਸ ਨੂੰ ਲੈ ਕੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਗਰਿੱਡ ਬੰਗਾ ਤੋਂ ਚਲਦੇ ਫ਼ੀਡਰਾਂ ਦੀ ਬਿਜਲੀ ਬੰਦ ਰਹੇਗੀ। ਇਸ ਸਬੰਧੀ ਪਾਵਰਕੌਮ ਬਿਜਲੀ ਗਰਿੱਡ ਬੰਗਾ ਦੇ ਐੱਸ ਡੀ ਓ ਅਸ਼ੀਸ਼ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਆਉਣ ਵਾਲੀ 28 ਨਵੰਬਰ ਸੋਮਵਾਰ ਨੂੰ 66 ਕੇ ਵੀ ਲਾਈਨ ਦੀ ਮੈਂਟੀਨੈਂਸ ਕਰਨ ਕਰਕੇ ਇਲਾਕੇ ਦੇ ਗਰਿੱਡ ਬੰਗਾ ਤੋਂ ਚੱਲਦੇ ਪਿੰਡ ਡੂਡੀਆਂ, ਬੰਗਾ, ਬੁਸ਼ੇਰਾ, ਰਾਜਲਹੇੜੀ, ਸ਼ੇਰਗੜ੍ਹ ਦੇ ਪਿੰਡਾਂ ਤੇ ਖੇਤਾਂ ਦੀ ਬਿਜਲੀ ਸਪਲਾਈ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਬਿਜਲੀ ਬੰਦ ਦਾ ਸਮਾਂ ਮੌਕੇ ਦੇ ਹਾਲਾਤਾਂ ਨੂੰ ਦੇਖਦਿਆਂ ਸਮੇਂ ਵਿੱਚ ਵਾਧਾ ਘਾਟਾ ਵੀ ਹੋ ਸਕਦਾ ਹੈ।

### ਖ਼ੂਨਦਾਨ ਕੈਂਪ ਭਲਕੇ

**ਗੁਰੂ ਹਰ ਸਹਾਏ (ਫ਼ਕੀਰ ਚੰਦ ਸਿਕਰੀ)**-ਸ਼ਹਿਰ ਦੀ ਨਗਰ ਕੌਂਸਲ ਵਿਖੇ ਬਣੇ ਸ਼ਹੀਦ ਭਗਤ ਸਿੰਘ ਪ੍ਰੈੱਸ ਐਸੋਸੀਏਸ਼ਨ ਦੇ ਦਫਤਰ ਵਿਖੇ 29 ਨਵੰਬਰ ਨੂੰ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਸ ਖ਼ੂਨਦਾਨ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ਹੀਦ ਭਗਤ ਸਿੰਘ ਪ੍ਰੈੱਸ ਐਸੋਸੀਏਸ਼ਨ ਦੇ ਪ੍ਰਧਾਨ ਸੁਨੀਲ ਪਾਲ ਸਿੰਘ ਆਵਲਾ, ਚੇਅਰਮੈਨ ਮਨਜੀਤ ਸਿੰਘ ਸਿਯੋਨਾ, ਉੱਪ-ਪ੍ਰਧਾਨ ਕਪਿਲ ਕੰਧਾਰੀ, ਫ਼ਕੀਰ ਚੰਦ ਸਿਕਰੀ ਤੇ ਰੋਟਰੀ ਕਲੱਬ ਦੇ ਪ੍ਰਧਾਨ ਹਰਜਿੰਦਰ ਹਾਂਡਾ, ਸਕੱਤਰ ਸੰਦੀਪ ਕੰਬੋਜ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਪ੍ਰੈੱਸ ਐਸੋਸੀਏਸ਼ਨ ਤੇ ਰੋਟਰੀ ਕਲੱਬ ਦੇ ਸਹਿਯੋਗ ਦੇ ਨਾਲ ਲਗਾਏ ਜਾ ਰਹੇ ਇਸ ਕੈਂਪ ਦਾ ਉਦਘਾਟਨ ਕਰਨ ਦੇ ਲਈ ਵਿਸ਼ੇਸ਼ ਤੌਰ ’ਤੇ ਡੀਐਸਪੀ ਗੁਰੂ ਹਰਸਹਾਏ ਯਾਦਵਿੰਦਰ ਸਿੰਘ ਤੇ ਥਾਣਾ ਮੁਖੀ ਰਵੀ ਕੁਮਾਰ ਪਹੁੰਚ ਰਹੇ ਹਨ।

### ਪਤਨੀ ਦੀ ਕੁੱਟਮਾਰ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪਿੰਡ ਲੱਖਾ ਹਾਜ਼ੀ ਵਿਖੇ ਇਕ ਵਿਅਕਤੀ ਵੱਲੋਂ ਪਤਨੀ ਦੀ ਕੁੱਟਮਾਰ ਕਰਕੇ ਜ਼ਖ਼ਮੀਂ ਕਰਨ ਦੇ ਦੋਸ਼ ਵਿਚ ਪੁਲਸ ਨੇ ਦੋ ਜਣਿਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਨੀਲਮ ਰਾਣੀ ਪਤਨੀ ਅਮਰਜੀਤ ਸਿੰਘ ਵਾਸੀ ਪਿੰਡ ਲੱਖਾ ਹਾਜ਼ੀ ਨੇ ਦੱਸਿਆ ਕਿ ਉਹ ਆਪਣੇ ਘਰ ਸਹੁਰੇ ਘਰ ਪਿੰਡ ਲੱਖਾ ਹਾਜ਼ੀ ਵਿਖੇ ਮੌਜੂਦ ਸੀ ਤਾਂ ਉਸ ਦਾ ਪਤੀ ਅਮਰਜੀਤ ਸਿੰਘ ਜੋ ਡਾਕਟਰੀ ਦਾ ਕੰਮ ਸਿੱਖਦਾ ਹੈ, ਜਿਸ ਨੇ ਘਰ ਵਾਪਸ ਆ ਕੇ ਉਸ ਦੀ ਕੁੱਟਮਾਰ ਕੀਤੀ ਤੇ ਉਸ ਦੀ ਸੱਸ ਦਿਆਲੋ ਬੀਬੀ ਪਤਨੀ ਪੰਜੂ ਸਿੰਘ ਨੇ ਉਸ ਦੇ ਵਾਲ ਪੁੱਟੇ ਤੇ ਦੋਸ਼ੀ ਅਮਰਜੀਤ ਸਿੰਘ ਨੇ ਕਾਪੇ ਦਾ ਵਾਰ ਉਸ ’ਤੇ ਕੀਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਰਾਮ ਪ੍ਰਕਾਸ਼ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਅਮਰਜੀਤ ਸਿੰਘ ਤੇ ਦਿਆਲੋ ਬੀਬੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਸਰਬੱਤ ਦਾ ਭਲਾ ਟਰੱਸਟ ਵੱਲੋਂ ਪੈਨਸ਼ਨਾਂ ਦੀ ਵੰਡ

**ਮਮਦੋਟ (ਹਰਪਾਲ ਸਿੰਘ ਸੋਢੀ)**-ਸਮਾਜ ਸੇਵਾ ਦੇ ਖੇਤਰ ਵਿੱਚ ਅਹਿਮ ਕੰਮ ਕਰ ਰਹੀ ਸਰਬੱਤ ਦਾ ਭਲਾ ਟਰੱਸਟ ਦੀ ਮਮਦੋਟ ਇਕਾਈ ਵੱਲੋਂ ਮਹੀਨਾਵਾਰ ਪੈਨਸ਼ਨਾਂ ਤਕਸੀਮ ਕੀਤੀਆਂ ਗਈਆਂ। ਇਸ ਮੌਕੇ ਸਰਬੱਤ ਦਾ ਭਲਾ ਟਰੱਸਟ ਮਮਦੋਟ ਦੇ ਪ੍ਰਧਾਨ ਜਸਬੀਰ ਸਿੰਘ ਸ਼ਰਮਾ, ਸੁਖਦੀਪ ਸਿੰਘ ਜਤਾਲਾ, ਬਲਰਾਜ ਸਿੰਘ ਸੰਧੂ, ਗੁਰਦੇਵ ਸਿੰਘ ਮਮਦੋਟ, ਡਾਕਟਰ ਦਲਜੀਤ ਸਿੰਘ ਜੋਸਨ ਰਹੀਮੇ ਕੇ ਹਾਜ਼ਰ ਸਨ।

# ਹੋਪ ਫਾਰ ਮਹਿਲ ਕਲਾਂ ਵੱਲੋਂ ਸੰਵਿਧਾਨ ਦਿਵਸ ਮੌਕੇ ਸੈਮੀਨਾਰ

**☛ ਭਾਰਤੀ ਸੰਵਿਧਾਨ ਨੂੰ ਪੜ੍ਹਨ ਤੇ ਸਮਝਣ ਦੀ ਜ਼ਰੂਰਤ-ਲੱਧੜ**
**☛ ਸਮਾਜ ’ਚ ਸੰਵਿਧਾਨ ਪ੍ਰਤੀ ਸਮਝ ਦੀ ਘਾਟ : ਕੁਲਵੰਤ ਟਿੱਬਾ**



ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਸੰਵਿਧਾਨ ਦਿਵਸ ਮੌਕੇ ਇਲਾਕੇ ਦੀ ਨਾਮਵਰ ਸਮਾਜਿਕ ਸੰਸਥਾ ਹੋਪ ਫਾਰ ਮਹਿਲ ਕਲਾਂ ਵੱਲੋਂ “ਭਾਰਤੀ ਸੰਵਿਧਾਨ ਦੀ ਸਮਾਜ ਨੂੰ ਦੇਣ” ਵਿਸ਼ੇ ’ਤੇ ਸੈਮੀਨਾਰ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਐੱਸ. ਆਰ. ਲੱਧੜ ਸੇਵਾਮੁਕਤ ਆਈ.ਏ.ਐੱਸ. ਅਧਿਕਾਰੀ ਸ਼ਾਮਲ ਹੋਏ। ਸਮਾਗਮ ਦੀ ਸ਼ੁਰੂਆਤ ਸੰਸਥਾ ਦੇ ਇੰਚਾਰਜ ਕੁਲਵੰਤ ਸਿੰਘ ਟਿੱਬਾ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਸੰਸਥਾ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ।

ਦੀਪ ਰੋਸ਼ਨ ਕਰਨ ਦੀ ਰਸਮ ਡੀਐੱਸਪੀ ਮਹਿਲ ਕਲਾਂ ਗਮਦੂਰ ਸਿੰਘ ਚਹਿਲ, ਐੱਸਐੱਚਓ ਕਮਲਜੀਤ ਸਿੰਘ ਗਿੱਲ, ਕੰਵਰਪ੍ਰੀਤ ਪੁਰੀ ਤੇ ਪ੍ਰਿੰਸੀਪਲ ਨਵਜੋਤ ਕੌਰ ਟੱਕਰ, ਸੁਸ਼ੀਲ ਕੁਮਾਰ ਗੋਇਲ, ਸਮਾਜਸੇਵੀ ਸਰਬਜੀਤ ਸਿੰਘ ਸ਼ੰਭੂ ਤੇ ਰਾਜਿੰਦਰ ਸਿੰਘ ਗੋਗੀ ਛੀਨੀਵਾਲ ਨੇ ਸਾਂਝੇ ਤੌਰ ’ਤੇ ਕੀਤੀ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸਿਹਤ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਡਾ. ਮੱਖਣ ਸਿੰਘ ਨੇ ਕਿਹਾ ਕਿ ਭਾਰਤੀ ਸੰਵਿਧਾਨ ਕਰਕੇ ਮਹਿਲਾਵਾਂ ਨੂੰ ਦੇਸ਼ ਅੰਦਰ ਬਰਾਬਰ ਦੇ ਅਧਿਕਾਰ ਮਿਲ ਸਕੇ ਹਨ। ਸੇਵਾ ਮੁਕਤ ਤਹਿਸੀਲਦਾਰ ਕੰਵਰਪ੍ਰੀਤ ਪੁਰੀ ਨੇ ਕਿਹਾ ਕਿ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੇ ਸੰਵਿਧਾਨ ਵਿੱਚ ਲਿੰਗ, ਜਾਤੀ ਤੇ ਧਰਮ ਅਧਾਰਤ ਵਿਤਕਰੇ ਵਿਰੁੱਧ ਕਾਨੂੰਨ ਬਣਾ ਕੇ ਇੱਕ ਨਵੇਂ ਭਾਰਤ ਦੀ ਨੀਂਹ ਰੱਖੀ। ਐੱਸ. ਆਰ. ਲੱਧੜ ਨੇ ਕਿਹਾ ਕਿ ਸਾਨੂੰ ਭਾਰਤੀ ਸੰਵਿਧਾਨ ਨੂੰ ਪੜ੍ਹਨ ਤੇ ਸਮਝਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਸੰਵਿਧਾਨ ਵਿੱਚ ਇਕੱਲੇ ਦਲਿਤਾਂ ਜਾਂ ਪੱਛੜੇ ਵਰਗਾਂ ਦੀ ਉਥਾਨ ਲਈ ਕਾਨੂੰਨ ਨਹੀਂ ਬਣਾਏ, ਸਗੋਂ ਸਿੱਖ ਫਲਸਫੇ ਨੂੰ ਅਸਲ ਮਾਇਨਿਆ ’ਚ ਲਾਗੂ ਕੀਤਾ ਤੇ ਸਰਬ ਸਾਂਝੀਵਾਲਤਾ ਲਈ ਕੰਮ ਕੀਤਾ। ਲੱਧੜ ਨੇ ਕਿਹਾ ਕਿ ਬਾਬਾ ਸਾਹਿਬ ਨੇ ਦੋ ਸਾਲ ਗਿਆਰਾਂ ਮਹੀਨੇ ਤੇ ਅਠਾਰਾਂ ਦਿਨ ਸਖਤ ਮਿਹਨਤ ਕਰਕੇ ਤਿਆਰ ਕੀਤਾ ਸੀ। ਸਮਾਗਮ ਨੂੰ ਇੰਟਰਨੈਸ਼ਨਲ ਢਾਡੀ ਨਾਥ ਸਿੰਘ ਹਮੀਦੀ, ਮਜ਼ਦੂਰ ਆਗੂ ਡਾ. ਸਰਬਜੀਤ ਸਿੰਘ ਖੇੜੀ, ਆਰੁਣਪ੍ਰਤਾਪ ਸਿੰਘ ਢਿੱਲੋਂ, ਸੰਤ ਬਾਬਾ ਰਾਜਵਰਿੰਦਰ ਸਿੰਘ ਟਿੱਬੇ ਵਾਲੇ, ਪ੍ਰਮਿੰਦਰ ਸਿੰਘ ਹਮੀਦੀ ਆਦਿ ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਸਮਾਜਸੇਵੀ ਪਿਆਰਾ ਸਿੰਘ ਮਾਹਮਦਪੁਰ, ਹਰਵਿੰਦਰ ਕੁਮਾਰ ਜਿੰਦਲ, ਬਾਬਾ ਜੰਗ ਸਿੰਘ ਦੀਵਾਨਾ, ਡਾ. ਕਮਲਜੀਤ ਸਿੰਘ ਟਿੱਬਾ, ਡਾ. ਸੋਮਾ ਸਿੰਘ ਗੰਡੇਵਾਲ, ਗੁਰਸੇਵਕ ਸਿੰਘ ਸਹੋਤਾ, ਬਲਤੇਜ ਸਿੰਘ ਮਹਿਲ ਕਲਾਂ, ਸਿੰਗਾਰਾ ਸਿੰਘ ਨਰਾਇਣਗੜ ਸੋਹੀਆਂ, ਬੱਗਾ ਸਿੰਘ ਮਹਿਲ ਖੁਰਦ, ਰਿੰਕਾ ਕੁਤਬਾ ਬਾਹਣੀਆਂ, ਸੁਰਤ ਸਿੰਘ ਬਾਜਵਾ, ਬਲਦੇਵ ਸਿੰਘ ਭੁੱਚਰ, ਜਸਵੀਰ ਸਿੰਘ ਸੀਰਾ ਮਾਹਮਦਪੁਰ, ਮਿੱਠੂ ਮੁਹੰਮਦ, ਆਰਟਿਸਟ ਲਖਵੀਰ ਸਿੰਘ ਗੰਗੋਹਰ, ਸਰਪੰਚ ਬਲਦੀਪ ਸਿੰਘ ਮਹਿਲ ਖੁਰਦ, ਸਰਪੰਚ ਗੁਰਦੀਪ ਸਿੰਘ ਸੰਧੂ, ਅਮਰਜੀਤ ਸਿੰਘ ਖਹਿਰਾ, ਜਗਜੀਤ ਸਿੰਘ ਮਾਹਲ, ਬਾਬਾ ਸ਼ੇਰ ਸਿੰਘ ਮਹਿਲ ਕਲਾਂ ਆਦਿ ਆਗੂ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਹਰਪਾਲ ਪਾਲੀ ਵਜੀਦਕੇ ਨੇ ਬਾਖੂਬੀ ਨਿਭਾਈ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਦੰਦਾਂ ਤੇ ਅੱਖਾਂ ਦਾ ਚੈੱਕਅੱਪ ਕੈਂਪ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਭਾਰਤ ਵਿਕਾਸ ਪ੍ਰੀਸ਼ਦ ਫਰੀਦਕੋਟ ਨੇ ਹਰਿੰਦਰਾ ਮਿਡਲ ਐਲੀਮੈਂਟਰੀ ਸਕੂਲ ਵਿਖੇ ਸਰਪ੍ਰਸਤ ਸੇਵਾ ਸਿੰਘ ਚਾਵਲਾ, ਚੀਫ ਕੋਆਰਡੀਨੇਟਰ ਐਡਵੋਕੇਟ ਰਾਜ ਕੁਮਾਰ ਗੁਪਤਾ ਤੇ ਆਲ ਪ੍ਰੋਜੈਕਟ ਚੇਅਰਮੈਨ ਰਮੇਸ਼ ਕੁਮਾਰ ਗੇਰਾ ਦੀ ਅਗਵਾਈ ’ਚ ਪ੍ਰਿੰਸੀਪਲ ਡਾਕਟਰ ਐੱਸ. ਪੀ. ਐੱਸ. ਸੋਢੀ ਦਸਮੇਸ਼ ਡੈਂਟਲ ਤੇ ਰਿਸਰਚ ਸੈਂਟਰ ਦੇ ਸਹਿਯੋਗ ਨਾਲ ਲਾਇਆ ਗਿਆ। ਪ੍ਰੀਸ਼ਦ ਦੇ ਪ੍ਰਧਾਨ ਵਿਨੋਦ ਕੁਮਾਰ ਸਿੰਗਲਾ ਵੱਲੋਂ ਆਏ ਪ੍ਰੀਸ਼ਦ ਮੈਂਬਰਾਂ, ਦੰਦਾਂ ਦੇ ਮਾਹਰ ਡਾਕਟਰ ਜਸਰੂਪ ਕੌਰ ਤੇ ਅੱਖਾਂ ਦੇ ਮਾਹਰ ਡਾਕਟਰ ਵਿਕਾਸ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ‘ਜੀ ਆਇਆਂ’ ਕਹਿੰਦਿਆਂ ਦੱਸਿਆ ਕਿ ਪ੍ਰੀਸ਼ਦ ਸਮਾਜ ਸੇਵਾ ਦੇ ਕੰਮ ਤੇ ਚੈੱਕਅੱਪ ਕੈਂਪ ਲਗਾ ਕੇ ਸਮਾਜ ਦੀ ਸੇਵਾ ਕਰ ਰਹੀ ਹੈ ਤੇ ਭਵਿੱਖ ਵਿੱਚ ਇਸ ਤਰ੍ਹਾਂ ਦੇ ਕੈਂਪ ਅਲੱਗ-ਅਲੱਗ ਪਿੰਡਾਂ ਤੇ ਸਕੂਲਾਂ ਵਿੱਚ ਲਗਾਏ ਜਾਣਗੇ। ਸਰਕਾਰੀ ਹਰਿੰਦਰਾ ਮਿਡਲ ਐਲੀਮੈਂਟਰੀ ਸਕੂਲ ਦੇ ਹੈੱਡਮਾਸਟਰ ਸ੍ਰੀ ਰਾਜੇਸ਼ ਕੁਮਾਰ ਗਰਗ ਵੱਲੋਂ, ਚੈੱਕਅੱਪ ਲਈ ਆਈਆਂ ਟੀਮਾਂ ਦੇ ਡਾਕਟਰ ਸਾਹਿਬਾਨ ਤੇ ਪ੍ਰੀਸ਼ਦ ਦੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰੀਸ਼ਦ ਦਾ ਇਹ ਉਪਰਾਲਾ ਬਹੁਤ ਵਧੀਆ ਉਪਰਾਲਾ ਹੈ, ਕਿਉਂਕਿ ਇਹ ਸਕੂਲ ਸਲੱਮ ਏਰੀਏ ਵਿੱਚ ਹੋਣ ਕਰਕੇ ਬੱਚਿਆਂ ਤੇ ਨਗਰ ਨਿਵਾਸੀਆਂ ਦਾ ਦੰਦਾਂ ਤੇ ਅੱਖਾਂ ਦਾ ਚੈੱਕਅੱਪ ਕਰਨਾ ਬਹੁਤ ਜ਼ਰੂਰੀ ਸੀ।

ਪ੍ਰੀਸ਼ਦ ਸਕੱਤਰ ਦਰਸ਼ਨ ਲਾਲ ਚੁੱਘ ਨੇ ਕਿਹਾ ਕਿ ਇਸ ਕੈਂਪ ਨੂੰ ਕਾਮਯਾਬ ਕਰਨ ਲਈ ਕੈਸ਼ੀਅਰ ਸੰਦੀਪ ਕੁਮਾਰ ਮੋਗਾ, ਰਕੇਸ਼ ਮਿੱਤਲ, ਨਵੀਨ ਰਾਬਰਾ, ਅਸ਼ੋਕ ਕੁਮਾਰ ਵਧਵਾ ਤੇ ਯੋਗੇਸ਼ ਗਰਗ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਸ ਕੈਂਪ ’ਚ 102 ਬੱਚਿਆਂ ਤੇ 20 ਮੁਹੱਲਾ ਵਾਸੀਆਂ ਦਾ ਦੰਦਾਂ ਤੇ ਅੱਖਾਂ ਦਾ ਚੈੱਕਅੱਪ ਕੀਤਾ ਗਿਆ ਤੇ ਅੱਖਾਂ ਦੀ ਦਵਾਈ ਵੀ ਦਿੱਤੀ ਗਈ।

ਡੀ. ਸੀ. ਬੀ. ਦੇ ਅਧਿਕਾਰੀ ਨਵੀਨ ਕੁਮਾਰ ਮੈਨੀ ਵੱਲੋਂ ਬੱਚਿਆਂ ਨੂੰ ਬਿਸਕੁਟ ਆਦਿ ਦੀ ਰਿਫਰੈਸ਼ਮੈਂਟ ਵੰਡੀ ਗਈ। ਪ੍ਰੀਸ਼ਦ ਦੇ ਰੀਜਨਲ ਸਕੱਤਰ, ਮਹਿਲਾ ਤੇ ਵਿਕਾਸ ਪ੍ਰੋਜੈਕਟ, ਸ੍ਰੀਮਤੀ ਮੀਨਾ ਵਰਮਾ ਤੇ ਸ੍ਰੀ ਤੀਰਥ ਵਰਮਾ ਕੈਂਪ ਵਿੱਚ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ। ਅੰਤ ’ਚ ਪ੍ਰੀਸ਼ਦ ਵੱਲੋਂ ਹੈੱਡ ਮਾਸਟਰ ਸ੍ਰੀ ਰਾਜੇਸ਼ ਕੁਮਾਰ ਗਰਗ ਤੇ ਮਾਹਰ ਡਾਕਟਰਾਂ ਨੂੰ ਸ਼ਾਨਦਾਰ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ।

## ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਨਗਰ ਕੀਰਤਨ ’ਚ ਗਤਕੇ ਤੇ ਢਾਡੀ ਵਾਰਾਂ ਗਾ ਕੇ ਕੀਤੀ ਸ਼ਮੂਲੀਅਤ



**ਛਾਜਲੀ, (ਜਸਵੀਰ ਲਾਡੀ)**-ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਦੇ ਚਾਂਦਨੀ ਚੌਕ ਵਿੱਚ ਆਪਣੀ ਮਹਾਨ ਸ਼ਹਾਦਤ ਦੇਣ ਵਾਲੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਕਾਰਸੇਵਾ ਭਵਾਨੀਗੜ੍ਹ ਵਾਲੇ ਬਾਬਾ ਕਿਰਪਾਲ ਸਿੰਘ ਜੀ ਤੇ ਸਮੂਹ ਸੰਗਤਾਂ ਵੱਲੋਂ ਗੁਰਦੁਆਰਾ ਸ੍ਰੀ ਗੁਰੂਸਰ ਪਾਤਸ਼ਾਹੀ ਨੌਵੀਂ ਛਾਜਲੀ ਤੋਂ ਸੰਗਤੀਵਾਲ ਤੱਕ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਦੇ ਪ੍ਰਿੰਸੀਪਲ ਸ੍ਰ. ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵੱਲੋਂ ਗਤਕੇ ਦੇ ਜੌਹਰ ਦਿਖਾਏ ਗਏ ਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਢਾਡੀ ਕਵੀਸ਼ਰੀ ਵਾਰਾਂ ਤੇ ਕਵਿਤਾਵਾਂ ਨਾਲ ਸੰਗਤਾਂ ਨੂੰ ਗੁਰ ਇਤਿਹਾਸ ਦੇ ਨਾਲ ਜੋੜਿਆ ਗਿਆ। ਇਸ ਮੌਕੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਨੇਕ ਸਿੰਘ ਪੂਨੀਆ, ਮੀਤ ਪ੍ਰਧਾਨ ਰਾਜਾ ਸਿੰਘ ਸਹਾਰਨ, ਪਰਮਜੀਤ ਸਿੰਘ ਧਾਲੀਵਾਲ, ਆਸਾ ਸਿੰਘ, ਮੇਜਰ ਸਿੰਘ ਸਕੋਹਾਂ, ਅੰਮ੍ਰਿਤਪਾਲ ਸਿੰਘ ਗਿੱਲ, ਅਮਰ ਸਿੰਘ ਡੀ ਪੀ ਈ, ਹਰਪ੍ਰੀਤ ਸਿੰਘ ਸੰਗੀਤ ਅਧਿਆਪਕ, ਢਾਡੀ ਜੱਥਾ ਤਰਸੇਮ ਸਿੰਘ ਪ੍ਰੀਤ, ਮੈਡਮ ਸ਼ਿੰਦਰਪਾਲ ਕੌਰ, ਮੈਡਮ ਸੰਦੀਪ ਕੌਰ, ਮੈਡਮ ਗੁਰਪ੍ਰੀਤ ਕੌਰ, ਅਮਰੀਕ ਸਿੰਘ ਤੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਐੱਫ ਸੀ ਆਈ ਦੇ ਗੁਦਾਮਾਂ ਤੇ ਅਧਿਕਾਰੀਆਂ ਦੀ ਹੋਵੇ ਜਾਂਚ : ਅਸ਼ੋਕ ਕੁਮਾਰ

**ਜੈਤੋ (ਸਤੀਸ਼ ਕੁਮਾਰ ਭੀਰੀ)**-ਪੰਜਾਬ ਦੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਅਧਿਕਾਰੀਆਂ ਅਤੇ ਗੁਦਾਮਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਤਾਂ ਪਿਛਲੇ ਸਾਲਾਂ ਦੌਰਾਨ ਕੀਤੇ ਗਏ ਕਰੋੜਾਂ ਰੁਪਏ ਦੇ ਗਬਨ ਨੂੰ ਉਜਾਗਰ ਕਰਦੇ ਹੋਏ ਅਗਾਂਹ ਲਾਏ ਜਾਣ ਵਾਲੇ ਕਰੋੜਾਂ ਰੁਪਏ ਦੇ ਰਗੜੇ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਪੱਤਰਕਾਰ ਨਾਲ ਉਪਰੋਕਤ ਗੱਲਬਾਤ ਕਰਦਿਆਂ ਸ਼ਹਿਰ ਦੇ ਸਮਾਜ ਸੇਵੀ ਅਸ਼ੋਕ ਕੁਮਾਰ ਨੇ ਕਿਹਾ ਕਿ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਅਧਿਕਾਰੀਆਂ ਵੱਲੋਂ ਆਪਣੇ ਗੁਦਾਮਾਂ ਵਿੱਚ ਚਾਵਲਾਂ ਦੀ ਗੱਡੀ ਲਗਵਾਉਣ ਬਦਲੇ ਸੈਲਰ ਮਾਲਕਾਂ ਪਾਸੋਂ ਪ੍ਰਤੀ ਗੱਡੀ 6 ਹਜ਼ਾਰ ਰੁਪਏ ਤੋਂ ਲੈ ਕੇ 10 ਹਜ਼ਾਰ ਰੁਪਏ ਵਸੂਲ ਕੀਤੇ ਜਾਂਦੇ ਹਨ।

ਪੰਜਾਬ ਵਿੱਚ ਤਾਇਨਾਤ ਐੱਫ ਸੀ ਆਈ ਦੇ ਅਧਿਕਾਰੀਆਂ ਵੱਲੋਂ ਸਰਕਾਰ ਨੂੰ ਵੀ ਕਰੋੜਾਂ ਰੁਪਏ ਦਾ ਰਗੜਾ ਲਾਉਂਦੇ ਹੋਏ ਚਾਵਲਾਂ ਦੀ ਕਵਾਲਿਟੀ ਜਿਵੇਂ ਕਿ ਡਿਸਕਲਰ, ਟੁੱਟ ਦੀ ਪਰਸੈਂਟ, ਘਟੀਆ ਬਾਰਦਾਨੇ ਤੇ ਵਜ਼ਨ ਸਮੇਤ ਅਨੇਕਾਂ ਊਣਤਾਈਆਂ ਨੂੰ ਅੱਖੋਂ ਪਰੋਖੇ ਕਰਕੇ ਆਪਣੇ ਨਿੱਜੀ ਹਿੱਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਇੱਥੇ ਇਹ ਗੱਲ ਵਿਸ਼ੇਸ਼ ਤੌਰ ’ਤੇ ਵਰਨਣਯੋਗ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਵੱਖ ਵੱਖ ਸੈਲਰਾਂ ਵਿੱਚੋਂ ਚਾਵਲ ਐੱਫ ਸੀ ਆਈ ਦੇ ਗੁਦਾਮਾਂ ਵਿੱਚ ਲੱਗਣਗੇ, ਜੇਕਰ ਜਾਂਚ ਏਜੰਸੀਆਂ ਵੱਲੋਂ ਆਪਣੀ ਨਿਗਰਾਨੀ ਹੇਠ ਗੁਦਾਮਾਂ ਵਿੱਚ ਮਾਲ ਅਨਲੋਡਿੰਗ ਕਰਵਾਇਆ ਜਾਵੇ ਤਾਂ ਕਰੋੜਾਂ ਰੁਪਏ ਦੇ ਗਬਨ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਅਸ਼ੋਕ ਕੁਮਾਰ ਵੱਲੋਂ ਇਸ ਘੁਟਾਲੇ ਤੇ ਐੱਫ ਸੀ ਆਈ ਵਿੱਚ ਚੱਲ ਰਹੀਆਂ ਊਣਤਾਈਆਂ ਨੂੰ ਲੈ ਕੇ ਪਿਛਲੇ ਲਗਭਗ ਦੋ ਸਾਲਾਂ ਤੋਂ ਵੱਖ ਵੱਖ ਅਖਬਾਰਾਂ ਰਾਹੀਂ ਆਪਣੀ ਆਵਾਜ਼ ਉਠਾਈ ਜਾ ਰਹੀ ਹੈ, ਪ੍ਰੰਤੂ ਸਰਕਾਰ ਤੇ ਜਾਂਚ ਏਜੰਸੀਆਂ ਦੀ ਚੁੱਪ ਕਾਰਨ ਉਨ੍ਹਾਂ ਵੱਲੋਂ ਜਲਦੀ ਹੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕੇਂਦਰੀ ਵਿਜੀਲੈਂਸ ਬਿਊਰੋ ਤੇ ਸੀ ਬੀ ਆਈ ਨੂੰ ਲਿਖਿਆ ਜਾਵੇਗਾ।

## ਆਮ ਆਦਮੀ ਪਾਰਟੀ ਗੁਜਰਾਤ ਚੋਣਾਂ ਸ਼ਾਨੋ-ਸ਼ੌਕਤ ਨਾਲ ਜਿੱਤੇਗੀ : ਡਾ. ਕੰਗ, ਬਲਖੰਡੀ



**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਵੀ ਸ਼ਾਨੋ ਸ਼ੌਕਤ ਨਾਲ ਜਿੱਤੇਗੀ ਤੇ ਬਹੁਮੱਤ ਨਾਲ ਆਪਣੀ ਸਰਕਾਰ ਬਣਾਏਗੀ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗੁਜਰਾਤ ਵਿਖੇ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਦੇ ਹਲਕਾ ਧਰਮਕੋਟ ਤੋਂ ਚੋਣ ਪ੍ਰਚਾਰ ਲਈ ਗਏ ਡਾ. ਮਨਦੀਪ ਸਿੰਘ ਕੰਗ ਚੂਹੜਚੱਕ ਆਪ ਆਗੂ, ਬਲਦੇਵ ਸਿੰਘ ਬਲਖੰਡੀ ਬਲਾਕ ਪ੍ਰਧਾਨ ਤੇ ਆਪ ਆਗੂਆਂ ਨੇ ਪ੍ਰੈੱਸ ਨਾਲ ਸਾਂਝੇ ਕੀਤੇ। ਇਸ ਮੌਕੇ ਮਨਦੀਪ ਸਿੰਘ ਕੰਗ ਤੇ ਆਪ ਆਗੂਆਂ ਨੇ ਦੱਸਿਆ ਕਿ ਹਲਕਾ ਧਰਮਕੋਟ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਅਗਵਾਈ ਹੇਠ ਗੁਜਰਾਤ ਵਿਖੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਪੂਰਾ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ ਤੇ ਲੋਕਾਂ ਨੂੰ ਘਰ ਘਰ ਜਾ ਕੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਅਤੇ ਦਿੱਲੀ ਤੇ ਪੰਜਾਬ ਵਿੱਚ ਆਪ ਦੀ ਸਰਕਾਰ ਵੱਲੋਂ ਕਰਵਾਏ ਜਾ ਰਹੇ ਕੰਮਾਂ ਤੋਂ ਗੁਜਰਾਤ ਵਾਸੀਆਂ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ। ਲੋਕਾਂ ਵੱਲੋਂ ਭਰਵਾ ਸਹਿਯੋਗ ਮਿਲ ਰਿਹਾ ਹੈ ਤੇ ਲੋਕ ਇਸ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਨੂੰ ਉਤਾਵਲੇ ਬੈਠੇ ਹਨ, ਕਿਉਂਕਿ ਲੋਕ ਵਿਰੋਧੀ ਪਾਰਟੀਆਂ ਨੂੰ ਨਕਾਰ ਚੁੱਕੇ ਹਨ। ਆਪ ਆਗੂਆਂ ਨੇ ਗੁਜਰਾਤ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰਾ ਨੂੰ ਹੀ ਸਮਰਥਨ ਦੇਣ ਤਾਂ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਬਣ ਸਕੇ ਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਇਸ ਮੌਕੇ ਲਛਮਣ ਸਿੰਘ, ਮੰਗਾ ਸਿੰਘ, ਗੁਰਪ੍ਰੀਤ ਸਿੰਘ ਜਨ. ਸੈਕਟਰੀ ਆਦਿ ਆਗੂ ਹਾਜ਼ਰ ਸਨ।

## ਸੜਕੀ ਨਿਯਮ ਤੋੜਨ ਵਾਲੇ ਵਾਹਨ ਚਾਲਕਾਂ ਦੇ ਚਲਾਨ ਕੱਟੇ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਪਾਤੜਾਂ ਸ਼ਹਿਰ ਵਿੱਚ ਲੰਘਦੇ ਵੱਖ ਵੱਖ ਵਾਹਨਾਂ ਦੀ ਪੜਤਾਲ ਕਰਦਿਆਂ ਟਰੈਫਿਕ ਪੁਲਸ ਪਾਤੜਾਂ ਵੱਲੋਂ ਭਗਤ ਸਿੰਘ ਚੌਕ ਵਿੱਚ ਨਾਕੇਬੰਦੀ ਕਰਕੇ ਵਾਹਨਾਂ ਦੇ ਚਲਾਨ ਕੀਤੇ ਗਏ। ਜਾਣਕਾਰੀ ਦਿੰਦੇ ਹੋਏ ਟਰੈਫਿਕ ਪੁਲਸ ਪਤੜਾਂ ਦੇ ਇੰਚਾਰਜ ਹਰਦੇਵ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਦੀਆਂ ਹਦਾਇਤਾਂ ਤੇ ਕਾਰਵਾਈ ਕਰਦਿਆਂ ਸੜਕੀ ਨਿਯਮ ਟੁੱਟਣ ਸਦਕਾ ਵਾਪਰਦੇ ਹਾਦਸਿਆਂ ਨੂੰ ਰੋਕਣ ਲਈ ਸਹਿਰ ਚੋਂ ਲੰਘਦੇ ਵੱਖ ਵੱਖ ਵਾਹਨ ਚਾਲਕਾਂ ਦੀ ਚੈਕਿੰਗ ਕੀਤੀ ਗਈ। ਜਿਨ੍ਹਾਂ ਵਾਹਨ ਚਾਲਕਾਂ ਕੋਲ ਜ਼ਰੂਰੀ ਕਾਗਜ਼ਾਤ ਜਿਵੇਂ ਡਰਾਇਵਿੰਗ ਲਾਇਸੈਂਸ, ਗੱਡੀ ਦੀ ਰਜਿਸਟਰੇਸ਼ਨ ਕਾਪੀ, ਬੀਮਾ ਆਦਿ ਨਹੀਂ ਸਨ, ਉਨ੍ਹਾਂ ਡਰਾਈਵਰਾਂ ਦੇ ਚਲਾਨ ਕੀਤੇ ਗਏ। ਹਰਦੇਵ ਸਿੰਘ ਨੇ ਗੱਡੀ ਚਲਾਉਣ ਵਾਲੇ ਡਰਾਈਵਰਾਂ ਨੂੰ ਹਦਾਇਤ ਕੀਤੀ ਕਿ ਉਹ ਗੱਡੀ ਚਲਾਉਣ ਵੇਲੇ ਸੜਕੀ ਨਿਯਮਾਂ ਦਾ ਪਾਲਣ ਕਰਨ, ਜਿਸ ਨਾਲ ਕਿਸੇ ਦੀ ਕੀਮਤੀ ਜ਼ਿੰਦਗੀ ਨਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਏ ਐੱਸ ਆਈ ਹਰਬੰਸ ਲਾਲ, ਏ ਐੱਸ ਆਈ ਤੇਜਾ ਸਿੰਘ, ਏ ਐੱਸ ਆਈ ਦਰਸ਼ਨ ਸਿੰਘ ਤੇ ਹੌਲਦਾਰ ਰਘਬੀਰ ਸਿੰਘ ਮੌਜੂਦ ਸਨ।



# ਆਸਟ੍ਰੇਲੀਆ ਤੋਂ ਹਾਕੀ ਮੈਚ ਜਿੱਤ ਕੇ ਆਏ ਚਾਰ ਖਿਡਾਰੀ ਕਿੰਡਰ ਗਾਰਟਨ ਸਕੂਲ ਵੱਲੋਂ ਸਨਮਾਨਤ




**ਸਮਰਾਲਾ (ਸੁਰਜੀਤ ਸਿੰਘ)**-ਆਸਟ੍ਰੇਲੀਆ ਦੇ ਗੋਲਡ ਕੋਸਟ ਸ਼ਹਿਰ ਵਿਖੇ 12ਵੀਆਂ ਪੈਨ ਪੈਸਿਫਕ ਮਾਸਟਰਜ਼ ਗੇਮਜ਼ ਜਿੱਤ ਕੇ ਆਏ ਚਾਰ ਹਾਕੀ ਖਿਡਾਰੀਆਂ ਦਾ ਸਥਾਨਕ ਕਿੰਡਰ ਗਾਰਟਨ ਤੇ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਚਾਰੇ ਖਿਡਾਰੀਆਂ ਨੂੰ ਇਕ ਜਲੂਸ ਦੀ ਸ਼ਕਲ ਵਿੱਚ ਹਾਰ ਪੁਆ ਕੇ ਪੂਰੇ ਢੋਲ ਢਮੱਕੇ ਨਾਲ ਫੁੱਲਾਂ ਦੀ ਵਰਖਾ ਕਰਦੇ ਹੋਏ ਖੂਬਸੂਰਤੀ ਨਾਲ ਸਜੇ ਹੋਏ ਪੰਡਾਲ ਵਿੱਚ ਲਿਜਾਇਆ ਗਿਆ। ਗੋਲਡ ਕੋਸਟ ਸ਼ਹਿਰ ਵਿੱਚ ਇਹ ਖੇਡਾਂ 3 ਤੋਂ 13 ਨਵੰਬਰ ਤੱਕ ਹੋਇਆਂ, ਜਿਸ ਵਿੱਚ 50 ਸਾਲ ਦੀ ਉਮਰ ਤੋਂ ਵੱਧ ਦੇ ਖਿਡਾਰੀਆਂ ਨੇ ਹਿੱਸਾ ਲਿਆ ਸੀ। ਇਸ ਟੂਰਨਾਮੈਂਟ ਦੀ ਟੀਮ ਵਿੱਚ ਚਾਰੇ ਖਿਡਾਰੀ ਪੰਜਾਬ ਦੇ ਤੇ ਇਨ੍ਹਾਂ ਵਿੱਚੋਂ ਦੋ ਖਿਡਾਰੀ ਡਾ. ਹਰਦੀਪ ਸਿੰਘ ਸਾਹੀ ਤੇ ਕਮਲਜੀਤ ਸਿੰਘ ਸਾਹੀ ਸਮਰਾਲਾ ਨਾਲ ਸਬੰਧ ਰੱਖਦੇ ਹਨ, ਜਿਸ ਵਿੱਚ ਭਾਰਤ ਦੀ ਹਾਕੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਗੋਲਡ ਮੈਡਲ ਹਾਸਲ ਕੀਤਾ। ਭਾਰਤੀ ਹਾਕੀ ਟੀਮ ਵਿੱਚ ਭਾਗ ਲੈਣ ਵਾਲੇ ਪੰਜਾਬ ਦੇ ਖਿਡਾਰੀਆਂ ’ਚ ਕਮਲਜੀਤ ਸਿੰਘ ਸਾਹੀ, ਹਰਦੀਪ ਸਾਹੀ (ਗੋਲਡ ਮੈਡਲ 50+) ਦਵਿੰਦਰ ਸਿੰਘ ਰੇਹਾਲ, ਹਰਿੰਦਰ ਸਿੰਘ ਗਰੇਵਾਲ (ਬਰਾਊਨ ਮੈਡਲ 40+) ਨੇ ਆਦਿ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਖਿਡਾਰੀਆਂ ਦੇ ਸਨਮਾਨ ਵਿੱਚ ਸਕੂਲ ਦੇ ਛੋਟੇ ਬੱਚਿਆ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।

ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ ’ਤੇ ਗੁਰਭੇਜ ਸਿੰਘ ਗੁਰਾਇਆ, ਇੰਦਰਜੀਤ ਸਿੰਘ ਦੇਵਗਨ, ਗਗਨਦੀਪ ਕੌਰ ਦੇਵਗਨ, ਪੰਜਾਬੀ ਗਾਇਕ ਰਵਿੰਦਰ ਗਰੇਵਾਲ, ਹਿੰਮਤ ਸਿੰਘ ਸੰਧੂ, ਐਡਵੋਕੇਟ ਆਫ ਸੁਪਰੀਮ ਕੋਰਟ ਵਰੁਣ ਚੁੱਘ ਤੇ ਸ਼ੁਗਨ ਸਾਹੀ ਚੁੱਘ, ਡਾ. ਹਰਵਿੰਦਰ ਸਿੰਘ ਭੱਟੀ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਮਾਸਟਰ ਤਰਲੋਚਨ ਸਿੰਘ, ਰਾਜਵਿੰਦਰ ਸਮਰਾਲਾ ਤੇ ਕੈਨੇਡਾ ਤੋਂ ਪਰਤੇ ਸਾਹਿਬ ਸਿੰਘ ਸਾਹੀ ਤੇ ਦਾਨਿਸ਼ ਸਾਹੀ ਆਦਿ ਸ਼ਾਮਲ ਹੋਏ। ਕਿੰਡਰ ਗਾਰਟਨ ਐਂਡ ਸੀ: ਸੈਕੰ: ਸਕੂਲ ਵਿੱਚ ਹੋਏ ਤਿੰਨ ਰੋਜ਼ਾ ਸਪੋਰਟਸ ਮੀਟ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਪੰਜਾਬ ਹਾਕੀ ਟੀਮ ਦੇ ਖਿਡਾਰੀਆਂ ਵੱਲੋਂ ਮੈਡਲ ਦਿੱਤੇ ਗਏ। ਇਸ ਮੌਕੇ ਪੰਜਾਬੀ ਦੇ ਵਿਦਵਾਨ ਲੇਖਕ ਡਾ. ਹਰਵਿੰਦਰ ਸਿੰਘ ਭੱਟੀ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਆਪਣੀ ਜ਼ਿੰਦਗੀ ਵਿੱਚ ਕੁਝ ਹਾਸਲ ਕਰਨ ਲਈ ਆਪਣੀ ਵਿੱਦਿਅਕ ਯੋਗਤਾ ਵਿੱਚ ਵਾਧਾ ਕਰਨ।

ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਚੇਅਰਮੈਨ ਐਡਵੋਕੇਟ ਦਲਜੀਤ ਸਿੰਘ ਸਾਹੀ, ਡਾਇਰੈਕਟਰ ਮੈਡਮ ਸਰਬਜੀਤ ਕੌਰ ਤੇ ਪ੍ਰਿੰਸੀਪਲ ਮੈਡਮ ਰਣਜੋਤ ਕੌਰ ਨੇ ਇਸ ਪ੍ਰੋਗਰਾਮ ਵਿੱਚ ਪਹੁੰਚੇ ਹਾਕੀ ਖਿਡਾਰੀਆਂ ਤੇ ਮੁੱਖ ਮਹਿਮਾਨਾਂ ਦਾ ਦਿਲੋਂ ਧੰਨਵਾਦ ਕੀਤਾ। ਮੰਚ ਸੰਚਾਲਨ ਪ੍ਰਸਿੱਧ ਲਿਖਾਰੀ, ਨਿਰਮਾਤਾ, ਨਿਰਦੇਸ਼ਕ ਤੇ ਨਾਟਕਕਾਰ ਰਾਜਵਿੰਦਰ ਸਮਰਾਲਾ ਨੇ ਦਿਲਚਸਪ ਢੰਗ ਨਾਲ ਕੀਤਾ।

## ਮਹਿਲ ਖੁਰਦ ’ਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ’ਚ ਸਮਾਗਮ

**ਕਾਮਰੇਡ ਪਾਸਲਾ ਵੱਲੋਂ ਕੇਂਦਰ ਸਰਕਾਰ ਖਿਲਾਫ ਇਕਜੁੱਟ ਹੋਣ ਦਾ ਸੱਦਾ**



**ਮਹਿਲ ਕਲਾਂ, (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਭਾਰਤੀ ਇਨਕਲਾਬੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਕਮੇਟੀ ਵੱਲੋਂ ਗਦਰ ਲਹਿਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਪਿੰਡ ਮਹਿਲ ਖੁਰਦ ਵਿਖੇ ਇਨਕਲਾਬੀ ਸਮਾਗਮ ਕਰਵਾਇਆ ਗਿਆ। ਇਸ ਸਮੇਂ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਕੇਂਦਰੀ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਉਨ੍ਹਾ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਦੇਸ਼ ਅੰਦਰ ਵਸਦੇ ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚ ਫਿਰਕਾਪ੍ਰਸਤੀ ਫੈਲਾਅ ਕੇ ਭਾਈਚਾਰੇ ਵਿੱਚ ਫੁੱਟ ਪਾ ਕੇ ਆਪਣੇ ਰਾਜ ਦੀ ਉਮਰ ਲੰਬੀ ਕਰਨਾ ਚਾਹੁੰਦੇ ਹਨ। ਉਨ੍ਹਾ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਦੇਸ਼ ਦੇ ਪਬਲਿਕ ਸਰਕਾਰੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਅੱਜ ਸਰਕਾਰੀ ਅਦਾਰਿਆਂ ਨੂੰ ਬਚਾਉਣ ਲਈ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਨੂੰ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਤਿੱਖਾ ਸੰਘਰਸ਼ ਵਿੱਢਣਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਡਾ: ਅਮਰਜੀਤ ਸਿੰਘ ਕੁੱਕੂ, ਮਲਕੀਤ ਸਿੰਘ ਵਜੀਦਕੇ, ਨਿਹਾਲ ਸਿੰਘ ਧਾਲੀਵਾਲ, ਭੋਲਾ ਸਿੰਘ ਕਲਾਲ ਮਾਜਰਾ ਨੇ ਵੀ ਵਿਚਾਰ ਰੱਖੇ। ਉੱਘੇ ਨਾਟਕਕਾਰ ਹਰਵਿੰਦਰ ਦੀਵਾਨਾ ਦੀ ਅਗਵਾਈ ਹੇਠ ਨਾਟਕ ਟੀਮ ਵੱਲੋਂ ‘ਪੰਜਾਬ ਸਿਆਂ ਵਾਜਾਂ ਮਾਰਦਾ’ ਨਾਟਕ ਪੇਸ਼ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ। ਇਨਕਲਾਬੀ ਗਾਇਕ ਅਜਮੇਰ ਸਿੰਘ ਅਕਲੀਆ ਵੱਲੋਂ ਇਨਕਲਾਬੀ ਗੀਤ ਇਸ ਕਰਕੇ ਗਦਰ ਲਹਿਰ ਦੇ ਸ਼ਹੀਦਾਂ ਨੂੰ ਯਾਦ ਕੀਤਾ। ਇਸ ਮੌਕੇ ਗੁਰਦੇਵ ਸਿੰਘ ਮਹਿਲ ਖੁਰਦ, ਬਲਦੇਵ ਸਿੰਘ ਔਜਲਾ, ਨੱਥਾ ਸਿੰਘ ਮਹਿਲ ਖੁਰਦ, ਪ੍ਰਕਾਸ਼ ਸਿੰਘ ਸੱਦੋਵਾਲ, ਹੈੱਡਮਾਸਟਰ ਕੁਲਦੀਪ ਸਿੰਘ ਕਮਲ, ਸਾਧੂ ਸਿੰਘ ਛੀਨੀਵਾਲ ਕਲਾਂ, ਬਲਦੇਵ ਸਿੰਘ ਧਨੇਰ ਆਦਿ ਹਾਜ਼ਰ ਸਨ।

## ਜਗਦੀਪ ਚੀਮਾ ਦੀ ਅਗਵਾਈ ’ਚ ਵਫਦ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੂੰ ਮਿਲਿਆ



**ਫਤਹਿਗੜ੍ਹ ਸਾਹਿਬ,(ਪ੍ਰਮੋਦ ਭਾਰਦਵਾਜ)**-ਸ਼੍ਰੋਮਣੀ ਅਕਾਲੀ ਦਲ ਹਲਕਾ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਜਗਦੀਪ ਸਿੰਘ ਚੀਮਾ ਦੀ ਅਗਵਾਈ ਵਿੱਚ ਸੀਨੀਅਰ ਅਕਾਲੀ ਲੀਡਰਸ਼ਿਪ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਗਈ। ਇਸ ਮੁਲਾਕਾਤ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਇੰਚਾਰਜ ਜਗਦੀਪ ਸਿੰਘ ਚੀਮਾ ਨੇ ਦੱਸਿਆ ਕਿ ਪਾਰਟੀ ਨੂੰ ਜ਼ਮੀਨੀ ਪੱਧਰ ’ਤੇ ਹੋਰ ਮਜ਼ਬੂਤ ਕਰਨ ਲਈ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਉਨ੍ਹਾ ਕਿਹਾ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਨੂੰ ਸ਼ਹਿਰਾਂ ਵਿੱਚ ਵਾਰਡ ਪੱਧਰ ਤੇ ਪਿੰਡਾਂ ਵਿੱਚ ਬੂਥ ਪੱਧਰ ’ਤੇ ਮਜ਼ਬੂਤ ਕਰਨ ਲਈ ਅਕਾਲੀ ਦਲ ਵੱਲੋਂ ਮਿਹਨਤੀ ਟਕਸਾਲੀ ਅਕਾਲੀ ਦਲ ਦੇ ਆਗੂਆਂ ਦੀਆਂ ਕਮੇਟੀਆਂ ਦਾ ਗਠਨ ਕੀਤਾ ਜਾਵੇ। ਜਥੇਦਾਰ ਚੀਮਾ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਵੱਲੋਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਤੋਂ ਪਹੁੰਚੀ ਸਮੁੱਚੀ ਅਕਾਲੀ ਲੀਡਰਸ਼ਿਪ ਦੀ ਟੀਮ ਵੱਲੋਂ ਜਿੱਥੇ ਵਿਚਾਰ ਲਏ ਗਏ, ਉਥੇ ਹੀ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਵੀ ਪਾਰਟੀ ਪ੍ਰਧਾਨ ਵੱਲੋਂ ਅਕਾਲੀ ਦਲ ਦੇ ਵਰਕਰਾਂ ਨੂੰ ਹੁਣ ਤੋਂ ਹੀ ਲੰਗੋਟੇ ਲੈਣ ਲਈ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾ ਕਿਹਾ ਕਿ ਅਕਾਲੀ ਦਲ ਦੀ ਮਜ਼ਬੂਤੀ ਲਈ ਦਿਨ-ਰਾਤ ਇਕ ਕਰਕੇ ਕੰਮ ਕੀਤਾ ਜਾਵੇ ਤਾਂ ਜੋ ਪਾਰਟੀ ਨੂੰ ਮਜ਼ਬੂਤ ਕੀਤਾ ਜਾ ਸਕੇ। ਜਥੇਦਾਰ ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਇੱਕ ਅਜਿਹੀ ਪਾਰਟੀ ਹੈ, ਜੋ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਪਹਿਰੇਦਾਰੀ ਕਰ ਸਕਦੀ ਹੈ, ਕਿਉਂਕਿ ਹੁਣ ਤੱਕ ਬਾਕੀ ਰਵਾਇਤੀ ਪਾਰਟੀਆਂ ਵੱਲੋਂ ਕੇਵਲ ਆਪਣੇ ਨਿੱਜੀ ਹਿੱਤਾਂ ਨੂੰ ਹੀ ਮੁੱਖ ਰੱਖਿਆ ਗਿਆ, ਜਦੋਂਕਿ ਅਕਾਲੀ ਦਲ ਨੇ ਹੀ ਪੰਜਾਬ ਦੇ ਬੁਨਿਆਦੀ ਮਸਲਿਆਂ ਨੂੰ ਹੱਲ ਕਰਵਾਉਣ ਲਈ ਅਹਿਮ ਰੋਲ ਅਦਾ ਕੀਤਾ।

ਜਥੇਦਾਰ ਚੀਮਾ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਵੱਲੋਂ ਕਿਹਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਬੰਦੀ ਸਿੰਘਾਂ ਦੀ ਰਿਹਾਈ ਕਰਵਾ ਕੇ ਹੀ ਰਹੇਗਾ, ਕਿਉਂਕਿ ਕਿਸੇ ਦੇ ਲੋਕਤੰਤਰਿਕ ਹੱਕਾਂ ਦੀ ਉਲੰਘਣਾ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਰਿਆ, ਹਲਕਾ ਫਤਿਹਗੜ੍ਹ ਸਾਹਿਬ ਦੇ ਅਬਜ਼ਰਵਰ ਦਿਲਬਾਗ ਸਿੰਘ ਬਾਘਾ, ਜਤਿੰਦਰ ਸਿੰਘ ਬੱਬੂ ਭੈਣੀ, ਕਸ਼ਮੀਰਾ ਸਿੰਘ ਬਿਲਾਸਪੁਰ, ਬਰਿੰਦਰ ਸਿੰਘ ਸੋਢੀ ਸਾਬਕਾ ਚੇਅਰਮੈਨ, ਸਾਬਕਾ ਵਾਈਸ ਚੇਅਰਮੈਨ ਜਥੇਦਾਰ ਸਵਰਨ ਸਿੰਘ ਗੁਪਾਲੋਂ, ਯੂਥ ਆਗੂ ਗੁਰਦੀਪ ਸਿੰਘ ਨੌਲੱਖਾ ਤੇ ਹੋਰ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਦੇ ਆਗੂ ਹਾਜ਼ਰ ਸਨ।

page-6-28-Nov-2022-advt.qxd 11/27/2022 10:28 PM Page 1



# ਅੱਡਾ ਝਬਾਲ ਦੇ ਮੇਨ ਚੌਕ 'ਚ ਲੱਗਾ ਵੱਡਾ ਜਾਮ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਅੱਡਾ ਝਬਾਲ ਦੀ ਟ੍ਰੈਫਿਕ ਨੂੰ ਲੈ ਕੇ ਜਿੱਥੇ ਪੁਲਿਸ ਪ੍ਰਸ਼ਾਸਨ ਪੱਬਾਂ ਭਾਰ ਹੋਇਆ ਹੈ ਅਤੇ ਇਸੇ ਸਮੱਸਿਆ ਦੇ ਹੱਲ ਨੂੰ ਲੈ ਕੇ ਪੁਲਸ ਪ੍ਰਸ਼ਾਸਨ ਵਲੋਂ ਅੱਡਾ ਝਬਾਲ ਦੇ ਦੁਕਾਨਦਾਰਾਂ ਨੂੰ ਬੁਲਾ ਕੇ ਟ੍ਰੈਫਿਕ ਸਮੱਸਿਆ ਦਾ ਹੱਲ ਕਰਨ ਲਈ ਉਨ੍ਹਾਂ ਦਾ ਸਹਿਯੋਗ ਮੰਗਿਆ ਅਤੇ ਸੜਕ ਦੀ ਜਗ੍ਹਾ 'ਤੇ ਕੀਤੇ ਨਜਾਇਜ਼ ਕਬਜ਼ੇ ਛੱਡਣ ਅਤੇ ਖਾਸ ਕਰਕੇ ਥਾਣੇ ਦੀ ਚਾਰਦਿਵਾਰੀ ਨਾਲੋਂ ਦੁਕਾਨਾਂ ਚੁੱਕ ਕੇ ਜਗਵਾ ਖਾਲੀ ਕਰਨ ਬਾਰੇ ਬਕਾਇਦਾ ਹੁਕਮ ਕੀਤੇ ਗਏ ਸਨ ਜਿਸ ਲਈ ਦੁਕਾਨਦਾਰਾਂ ਨੂੰ ਇੱਕ ਹਫਤੇ ਦਾ ਸਮਾਂ ਵੀ ਦਿੱਤਾ ਗਿਆ ਸੀ ਪਰ ਅੱਜ ਕਰੀਬ 10-15 ਦਿਨ ਬੀਤਣ 'ਤੇ ਵੀ ਅੱਡਾ ਝਬਾਲ ਦੇ ਦੁਕਾਨਦਾਰਾਂ ਨੇ ਪੁਲਸ ਪ੍ਰਸ਼ਾਸਨ ਦੇ ਹੁਕਮਾਂ ਦੀ ਸਿਰਫ 10% ਹੀ ਪ੍ਰਵਾਹ ਕੀਤੀ ਹੈ ਪਰ ਸੜਕ ਦੀ ਜਗ੍ਹਾ ਖਾਲੀ ਕੀਤੀ ਹੈ ਜਿਸ ਕਾਰਨ ਹੀ ਅੱਜ ਐਤਵਾਰ ਵਾਲੇ ਦਿਨ ਝਬਾਲ ਦੇ ਮੇਨ ਚੌਕ ਵਿੱਚ ਵੱਡਾ ਜਾਮ ਲੱਗਾ ਰਿਹਾ ਪਰ ਹੈਰਾਨੀ ਦੀ ਗੱਲ ਇਹ ਰਹੀ ਕਿ ਚੌਕ ਵਿੱਚ ਨਾ ਤਾਂ ਕੋਈ ਟ੍ਰੈਫਿਕ ਮੁਲਾਜ਼ਮ ਅਤੇ ਨਾ ਹੀ ਕੋਈ ਥਾਣੇ ਵਿੱਚ ਤਾਇਨਾਤ ਮੁਲਾਜ਼ਮ ਹਾਜ਼ਰ ਸੀਜਿਸ ਕਾਰਨ ਚਾਰੇ ਸੜਕਾਂ 'ਤੇ ਲੰਮਾ ਜਾਮ ਲੱਗਾ ਵਿਖਾਈ ਦਿੱਤਾ। ਕਾਫੀ ਲੰਮਾ ਸਮਾਂ ਬੀਤ ਜਾਣ ਤੇ ਥਾਣੇ ਵਿੱਚੋਂ ਦੋ ਤਿੰਨ ਮੁਲਾਜ਼ਮ ਬਾਹਰ ਆਏ ਤੇ ਲੰਮੇ ਅਤੇ ਜਾਮ ਖੁਲ੍ਹਵਾਇਆ। ਇੱਥੇ ਵਰਣਨਯੋਗ ਹੈ ਕਿ ਪੁਲਸ ਪ੍ਰਸ਼ਾਸਨ ਵਲੋਂ ਦੁਕਾਨਦਾਰਾਂ ਨੂੰ ਇੱਕ ਹਫਤੇ ਦਾ ਸਮਾਂ ਦਿੱਤਾ ਦਿੱਤਾ ਸੀ ਪਰ ਹੁਣ ਕਰੀਬ ਦੋ ਹਫਤੇ ਬੀਤ ਜਾਣ ਦੇ ਬਾਵਜੂਦ ਵੀ ਨਾ ਤਾਂ ਦੁਕਾਨਦਾਰਾਂ ਵਲੋਂ ਸੜਕ ਦੀ ਜਗ੍ਹਾ ਤੋਂ ਸਮਾਨ ਚੁੱਕਿਆ ਤੇ ਨਾ ਹੀ ਥਾਣੇ ਦੀ ਚਾਰਦਿਵਾਰੀ ਨਾਲੋਂ ਨਜਾਇਜ਼ ਕਬਜ਼ੇ ਛੱਡੇ ਗਏ ਅਤੇ ਨਾ ਹੀ ਨੈਸ਼ਨਲ ਹਾਈਵੇ ਆਫ ਅਥਾਰਟੀ ਵਲੋਂ ਜੋ ਰੇਲਿੰਗ ਲਗਾਈ ਗਈ ਹੈ ਉਸ ਦੇ ਅੰਦਰ ਸਮਾਨ ਲਗਾਇਆ ਗਿਆ ਹੈ। ਇਸ ਸਬੰਧੀ ਜਦ ਡੀਐੱਸਪੀ ਜਸਪਾਲ ਸਿੰਘ ਢਿੱਲੋਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਅਸੀਂ ਟਰੈਫਿਕ ਸਮੱਸਿਆ ਬਾਰੇ ਚਿੰਤਤ ਹਾਂ ਤੇ ਦੁਕਾਨਦਾਰਾਂ ਨੂੰ ਦਿੱਤਾ ਹੋਇਆ ਸਮਾਂ ਵੀ ਪੂਰਾ ਹੋ ਚੁੱਕਾ ਹੈ ਤੇ ਜਲਦੀ ਹੀ ਇਸ ਮਸਲੇ ਦਾ ਹੱਲ ਕੀਤਾ ਜਾ ਰਿਹਾ ਹੈ।

# ਬੀਜ ਫਾਰਮ ਦੇ ਨਾਂਅ 'ਤੇ ਬਾਦਲ ਸਰਕਾਰ ਵੇਲੇ ਖਰੀਦੀ ਜ਼ਮੀਨ ਦੀ ਹੋਵੇਗੀ ਜਾਂਚ : ਧਾਲੀਵਾਲ



ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)- ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਸਰਹੱਦ ਉਤੇ ਸਥਿਤ ਰਾਣੀਆਂ ਪਿੰਡ ਵਿੱਚ ਖੇਤੀਬਾੜੀ ਵਿਭਾਗ ਵੱਲੋਂ ਖਰੀਦ ਕੀਤੀ ਗਈ 700 ਏਕੜ ਜ਼ਮੀਨ ਦਾ ਦੌਰਾ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕਿਹਾ ਕਿ ਸੰਨ 2008 ਵਿੱਚ 32 ਕਰੋੜ ਰੁਪਏ ਨਾਲ ਬੀਜ ਫਾਰਮ ਲਈ ਸਰਕਾਰ ਵੱਲੋਂ ਖਰੀਦੀ ਗਈ ਇਸ ਜ਼ਮੀਨ ਦੀ ਜਾਂਚ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਜਦੋਂ ਸੁੱਚਾ ਸਿੰਘ ਲੰਗਾਹ ਖੇਤੀਬਾੜੀ ਮੰਤਰੀ ਅਤੇ ਕਾਹਨ ਸਿੰਘ ਪੰਨੂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਨ, ਵੇਲੇ ਇਹ ਜ਼ਮੀਨ ਬਹੁਤ ਮਹਿੰਗੇ ਮੁੱਲ ਖਰੀਦੀ ਗਈ। ਉਨ੍ਹਾਂ ਕਿਹਾ ਕਿ ਇਹ ਜ਼ਮੀਨ ਰਾਵੀ ਦਰਿਆ ਅਤੇ ਸਰਹੱਦ ਉੱਤੇ ਲੱਗੀ ਕੰਡਿਆਲੀ ਤਾਰ ਤੋਂ ਵੀ ਪਾਰ ਹੈ ਅਤੇ ਸਰਕਾਰ ਨੇ ਸੰਨ 2008 ਵਿਚ ਸਾਢੇ ਚਾਰ ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਇਹ ਜ਼ਮੀਨ ਖਰੀਦੀ। ਬੀ ਐੱਸ ਐੱਫ ਦੀ ਆਗਿਆ ਤੋਂ ਬਿਨਾਂ ਤੁਸੀਂ ਜ਼ਮੀਨ ਵਿੱਚ ਦਾਖਲ ਤੱਕ ਨਹੀਂ ਹੋ ਸਕਦੇ ਅਤੇ ਉਸ ਵੇਲੇ ਕਿਸ ਸਕੀਮ ਤਹਿਤ ਇਹ ਜ਼ਮੀਨ ਖਰੀਦੀ ਗਈ, ਦੀ ਜਾਂਚ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਲਈ ਸਰਕਾਰ ਨੂੰ ਰਜਿਸਟਰੀ ਕਰਵਾਉਣ ਵਾਲੇ ਕਿਸਾਨ ਅਤੇ ਉਸ ਤੋਂ ਪਹਿਲਾਂ ਦੇ ਮਾਲਕ ਪਰਿਵਾਰਾਂ ਨੂੰ ਲੱਭਿਆ ਜਾਵੇਗਾ ਤਾਂ ਜੋ ਸਾਰੀ ਸੱਚਾਈ ਸਾਹਮਣੇ ਆ ਸਕੇ।

ਉਕਤ ਜ਼ਮੀਨ ਜਿਸ ਨੂੰ ਕੇਵਲ ਤਿੰਨ ਚਾਰ ਸੀਜ਼ਨ ਹੀ ਵਾਹਿਆ ਜਾ ਸਕਿਆ, ਵਿੱਚ ਪੈਦਾ ਹੋ ਚੁੱਕੇ ਆਦਮ ਕੱਦ ਕਾਨੇ ਅਤੇ ਸਰਕੰਡੇ ਵੇਖ ਕੇ ਦੁਖੀ ਹੁੰਦੇ ਧਾਲੀਵਾਲ ਨੇ ਕਿਹਾ ਕਿ ਸਮਝ ਨਹੀਂ ਆਉਂਦਾ ਕਿ ਤਿੰਨੇ ਸੌਦਾ ਕਰਨ ਵਾਲੇ ਕਿਸਾਨ ਪਰਿਵਾਰ ਵਿੱਚੋਂ ਹੋਣ 'ਤੇ ਅਜਿਹੀ ਜ਼ਮੀਨ ਮਹਿੰਗੇ ਭਾਅ ਖਰੀਦ ਲੈਣ? ਉਨ੍ਹਾਂ ਕਿਹਾ ਕਿ ਇਸ ਜ਼ਮੀਨ ਵਿੱਚ ਪਾਣੀ ਲਈ 30 ਸਬਮਰਸੀਬਲ ਟਿਊਬਵੈੱਲ, ਬਿਜਲੀ ਅਤੇ ਖੇਤੀ ਸੰਦ ਜਿਸ ਵਿੱਚ ਟਰੈਕਟਰ, ਜਨਰੇਟਰ ਅਤੇ ਹੋਰ ਮਸ਼ੀਨਰੀ ਸ਼ਾਮਿਲ ਹੈ, ਦੀ ਖਰੀਦ ਉਤੇ ਵੀ 8 ਕਰੋੜ ਰੁਪਏ ਦੇ ਕਰੀਬ ਖਰਚਾ ਹੋਇਆ। ਉਨ੍ਹਾਂ ਕਿਹਾ ਕਿ ਅੱਜ ਮੈਂ ਇਸ ਫਾਰਮ ਨੂੰ ਵੇਖਿਆ ਹੈ ਅਤੇ ਮਨ ਦੁਖੀ ਹੋਇਆ ਹੈ ਕਿ ਕਿਸ ਤਰ੍ਹਾਂ ਸਰਕਾਰੀ ਪੈਸੇ ਦੀ ਦੁਰਵਰਤੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੱਜ ਵੀ ਫਾਰਮ ਉਤੇ ਖਰੀਦੀ ਗਈ ਮਸ਼ੀਨਰੀ ਖਰਾਬ ਹੋ ਰਹੀ ਹੈ ਅਤੇ ਜ਼ਮੀਨ ਬੰਜਰ ਹੋ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਹੁਣ ਦੁਬਾਰਾ ਇਸ ਜ਼ਮੀਨ ਦੀ ਵਰਤੋਂ ਕਰਨ ਬਾਰੇ ਵਿਚਾਰ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਨੋਟਿਸ ਵਿੱਚ ਲਿਆ ਕੇ ਕੇਂਦਰ ਸਰਕਾਰ ਨਾਲ ਤਾਲਮੇਲ ਕਰਕੇ, ਕਿਉਂਕਿ ਇਸ ਦਾ ਰਸਤਾ ਹੀ ਬੀਐੱਸਐੱਫ ਅਧੀਨ ਹੈ, ਇਸ ਦੀ ਢੁੱਕਵੀਂ ਵਰਤੋਂ ਕੀਤੀ ਜਾਵੇਗੀ।

ਇਸ ਮੌਕੇ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ, ਜ਼ਿਲਾ ਖੇਤੀ ਅਫਸਰ ਡਾ. ਜਤਿੰਦਰ ਸਿੰਘ ਗਿੱਲ, ਐੱਸ. ਡੀ. ਐੱਮ. ਰਾਜੇਸ਼ ਕੁਮਾਰ ਸ਼ਰਮਾ, ਓ. ਐੱਸ. ਡੀ. ਚਰਨਜੀਤ ਸਿੰਘ ਸਿੱਧੂ, ਦਫਤਰ ਸਕੱਤਰ ਗੁਰਜੰਟ ਸਿੰਘ ਸੋਹੀ, ਨਾਇਬ ਤਹਿਸੀਲਦਾਰ ਜਗਸੀਰ ਸਿੰਘ, ਵਿਸਥਾਰ ਅਫਸਰ ਪ੍ਰਭਦੀਪ ਗਿੱਲ ਚੇਤਨਪੁਰਾ, ਡਿਪਟੀ ਕਮਾਂਡੈਂਟ ਪਰਵਿੰਦਰ ਸਿੰਘ ਬਾਜਵਾ, ਐੱਸ. ਐੱਚ. ਓ. ਲੋਪੋਕੇ ਹਰਪਾਲ ਸਿੰਘ ਸੋਹੀ, ਖੇਤੀ ਅਫਸਰ ਕੁਲਵੰਤ ਸਿੰਘ ਅਤੇ ਅਸ਼ਵਨੀ ਕੁਮਾਰ ਆਦਿ ਹਾਜ਼ਰ ਸਨ।

# ਡੇਰਾ ਬਾਬਾ ਨਾਨਕ ਤੋਂ ਜੰਮੂ ਜਾਣ ਵਾਲੀ ਬੰਦ ਹੋਈ ਬੱਸ ਨੂੰ ਦੁਬਾਰਾ ਚਲਾਉਣ ਦੀ ਮੰਗ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਤੇ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਕੋਲੋਂ ਪੰਜਾਬ ਰੋਡਵੇਜ਼ ਪਠਾਨਕੋਟ ਡਿੱਪੂ ਦੀ ਡੇਰਾ ਬਾਬਾ ਨਾਨਕ ਤੋਂ ਜੰਮੂ ਨੂੰ ਜਾਣ ਵਾਲੀ ਬੰਦ ਹੋਈ ਬੱਸ ਨੂੰ ਦੁਬਾਰਾ ਚਲਾਉਣ ਦੀ ਮੰਗ ਕੀਤੀ ਹੈ।

ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਰਮਨ ਕੁਮਾਰ ਬਾਵਾ, ਅਸ਼ੋਕ ਕੁਮਾਰ, ਸੁਭਾਸ਼ ਚੰਦਰ, ਮੋਹਨ ਲਾਲ, ਰਾਜੀਵ ਕੁਮਾਰ, ਨਰੇਸ਼ ਕੁਮਾਰ, ਮੂਲਰਾਜ ਭੱਟੀ ਨੇ ਦੱਸਿਆ ਕਿ ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਅਤੇ ਨਾਲ ਲੱਗਦੇ ਪਿੰਡਾਂ ਦੇ ਲੋਕ ਵੱਡੀ ਗਿਣਤੀ ਵਿੱਚ ਕਟੜਾ ਸਥਿਤ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨਾਂ ਵਾਸਤੇ ਜਾਂਦੇ ਹਨ। ਸੰਗਤਾਂ ਦੀ ਮੰਗ 'ਤੇ ਪੰਜਾਬ ਰੋਡਵੇਜ਼ ਪਠਾਨਕੋਟ ਡਿਪੂ ਵੱਲੋਂ ਡੇਰਾ ਬਾਬਾ ਨਾਨਕ ਤੋਂ ਜੰਮੂ ਲਈ ਰੋਜ਼ਾਨਾ ਸਵੇਰੇ 6 ਵਜੇ ਬੱਸ ਚਲਾਈ ਗਈ ਸੀ ਅਤੇ ਉਹ ਬੱਸ ਸ਼ਾਮ ਨੂੰ ਡੇਰਾ ਬਾਬਾ ਨਾਨਕ ਵਿਖੇ ਹੀ ਵਾਪਸ ਆਉਂਦੀ ਸੀ ਜਿਸ ਦਾ ਲੋਕਾਂ ਨੂੰ ਬਹੁਤ ਫਾਇਦਾ ਸੀ ਪਰ ਕਰੋਨਾ ਕਾਲ ਦੇ ਚੱਲਦਿਆਂ ਇਹ ਬੱਸ ਬੰਦ ਕਰ ਦਿੱਤੀ ਗਈ। ਲੋਕਾਂ ਨੇ ਫਿਰ ਪੰਜਾਬ ਸਰਕਾਰ ਤੇ ਟਰਾਂਸਪੋਰਟ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਬੰਦ ਹੋਈ ਬੱਸ ਨੂੰ ਦੁਬਾਰਾ ਚਾਲੂ ਕੀਤਾ ਜਾਵੇ ਤਾਂ ਜੋ ਜੰਮੂ ਨੂੰ ਰੋਜ਼ਾਨਾ ਜਾਣ ਵਾਲੇ ਯਾਤਰੀਆ ਅਤੇ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨ ਕਰਨ ਜਾਣ ਵਾਲੇ ਸ਼ਰਧਾਲੂਆਂ ਨੂੰ ਫਿਰ ਇਹ ਸਹੂਲਤ ਮਿਲ ਸਕੇ। ਇਸ ਮੌਕੇ ਗੁਰਮੀਤ ਸਿੰਘ, ਬਿੱਟੂ ਕਰਿਆਨਾ ਸਟੋਰ, ਰਵੀਸ਼ ਕੁਮਾਰ, ਸਤੀਸ਼ ਕੁਮਾਰ, ਰਮੇਸ਼ ਬੱਬਰ ਅਤੇ ਅਰਪਿਤ ਕੁਮਾਰ ਆਦਿ ਹਾਜ਼ਰ ਸਨ।

# 43ਵੀਂ ਸਬ-ਜੂਨੀਅਰ ਤੇ ਕੈਡਿਟ ਪੰਜਾਬ ਸਟੇਟ ਜੂਡੋ ਚੈਂਪੀਅਨਸ਼ਿਪ

## 57 ਕਿਲੋਗ੍ਰਾਮ 'ਚ ਅੰਮ੍ਰਿਤਸਰ ਦੀ ਆਯੂਸ਼ੀ ਨੇ ਜਿੱਤਿਆ ਸੋਨ ਤਮਗਾ



ਅੰਮ੍ਰਿਤਸਰ (ਜਸਬੀਰ ਸਿੰਘ)-ਜ਼ਿਲ੍ਹਾ ਜੂਡੋ ਐਸੋਸੀਏਸ਼ਨ, ਅੰਮ੍ਰਿਤਸਰ ਵੱਲੋਂ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ 'ਚ ਕਰਵਾਈ ਜਾ ਰਹੀ 43ਵੀਂ ਸਬ ਜੂਨੀਅਰ ਤੇ ਕੈਡਿਟ ਪੰਜਾਬ ਸਟੇਟ ਜੂਡੋ ਚੈਂਪੀਅਨਸ਼ਿਪ (ਲੜਕੇ ਤੇ ਲੜਕੀਆਂ) ਐਤਵਾਰ ਨੂੰ ਸਮਾਪਤ ਹੋ ਗਈ। ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਅਰਜੁਨ ਐਵਾਰਡੀ (ਬਾਸਕਿਟਬਾਲ) ਤੇ ਡੀਸੀਪੀ (ਲਾਅ ਐਂਡ ਆਰਡਰ) ਅੰਮ੍ਰਿਤਸਰ ਪਰਮਿੰਦਰ ਸਿੰਘ ਭੰਡਾਲ ਨੇ ਜੇਤੂ ਖਿਡਾਰੀਆਂ ਨੂੰ ਪੁਰਸਕਾਰ ਵੰਡੇ। ਇਸ ਮੌਕੇ ਡੀਸੀਪੀ ਪਰਮਿੰਦਰ ਸਿੰਘ ਭੰਡਾਲ ਨੇ ਖਿਡਾਰੀਆਂ ਨੂੰ ਸੰਬੋਧਨ ਕਰਦੇ ਹੋਏ ਸੱਦਾ ਦਿੱਤਾ ਕਿ ਉਹ ਖੇਡਾਂ ਵਿਚ ਹਿੱਸਾ ਲੈ ਕੇ ਆਪਣੇ ਮਾਪਿਆਂ, ਜ਼ਿਲ੍ਹਿਆਂ, ਸੂਬੇ ਤੇ ਦੇਸ਼ ਦਾ ਨਾਂ ਰੌਸ਼ਨ ਕਰਨ। ਚੈਂਪੀਅਨਸ਼ਿਪ ਦੌਰਾਨ ਲੜਕੀਆਂ ਦੇ ਕੈਡਿਟ ਦੇ ਭਾਰ ਵਰਗ ਅੰਡਰ 57 ਕਿਲੋਗ੍ਰਾਮ 'ਚ ਆਯੂਸ਼ੀ (ਅੰਮ੍ਰਿਤਸਰ) ਨੇ ਸੋਨ, ਦਾਮਿਕਾ (ਹੁਸ਼ਿਆਰਪੁਰ) ਨੇ ਚਾਂਦੀ, ਹੁਸਨਪ੍ਰੀਤ (ਫਤਿਹਗੜ੍ਹ ਸਾਹਿਬ) ਤੇ ਨਿਕਿਤਾ (ਫਾਜ਼ਿਲਕਾ) ਨੇ ਕਾਂਸੀ ਦਾ ਤਮਗਾ, ਅੰਡਰ 63 ਕਿਲੋਗ੍ਰਾਮ 'ਚ ਪਰਨਾਜਪ੍ਰੀਤ ਕੌਰ (ਜਲੰਧਰ) ਨੇ ਸੋਨ, ਅਨੁਰਾਗ ਕੌਰ (ਮੋਹਾਲੀ) ਨੇ ਚਾਂਦੀ, ਕਿਰਨਦੀਪ (ਤਰਨਤਾਰਨ) ਤੇ ਜਸਲੀਨ (ਪਟਿਆਲਾ) ਨੇ ਕਾਂਸੀ, ਅੰਡਰ 70 ਕਿਲੋਗ੍ਰਾਮ 'ਚ ਸੁਪ੍ਰੀਤ (ਹੁਸ਼ਿਆਰਪੁਰ) ਨੇ ਸੋਨ, ਗੁਰਪ੍ਰੀਤ (ਤਰਨਤਾਰਨ) ਨੇ ਚਾਂਦੀ, ਉੱਜਵਲ ਤੇ ਪ੍ਰਭਜੋਤ(ਦੋਵੇਂ ਅੰਮ੍ਰਿਤਸਰ) ਨੇ ਕਾਂਸੀ ਅਤੇ 70 ਕਿਲੋਗ੍ਰਾਮ ਤੋਂ ਵੱਧ ਭਾਰ ਵਰਗ 'ਚ ਕੰਵਰਪ੍ਰੀਤ (ਹੁਸ਼ਿਆਰਪੁਰ) ਨੇ ਸੋਨ, ਮੀਨਾਕਸ਼ੀ (ਜਲੰਧਰ) ਨੇ ਚਾਂਦੀ, ਇਸ਼ਰੂਪ (ਲੁਧਿਆਣਾ) ਤੇ ਕੋਨਿਕਾ(ਮਾਨਸਾ) ਨੇ ਕਾਂਸੀ ਦਾ ਤਮਗਾ ਪ੍ਰਾਪਤ ਕੀਤਾ।

ਲੜਕਿਆਂ ਦੇ ਸਬ ਜੂਨੀਅਰ ਦੇ ਅੰਡਰ 40 ਕਿਲੋਗ੍ਰਾਮ ਭਾਰ ਵਰਗ 'ਚ ਰਘੁ ਮਹਿਰਾ (ਗੁਰਦਾਸਪੁਰ) ਨੇ ਸੋਨ, ਸਾਰਥ ਸ਼ਰਮਾ (ਗੁਰਦਾਸਪੁਰ) ਨੇ ਚਾਂਦੀ, ਓਂਕਾਰ (ਅੰਮ੍ਰਿਤਸਰ) ਤੇ ਹਰਸਿਮਰਨ (ਹੁਸ਼ਿਆਰਪੁਰ) ਨੇ ਕਾਂਸੀ ਦਾ ਤਮਗਾ ਅਤੇ ਅੰਡਰ 45 ਕਿਲੋਗ੍ਰਾਮ 'ਚ ਅਰੂਸ਼ ਦੱਤਾ (ਹੁਸ਼ਿਆਰਪੁਰ) ਨੇ ਸੋਨ, ਰੂਪੇਸ਼ (ਜਲੰਧਰ) ਨੇ ਚਾਂਦੀ, ਰਣਵੀਰ ਸਿੰਘ (ਅੰਮ੍ਰਿਤਸਰ) ਤੇ ਅਕਸ਼ੈ (ਪਠਾਨਕੋਟ) ਨੇ ਕਾਂਸੀ ਦਾ ਤਮਗਾ ਪ੍ਰਾਪਤ ਕੀਤਾ। ਲੜਕਿਆਂ ਦੇ ਕੈਡਿਟ ਦੇ ਭਾਰ ਵਰਗ ਅੰਡਰ 81 ਕਿਲੋਗ੍ਰਾਮ 'ਚ ਰਜਨੀਸ਼ ਕੁਮਾਰ (ਗੁਰਦਾਸਪੁਰ) ਨੇ ਸੋਨ, ਹਰਸ਼ ਕੁਮਾਰ (ਅੰਮ੍ਰਿਤਸਰ) ਨੇ ਚਾਂਦੀ, ਵਿੱਕੀ ਸਹੋਤਾ (ਫਤਿਹਗੜ੍ਹ ਸਾਹਿਬ) ਤੇ ਸਤਨਾਮ ਅਹੂਜਾ (ਪਠਾਨਕੋਟ) ਨੇ ਕਾਂਸੀ, ਅੰਡਰ 90 ਕਿਲੋਗ੍ਰਾਮ 'ਚ ਗਗਨਜੋਤ (ਫਤਿਹਗੜ੍ਹ ਸਾਹਿਬ) ਨੇ ਸੋਨ, ਅਭਿਨਵ ਡੋਗਰਾ (ਗੁਰਦਾਸਪੁਰ) ਨੇ ਚਾਂਦੀ, ਆਸ਼ੀਸ਼ (ਅੰਮ੍ਰਿਤਸਰ) ਤੇ ਨਰੋਤਮ ਸ਼ਰਮਾ (ਹੁਸ਼ਿਆਰਪੁਰ) ਨੇ ਕਾਂਸੀ ਅਤੇ 90 ਕਿਲੋਗ੍ਰਾਮ ਤੋਂ ਵੱਧ 'ਚ ਵੀਰਦਵਿੰਦਰ ਵਾਲੀਆ (ਪਟਿਆਲਾ) ਨੇ ਸੋਨ, ਮਾਨਵ ਸ਼ਰਮਾ (ਗੁਰਦਾਸਪੁਰ) ਨੇ ਚਾਂਦੀ, ਹਰਜੀਤ ਕੁਮਾਰ (ਜਲੰਧਰ) ਤੇ ਰਵਿੰਦਰ ਸਿੰਘ (ਮੋਹਾਲੀ) ਨੇ ਕਾਂਸੀ ਦਾ ਤਮਗਾ ਹਾਸਿਲ ਕੀਤਾ। ਜ਼ਿਲ੍ਹਾ ਜੂਡੋ ਐਸੋਸੀਏਸ਼ਨ ਅੰਮ੍ਰਿਤਸਰ ਦੇ ਪ੍ਰਧਾਨ ਇੰਸਪੈਕਟਰ ਹਰਜਿੰਦਰ ਸਿੰਘ ਤੇ ਜਨਰਲ ਸਕੱਤਰ ਇੰਸਪੈਕਟਰ ਪਰਮਜੀਤ ਸਿੰਘ ਵਿਰਦੀ ਨੇ ਮੁੱਖ ਮਹਿਮਾਨ ਡੀਸੀਪੀ ਪਰਮਿੰਦਰ ਸਿੰਘ ਭੰਡਾਲ ਦਾ ਸਮਾਪਤੀ ਸਮਾਗਮ 'ਚ ਪੁੱਜਣ 'ਤੇ ਧੰਨਵਾਦ ਕੀਤਾ। ਇਸ ਮੌਕੇ ਪੰਜਾਬ ਜੂਡੋ ਐਸੋਸੀਏਸ਼ਨ ਦੇ ਜਨਰਲ ਸਕੱਤਰ ਦੇਵ ਸਿੰਘ ਧਾਲੀਵਾਲ, ਜ਼ਿਲ੍ਹਾ ਜੂਡੋ ਕੋਚ ਕਮਰਜੀਤ ਸਿੰਘ, ਕੈਸ਼ੀਅਰ ਸਬ-ਇੰਸਪੈਕਟਰ ਬਲਵਿੰਦਰ ਸਿੰਘ, ਸੁਰਿੰਦਰ ਕੁਮਾਰ ਜਲੰਧਰ, ਜੂਡੋ ਕੋਚ ਕੁਲਵਿੰਦਰ ਕੌਰ ਤੇ ਹਰਮੀਤ ਸਿੰਘ ਰਾਜਾ, ਸਾਬਕਾ ਜੂਡੋ ਖਿਡਾਰੀ ਇੰਸਪੈਕਟਰ ਪਵਨ ਕੁਮਾਰ, ਸਬ ਇੰਸਪੈਕਟਰ ਨਵਰੀਤ ਕੌਰ, ਏਐੱਸਆਈ ਜਸਬੀਰ ਸਿੰਘ, ਸੁਰਿੰਦਰਪਾਲ ਸਿੰਘ, ਏਐੱਸਆਈ ਧਰਮਵੀਰ ਸ਼ਰਮਾ, ਜਗਦੀਪ ਸਿੰਘ ਅਤੇ ਰਾਕੇਸ਼ ਗੋਰਾ ਆਦਿ ਮੌਜੂਦ ਸਨ।

# ਪੰਜਾਬ ਦੇ 87 ਫੀਸਦੀ ਘਰਾਂ ਦੇ ਬਿਜਲੀ ਬਿੱਲ ਜ਼ੀਰੋ ਆਏ : ਈ ਟੀ ਓ

## ਬਿਜਲੀ ਵਿਭਾਗ 'ਚ 2100 ਮੁਲਾਜ਼ਮਾਂ ਦੀ ਹੋਰ ਭਰਤੀ ਛੇਤੀ ਕੀਤੀ ਜਾਵੇਗੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਬਿਜਲੀ ਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਘਰੇਲੂ ਖਪਤਕਾਰਾਂ ਨੂੰ ਕੀਤੀ ਗਈ 600 ਯੂਨਿਟ ਬਿਜਲੀ ਮੁਆਫ਼ੀ ਦੇ ਅੰਕੜੇ ਦਿੰਦੇ ਕਿਹਾ ਕਿ ਇਹ ਵਾਅਦਾ ਪੂਰਾ ਕਰਨ ਨਾਲ ਪੰਜਾਬ ਦੇ 87 ਫੀਸਦੀ ਘਰਾਂ ਨੂੰ ਬਿਜਲੀ ਦਾ ਜ਼ੀਰੋ ਬਿੱਲ ਆਇਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਸਰਦੀ ਦੇ ਵਾਧੇ ਨਾਲ ਜਦੋਂ ਬਿਜਲੀ ਦੀ ਖਪਤ ਹੋਰ ਘੱਟ ਜਾਵੇਗੀ ਤਾਂ 95 ਫੀਸਦੀ ਘਰਾਂ ਨੂੰ ਬਿਜਲੀ ਦਾ ਬਿੱਲ ਨਹੀਂ ਦੇਣਾ ਪਵੇਗਾ। ਅੱਜ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹਰਭਜਨ ਸਿੰਘ ਨੇ ਕਿਹਾ ਕਿ ਅਸੀਂ ਚੋਣਾਂ ਤੋਂ ਪਹਿਲਾਂ ਬਿਜਲੀ ਮੁਆਫ਼ੀ ਦਾ ਵਾਅਦਾ ਕੀਤਾ ਸੀ ਅਤੇ ਸਰਕਾਰ ਬਣਨ ਦੇ ਤਿੰਨ ਮਹੀਨਿਆਂ ਅੰਦਰ ਇਸ ਵਾਅਦੇ ਨੂੰ ਪੂਰਾ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਪਹਿਲੀ ਜੁਲਾਈ ਤੋਂ ਕੀਤੀ ਗਈ 600 ਯੂਨਿਟ ਮੁਆਫ਼ੀ ਨਾਲ ਆਮ ਲੋਕਾਂ ਨੂੰ ਵੱਡਾ ਲਾਭ ਹੋਇਆ ਅਤੇ ਗਰਮੀ ਦੇ ਸੀਜ਼ਨ ਵਿੱਚ ਵੀ ਵੱਡੀ ਗਿਣਤੀ ਲੋਕਾਂ ਨੂੰ ਬਿਜਲੀ ਬਿਲ ਨਹੀਂ ਸੀ ਦੇਣਾ ਪਿਆ, ਜੋ ਗਿਣਤੀ ਹੁਣ 87 ਫੀਸਦੀ ਨੂੰ ਪਹੁੰਚ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਝੋਨੇ ਦਾ ਸੀਜ਼ਨ ਸਾਡੇ ਲਈ ਵੱਡਾ ਘੋਲ ਹੁੰਦਾ ਹੈ ਅਤੇ ਅਸੀਂ ਉਨ੍ਹਾਂ ਦਿਨਾਂ ਵਿੱਚ ਵੀ 8 ਤੋਂ 10 ਘੰਟੇ ਬਿਜਲੀ ਖੇਤੀ ਸੈਕਟਰ ਨੂੰ ਦਿੱਤੀ, ਜੋ ਕਿ ਹੁਣ ਤੱਕ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬਿਜਲੀ ਵਿਭਾਗ ਨੇ ਟਰਾਂਸਮਿਸ਼ਨ ਦੀ ਸਮਰੱਥਾ 7100 ਮੈਗਾਵਾਟ ਤੋਂ ਵਧਾਕੇ 8500 ਮੈਗਾਵਾਟ ਕਰ ਲਈ ਹੈ ਅਤੇ ਇਸ ਵਿੱਚ ਨਿਰੰਤਰ ਸੁਧਾਰ ਜਾਰੀ ਹੈ। ਉਨ੍ਹਾਂ ਦੱਸਿਆ 66 ਕੇਵੀ ਦੇ ਨਵੇਂ ਸਟੇਸ਼ਨ ਬਣਾਏ ਜਾ ਰਹੇ ਹਨ ਅਤੇ ਲੋਡ ਘੱਟ ਕਰਨ ਲਈ ਨਵੇਂ ਟਰਾਂਸਫਾਰਮਰ ਵੀ ਲਗਾਉਣ ਦਾ ਕੰਮ ਜਾਰੀ ਹੈ। ਉਨ੍ਹਾਂ ਦੱਸਿਆ ਕਿ ਝਾਰਖੰਡ ਵਿਖੇ ਪੰਜਾਬ ਸਰਕਾਰ ਦੀ ਕੋਲਾ ਖਾਣ ਜਿਸ ਨੂੰ ਸਾਡੀ ਸਰਕਾਰ ਨੇ ਚਾਲੂ ਕਰ ਲਿਆ ਹੈ, ਤੋਂ ਦਸੰਬਰ ਮਹੀਨੇ 60 ਹਜ਼ਾਰ ਟਨ ਕੋਲੇ ਦੀ ਸਪਲਾਈ ਮਿਲ ਜਾਵੇਗੀ। ਵਿਭਾਗ ਵਿੱਚ ਕੀਤੀ ਭਰਤੀ ਦੀ ਗੱਲ ਕਰਦੇ ਉਨ੍ਹਾਂ ਦੱਸਿਆ ਕਿ 8 ਮਹੀਨਿਆਂ ਵਿੱਚ ਅਸੀਂ ਬਿਜਲੀ ਵਿਭਾਗ ਵਿੱਚ 2590 ਵਿਅਕਤੀਆਂ ਨੂੰ ਰੋਜ਼ਗਾਰ ਦਿੱਤਾ ਜਦਕਿ ਕਾਂਗਰਸ ਨੇ ਇੰਨੇ ਸਮੇਂ ਵਿੱਚ 543 ਲੋਕਾਂ ਨੂੰ ਹੀ ਨੌਕਰੀ ਦਿੱਤੀ ਸੀ, ਜੋ ਕਿ ਸਾਡੇ ਨਾਲੋਂ ਪੰਜ ਗੁਣਾ ਘੱਟ ਹੈ।

ਉਨ੍ਹਾਂ ਦੱਸਿਆ ਕਿ ਛੇਤੀ ਹੀ ਬਿਜਲੀ ਵਿਭਾਗ ਵਿੱਚ 2100 ਹੋਰ ਲੋਕਾਂ ਨੂੰ ਨੌਕਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸਮੁੱਚੀ ਸਰਕਾਰ ਦੀ ਗੱਲ ਕਰੀਏ ਤਾਂ ਅਸੀਂ ਇਸ ਸਮੇਂ ਦੌਰਾਨ 22000 ਲੋਕਾਂ ਨੂੰ ਸਰਕਾਰੀ ਨੌਕਰੀ ਦੇ ਚੁੱਕੇ ਹਾਂ ਅਤੇ 10000 ਨੂੰ ਜੋ ਪਹਿਲਾਂ ਕੱਚੇ ਜਾਂ ਠੇਕੇ ਉਤੇ ਕੰਮ ਕਰ ਰਹੇ ਸਨ ਨੂੰ ਪੱਕੇ ਕਰ ਚੁੱਕੇ ਹਾਂ। ਉਨ੍ਹਾਂ ਕਿਹਾ ਕਿ ਸਾਡੀ ਜੋ ਸਪੀਡ ਹੁਣ 8 ਮਹੀਨਿਆਂ ਵਿੱਚ ਰਹੀ ਹੈ, ਉਹ ਭਵਿੱਖ ਵਿੱਚ ਇਸੇ ਤਰ੍ਹਾਂ ਬਰਕਰਾਰ ਰਹੇਗੀ।

# ਜੀਟੀਬੀਆਈ ਸਕੂਲ 'ਚ ਸੰਸਾਰਿਕ ਵਿਰਾਸਤੀ ਤੇ ਸੱਭਿਆਚਾਰਕ ਹਫਤਾ ਮਨਾਇਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀ.ਟੀ.ਬੀ.ਆਈ.) ਸਕੂਲ ਕਲਿਆਣਪੁਰ (ਧਾਰੀਵਾਲ) ਵਿੱਚ ਸਕੂਲ ਚੇਅਰਮੈਨ ਤਰਸੇਮ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਾਇਰੈਕਟਰ ਸੁਰਜੀਤ ਸਿੰਘ ਤੇ ਪ੍ਰਿੰਸੀਪਲ ਡਾ: ਰਵਨੀਤ ਕੌਰ ਦੇ ਪ੍ਰਬੰਧਾਂ ਹੇਠ ਸੰਸਾਰਿਕ ਵਿਰਾਸਤੀ ਤੇ ਸੱਭਿਆਚਾਰਕ ਹਫਤਾ ਮਨਾਇਆ ਗਿਆ ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ। ਸਕੂਲ ਪ੍ਰਿੰਸੀਪਲ ਡਾ: ਰਵਨੀਤ ਕੌਰ ਦੱਸਿਆ ਕਿ ਮਨੁੱਖੀ ਜੀਵਨ ਵਿੱਚ ਵਿਰਾਸਤ ਇੱਕ ਬਹੁਮੁੱਲਾ ਤੱਥ ਹੈ। ਇਹ ਸਾਡੇ ਇਤਿਹਾਸ ਤੇ ਰੀਤੀ-ਰਿਵਾਜਾਂ ਦਾ ਮੁਲਾਂਕਣ ਕਰਦਾ ਹੈ ਅਤੇ ਸਾਨੂੰ ਸਾਡੇ ਵਿਰਸੇ ਬਾਰੇ ਜਾਣੂ ਕਰਵਾਉਂਦਾ ਹੈ। ਇਸੇ ਮਕਸਦ ਨਾਲ ਸਕੂਲ ਵਿੱਚ ਮਨਾਏ ਗਏ ਸੰਸਾਰਿਕ ਵਿਰਾਸਤੀ ਤੇ ਸੱਭਿਆਚਾਰਕ ਹਫਤੇ ਦੌਰਾਨ ਵਿਦਿਆਰਥੀਆਂ ਨੇ ਭਾਰਤ ਦੀਆਂ ਇਤਿਹਾਸਕ ਤੇ ਵਿਰਾਸਤੀ ਇਮਾਰਤਾਂ, ਖੇਡਾਂ, ਲੋਕ-ਗੀਤਾਂ ਤੇ ਲੋਕ-ਨਾਚ ਪੇਸ਼ ਕੀਤੇ। ਪ੍ਰਾਇਮਰੀ ਦੇ ਵਿਦਿਆਰਥੀਆਂ ਨੇ ਪੰਜਾਬ ਦੇ ਰਾਜਸੀ ਚਿੰਨ੍ਹਾਂ ਬਾਰੇ ਜਾਣਕਾਰੀ ਦਿੱਤੀ। ਸੰਸਾਰ ਨਾਲ ਸੰਬੰਧਿਤ ਵਿਰਾਸਤੀ ਸਮਾਰਕ ਤੇ ਇਤਿਹਾਸਕ ਇਮਾਰਤਾਂ ਗ੍ਰੇਟ ਵਾਲ ਆਫ ਚਾਈਨਾ, ਆਈਫਿਲ ਟਾਵਰ, ਅਜਿੰਤਾ ਦੀਆਂ ਗੁਫਾਵਾਂ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਵੱਖ-ਵੱਖ ਰਾਜਾਂ ਅਤੇ ਦੇਸ਼ਾਂ ਨਾਲ ਸੰਬੰਧਿਤ ਨਾਚ ਪੇਸ਼ ਕੀਤੇ ਗਏ। ਇਹ ਸਾਰਾ ਪ੍ਰੋਗਰਾਮ ਸਮਾਜਿਕ ਸਿੱਖਿਆ ਦੇ ਅਧਿਆਪਕ ਅਕਵਿੰਦਰ, ਅਮਨਦੀਪ, ਸੋਨੀਆ, ਪਰਮਜੀਤ, ਮਨਪ੍ਰੀਤ, ਸ਼ਕਤੀ, ਪ੍ਰਭਜੋਤ, ਬਲਵਿੰਦਰ ਤੇ ਰੁਪਿੰਦਰ ਦੁਆਰਾ ਤਿਆਰ ਕਰਵਾਇਆ ਗਿਆ।

ਇਸ ਮੌਕੇ ਸਕੂਲ ਪ੍ਰਿੰਸੀਪਲ ਡਾ: ਰਵਨੀਤ ਕੌਰ ਤੇ ਡਾਇਰੈਕਟਰ ਸੁਰਜੀਤ ਸਿੰਘ ਵੀ ਸ਼ਾਮਿਲ ਸਨ। ਡਾ: ਰਵਨੀਤ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਸੱਭਿਆਚਾਰ ਨਾਲ ਜੁੜਨਾ ਚਾਹੀਦਾ ਹੈ। ਮੋਬਾਇਲ ਦਾ ਖਹਿੜਾ ਛੱਡ ਕੇ ਇਨ੍ਹਾਂ ਵਿਰਾਸਤੀ ਲੋਕ ਖੇਡਾਂ ਦਾ ਮਜ਼ਾ ਲੈਣਾ ਚਾਹੀਦਾ ਹੈ ਕਿਉਂਕਿ ਇੱਕ ਤੰਦਰੁਸਤ ਸਰੀਰ ਵਿੱਚ ਹੀ ਇਕ ਤੰਦਰੁਸਤ ਦਿਮਾਗ ਹੁੰਦਾ ਹੈ। ਇਨ੍ਹਾਂ ਖੇਡਾਂ ਨਾਲ ਸਾਡਾ ਸਰੀਰਕ ਤੇ ਮਾਨਸਿਕ ਵਿਕਾਸ ਹੁੰਦਾ ਹੈ। ਵਿਆਹ-ਸ਼ਾਦੀਆਂ ਤੇ ਸਾਨੂੰ ਖੁਦ ਆਪਣੇ ਲੋਕ-ਗੀਤ ਬੋਲ ਕੇ ਆਪਣਾ ਮਨ ਪਰਚਾਵਾ ਕਰਨਾ ਚਾਹੀਦਾ ਹੈ। ਸਾਨੂੰ ਆਪਣੀਆਂ ਇਤਿਹਾਸਕ ਇਮਾਰਤਾਂ ਤੇ ਸਮਾਰਕ ਸੰਭਾਲ ਕੇ ਰੱਖਣੇ ਅਤਿ ਜ਼ਰੂਰੀ ਹਨ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਵੀ ਮਾਰਗ ਦਰਸ਼ਨ ਹੋ ਸਕੇ।

# ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਸੰਵਿਧਾਨ ਦਿਵਸ ਮਨਾਇਆ




ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਸੰਵਿਧਾਨ ਦਿਵਸ ਮਨਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਭਾਸ਼ਣ ਮੁਕਾਬਲੇ, ਕਾਵਿ-ਉਚਾਰਨ ਮੁਕਾਬਲੇ ਅਤੇ ਸਹੁੰ-ਚੁੱਕ ਸਮਾਗਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ।

ਇਸ ਦੌਰਾਨ ਕਾਲਜ ਅਧਿਆਪਕਾਂ ਨੇ ਭਾਰਤੀ ਸੰਵਿਧਾਨ ਦੀ ਸਥਾਪਨਾ, ਮਹੱਤਤਾ ਤੇ ਕਾਰਜਕੁਸ਼ਲਤਾ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਕਾਲਜ ਦੇ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਮੌਲਿਕ ਅਧਿਕਾਰਾਂ ਅਤੇ ਮੌਲਿਕ ਕਰਤੱਵਾਂ ਬਾਰੇ ਸੁਚੇਤ ਹੋ ਕੇ ਪਾਲਣਾ ਕਰਨ ਦੀ ਹਦਾਇਤ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਦੀ ਲੋੜ ਮੁਤਾਬਿਕ ਆਪਣੇ ਰਾਸ਼ਟਰੀ ਗੀਤ, ਰਾਸ਼ਟਰੀ ਝੰਡਾ ਅਤੇ ਰਾਸ਼ਟਰ ਨੂੰ ਪ੍ਰਫੁੱਲਤ ਕਰਨ ਲਈ ਹਰ ਵਿਅਕਤੀ ਨੂੰ ਸਾਰਥਕ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਸੰਵਿਧਾਨ ਪ੍ਰਤੀ ਸਮਰਪਿਤ ਰਹਿਣ ਦੀ ਸਹੁੰ ਵੀ ਚੁਕਾਈ ਗਈ।

ਪ੍ਰੋਗਰਾਮ ਦੇ ਅੰਤ ਵਿੱਚ ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਰੈੱਡ ਰਿਬਨ ਕਲੱਬ ਦੇ ਪ੍ਰੋਗਰਾਮ ਅਫਸਰ ਪ੍ਰੋਫੈਸਰ ਸੰਦੀਪ ਕੌਰ, ਪ੍ਰੋਫੈਸਰ ਮਨਜੀਤ ਕੌਰ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਲੋਹਗੜ੍ਹ ਕੋਠੇ ਵਿਖੇ ਮਨਾਇਆ ਸੰਵਿਧਾਨ ਦਿਵਸ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)—ਪਿੰਡ ਲੋਹਗੜ੍ਹ ਕੋਠੇ ਵਿਖੇ ਭਾਜਪਾ ਐੱਸਸੀ ਮੋਰਚਾ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਯਸ਼ਪਾਲ ਕੁੰਡਲ ਦੀ ਪ੍ਰਧਾਨਗੀ ਹੇਠ ਸੰਵਿਧਾਨ ਦਿਵਸ ਬੜੀ ਸ਼ਰਧਾਪੂਰਵਕ ਮਨਾਇਆ ਗਿਆ।

ਇਸ ਸਮਾਗਮ ਵਿੱਚ ਭਾਜਪਾ ਅਹੁਦੇਦਾਰ ਰਜਿੰਦਰ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ ਚਿੱਤਰ 'ਤੇ ਸ਼ਰਧਾ ਸੁਮਨ ਭੇਟ ਕਰਕੇ ਕੀਤੀ ਗਈ। ਇਸ ਮੌਕੇ ਯਸ਼ਪਾਲ ਕੁੰਡਲ ਨੇ ਬਾਬਾ ਸਹਿਬ ਦੇ ਜੀਵਨ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਪ੍ਰਧਾਨ ਮੰਤਰੀ ਮੋਦੀ ਵਲੋਂ ਬਾਬਾ ਸਾਹਿਬ ਦੇ ਜੀਵਨ 'ਤੇ ਅਧਾਰਿਤ ਬਣਾਈਆਂ ਪੰਜ ਸਮਾਰਕਾਂ ਬਾਰੇ ਵੀ ਜਾਣੂ ਕਰਵਾਇਆ। ਇਸ ਮੌਕੇ ਕੇਂਦਰ ਦੀ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਮੌਕੇ ਮੋਹਨ ਲਾਲ ਮਹਾਂਮੰਤਰੀ ਐੱਸਸੀ ਮੋਰਚਾ, ਮੇਲਾ ਰਾਮ, ਤਰਸੇਮ ਲਾਲ, ਸਤਪਾਲ ਸਿੰਘ, ਬਲਬੀਰ ਸਿੰਘ, ਪਰਸ਼ੋਤਮ ਸ਼ਰਮਾ, ਸੰਜੀਵ ਡੋਗਰਾ, ਵਿਧੂ ਸਲਾਰੀਆ, ਸਰਜੀਵਨ ਸਿੰਘ, ਪਰਸ਼ੋਤਮ ਲਾਲ, ਸ਼ੈਂਪੀ ਸੋਹਲ ਜ਼ਿਲ੍ਹਾ ਪ੍ਰਧਾਨ, ਮਹਿਕ ਡਲੋਤਰਾ ਮੰਡਲ ਪ੍ਰਧਾਨ, ਚਰਨ ਦਾਸ ਮੰਡਲ ਪ੍ਰਧਾਨ, ਡਿੰਪਲ, ਸੁਮਨ ਬਾਲਾ, ਪੂਰਨ ਸਿੰਘ, ਜ਼ਿਲ੍ਹਾ ਪ੍ਰਧਾਨ ਪੰਚਾਇਤੀ ਸੈੱਲ ਸੁੱਚਾ ਸਿੰਘ ਹਾਜ਼ਰ ਸਨ।

# ਰੋਟਰੀ ਕਲੱਬ ਮੈਂਬਰਾਂ ਵੱਲੋਂ ਕਰਨ ਸਚਦੇਵਾ ਦਾ ਮਾਣ-ਸਨਮਾਨ



ਅੰਮ੍ਰਿਤਸਰ (ਅਰੋੜਾ)-ਰੋਟਰੀ ਕਲੱਬ ਅੰਮ੍ਰਿਤਸਰ ਵੈਸਟ ਅਤੇ ਰੋਟਰੀ ਕਲੱਬ ਨੌਰਥ ਵੱਲੋਂ ਸਮੂਹਿਕ ਰੂਪ ਵਜੋਂ ਚਲਾਏ ਗਏ ਅਭਿਆਨ ਦੇ ਤਹਿਤ ਸਮਾਜ ਵਿੱਚ ਆਪਣੇ ਅਹੁਦਿਆਂ 'ਤੇ ਰਹਿ ਕੇ ਸ਼ਲਾਘਾਯੋਗ ਭੂਮਿਕਾ ਨਿਭਾਉਣ, ਦੇਸ਼ ਅਤੇ ਸਮਾਜ ਭਲਾਈ ਕੰਮਾਂ ਵਿੱਚ ਸਹਿਯੋਗ ਦੇਣ ਵਾਲੇ ਅਧਿਕਾਰੀਆਂ ਨੂੰ ਸਨਮਾਨਿਤ ਕੀਤੇ ਜਾਣ ਵਾਲੀ ਮੁਹਿੰਮ ਦੇ ਚੱਲਦੇ ਅੰਮ੍ਰਿਤਸਰ ਦੇ ਆਸ-ਪਾਸ ਕਸਬਿਆਂ ਵਿੱਚ ਸਿਹਤ ਵਿਭਾਗ ਵੱਲੋਂ ਨਿਰਧਾਰਤ ਨਿਯਮਾਂ ਨੂੰ ਲਾਗੂ ਕਰਵਾਉਣ ਵਿੱਚ ਖਾਸ ਭੂਮਿਕਾ ਨਿਭਾਉਣ ਵਾਲੇ ਜ਼ੋਨਲ ਲਾਇਸੰਸਿੰਗ ਅਥਾਰਟੀ ਡਰੱਗ ਕਰਨ ਸਚਦੇਵਾ ਨੂੰ ਖਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ। ਰੋਟਰੀ ਦੇ ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ ਨੇ ਦੱਸਿਆਂ ਕਿ ਕਰਨ ਸਚਦੇਵਾ ਆਪਣੀ ਜ਼ਿੰਮੇਵਾਰੀ ਨੂੰ ਸੰਜੀਦਗੀ ਨਾਲ ਨਿਭਾਉਣ ਵਾਲੇ ਅਧਿਕਾਰੀ ਹਨ ਜਿਸ ਕਰਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਸਹਾਇਕ ਗਵਰਨਰ ਦੇ ਨਾਲ ਡਾਕਟਰ ਜਸਪ੍ਰੀਤ ਗਰੋਵਰ, ਰਮਨ ਗੁਪਤਾ, ਰਕੇਸ਼ ਅਰੋੜਾ, ਨਰੇਸ਼ ਗਰੋਵਰ, ਸ਼ਾਲੂ ਅਗਰਵਾਲ, ਹਰੀ ਸ਼ਰਨ ਰੋਟਰੀ ਕੱਲਬਾਂ ਦੇ ਹੋਰ ਮੈਂਬਰ ਮੌਜੂਦ ਸਨ।


## Court Notice

**(U/o 5 Rule 20 CPC)**
**(Under Guardian and Ward Act)**
**In the Court of Jaapinder Singh Civil Judge (Senior Division), Amritsar**
**CNR No. PBAS02-005197-2022**
**Next Date : 09.01.2023**

Archana Widow of Sh. Vishal Lakhanpal Resident of House No. 361, Jeewan Singh Road, Amritsar at Present 2121, Lane No. 2 SJS Avenue, Ajnala Road, Amritsar

Vs.

General Public

Petition under Section 8 of the Hindu Minority and Guardianship Act. for Permitting the Petitioner to Sell and Alienate the Share of Minor Saksham Lakhanpal in Property Double Storied House Bearing P.V.T. No. 7 Khana Shumari No. 188 and 361 Having Area of 70 Maraba Situated in the Area of Amritsar outside Hathi Gate, Durgiana Abadi, Near Foal Bagh Amritsar.

Notice To : General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 09-01-2023 at 10.00 a.m.

For details logon to https://highcourtchd.gov.in/?trs=district_notice&district=Amritsar

Civil Judge (Senior Division), Amritsar
Dated, this day of 25-11-2022


# ਟੋਇਟਾ ਕਿਰਲੋਸਕਰ ਮੋਟਰ ਵੱਲੋਂ 'ਇਨੋਵਾ' ਦੀ ਯਾਤਰਾ 'ਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ

ਜਲੰਧਰ : ਟੋਇਟਾ ਕਿਰਲੋਸਕਰ ਮੋਟਰ (ਟੀਕੇਐੱਮ) ਨੇ ਇਨੋਵਾ ਹਾਈਕ੍ਰਾਸ ਦਾ ਉਦਘਾਟਨ ਕਰਕੇ ਇਨੋਵਾ ਦੀ ਯਾਤਰਾ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ। ਇਹ ਇੱਕ ਸਵੈ-ਚਾਰਜਿੰਗ ਮਜ਼ਬੂਤ ਹਾਈਬ੍ਰਿਡ ਇਲੈਕਟ੍ਰਿਕ ਵਾਹਨ (ਐੱਸਐੱਚਈਵੀ) ਹੈ। ਟੋਇਟਾ ਨਿਊ ਗਲੋਬਲ ਆਰਕੀਟੈਕਚਰ (ਟੀਐੱਨਜੀਏ) 'ਤੇ ਆਧਾਰਿਤ ਨਵੀਨਤਮ ਇਨੋਵਾ ਭਾਰਤੀ ਗਾਹਕਾਂ ਨੂੰ ਆਕਰਸ਼ਿਤ ਕਰਨ ਲਈ ਟੋਇਟਾ ਦੀ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਗੁਣਵੱਤਾ, ਸਥਾਈਪਣ ਅਤੇ ਭਰੋਸੇਯੋਗਤਾ ਦਾ ਜਸ਼ਨ ਮਨਾਉਂਦੀ ਹੈ। ਪਰਿਵਾਰਕ ਜ਼ਰੂਰਤਾਂ ਲਈ ਡਿਜ਼ਾਈਨ ਕੀਤਾ ਗਿਆ, ਸੁਵਿਧਾਵਾਂ ਨਾਲ ਭਰਪੂਰ ਨਵੀਂ ਇਨੋਵਾ ਹਾਈਕ੍ਰਾਸ ਗਲੈਮਰ, ਮਜ਼ਬੂਤੀ, ਆਰਾਮ, ਸੁਰੱਖਿਆ ਅਤੇ ਉੱਨਤ ਤਕਨਾਲੋਜੀ ਦੀ ਪੇਸ਼ ਕਰਨ ਵਾਲੇ ਹਰ ਮੌਕੇ ਲਈ ਇੱਕ ਵਾਹਨ ਹੈ। ਟੋਇਟਾ ਦੀ ਅਮੀਰ ਗਲੋਬਲ ਐੱਸਯੂਵੀ ਵਿਰਾਸਤ ਤੋਂ ਪ੍ਰੇਰਨਾ ਲੈਂਦੇ ਹੋਏ ਨਵੀਂ ਇਨੋਵਾ ਹਾਈਕ੍ਰਾਸ ਵਿੱਚ ਲਈ ਕਾਫ਼ੀ ਥਾਂ ਦੇ ਨਾਲ ਇੱਕ ਠੋਸ ਅਤੇ ਮਜ਼ਬੂਤ ਡਿਜ਼ਾਇਨ ਹੈ ਜੋ ਸਾਰਿਆਂ ਲਈ ਲਚਕਦਾਰ ਅਤੇ ਆਰਾਮਦਾਇਕ ਬੈਠਣ ਦੀ ਸਹੂਲਤ ਪ੍ਰਦਾਨ ਕਰਦਾ ਹੈ। ਇਹ ਬਹੁਮੁਖੀ ਵਾਹਨ ਉਨ੍ਹਾਂ ਪਰਿਵਾਰਾਂ ਲਈ ਨਿਸ਼ਾਨਾ ਹੈ ਜੋ ਇੱਕ ਅਜਿਹਾ ਵਾਹਨ ਚਾਹੁੰਦੇ ਹਨ ਜੋ ਉਬੜ-ਖਾਬੜ ਸੜਕਾਂ ਨੂੰ ਝੱਲ ਸਕੇ ਅਤੇ ਇੱਕ ਨਿਰਵਿਘਨ, ਥਕਾਨ ਰਹਿਤ ਡ੍ਰਾਈਵ ਪ੍ਰਦਾਨ ਕਰ ਸਕੇ।


## Fullerton India Credit Company Limited

Fullerton India — Rishta Sammaan Ka

ਕਾਰਪੋਰੇਟ ਦਫਤਰ : ਸੁਪਰੀਮ ਬਿਜ਼ਨੈੱਸ ਪਾਰਕ, ਮੰਜ਼ਲ 5 ਅਤੇ 6, ਬੀ ਵਿੰਗ, ਪੋਵਾਈ ਮੁੰਬਈ 400 076

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਬਾਰੇ)**

**ਸਕਿਉਰਟੀ ਇਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (1) ਤਹਿਤ**

ਜਿਵੇਂ ਕਿ ਨਿਮਨ ਹਸਤਾਖਰੀ ਨੇ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਜਿਸ ਦਾ ਰਜਿਸਟਰਡ ਦਫਤਰ ਮੇਘ ਟਾਵਰਜ਼, ਤੀਜੀ ਮੰਜ਼ਲ, ਪੁਰਾਣਾ ਨੰ. 307, ਨਵਾਂ ਨੰ. 165, ਪੂਨਾਮਾਲੀ ਹਾਈ ਰੋਡ ਮਦੂਰਾਵੋਇਲ, ਚੇਨਈ, ਤਾਮਿਲਨਾਡੂ 600095 ਅਤੇ ਕਾਰਪੋਰੇਟ ਦਫਤਰ ਮੰਜ਼ਲ 5 ਅਤੇ 6, ਬੀ ਵਿੰਗ, ਸੁਪਰੀਮ ਆਈ ਟੀ ਪਾਰਕ, ਸੁਪਰੀਮ ਸਿਟੀ, ਲੇਕ ਕੈਸਲ ਦੇ ਪਿੱਛੇ, ਪੋਵਾਈ, ਮੁੰਬਈ 400076 ਹੈ, ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਤਹਿਤ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਕਰਜ਼ਦਾਰਾਂ 1. ਜਸਵਿੰਦਰ ਕੁਮਾਰ, 2. ਊਸ਼ਾ ਰਾਣੀ ਕਰਜ਼ਾ ਖਾਤਾ ਨੰਬਰਜ਼ # 191221310591866 ਅਤੇ 191221310723479 ਤਹਿਤ ਡਿਮਾਂਡ ਨੋਟਿਸ 'ਚ ਦਰਸਾਈ ਰਕਮ ਰੁਪਏ 60,33,422 (ਸੱਠ ਲੱਖ ਤੇਤੀ ਹਜ਼ਾਰ ਚਾਰ ਸੌ ਬਾਈ ਰੁਪਏ ਕੇਵਲ) ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਕੀਤੇ ਜਾਣ ਲਈ 21 ਮਈ 2022 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਮੋੜਨ 'ਚ ਨਾਕਾਮ ਰਹੇ ਹਨ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 25 ਨਵੰਬਰ 2022 ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਇਸ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਨੂੰ ਰੁਪਏ 60,33,422/- (ਸੱਠ ਲੱਖ ਤੇਤੀ ਹਜ਼ਾਰ ਚਾਰ ਸੌ ਬਾਈ ਰੁਪਏ ਕੇਵਲ) ਅਤੇ ਇਸ ਉਪਰ ਵਿਆਜ ਦੀ ਅਦਾਇਗੀਯੋਗ ਹੋਵੇਗੀ।

ਅਚੱਲ ਜਾਇਦਾਦ ਦਾ ਵੇਰਵਾ : ਜਾਇਦਾਦ, ਜਿਸ ਦਾ ਖਸਰਾ ਨੰ. 1322-23/782 (3-10), 1324-25/783 (5-1), 1326-27/784 (3-2), 1328-29/785 (2-2), 786 (2-2) ਪਿੰਡ ਮਾਧੋਪੁਰ ਮਕਾਨ ਨੰ. 1122, ਗਲੀ-8, ਡੇਰਾ ਬਸੀ (ਪੰਜਾਬ) 160062, ਖੱਤਾ ਨੰ. 20/34, ਖਸਰਾ ਨੰ. 786 (2-2), 787 (2-2), 1322-23/782 (3-10), 1324-25/783 (5-1), 1326-27/784 (3-2), 1328-29/785 (2-2) ਕਿੱਤੇ 6 ਰਕਬਾ ਤਦਾਦੀ 17 ਬਿਘੇ 19 ਵਿਸਵੇ ਦਾ 5/359 ਹਿੱਸਾ ਬਕਦਰ 00 ਬਿਘੇ 06 ਬਿਸਵੇ 00 ਬਿਸਵਾਸੀ (31-0*72-7=250 ਵਰਗ ਗਜ਼) ਪਲਾਟ ਨੰ. 1147 ਪਿੰਡ ਮਾਧੋਪੁਰ, ਤਹਿਸੀਲ ਡੇਰਾ ਬਸੀ ਨਾਲ ਸੰਬੰਧਤ ਸਭ ਕੁਝ, ਜਿਸ ਦੇ ਪੂਰਬ ਵੱਲ : ਸੜਕ, ਪੱਛਮ : ਕਿਸੇ ਹੋਰ ਦਾ ਪਲਾਟ, ਉੱਤਰ : ਸ੍ਰੀਮਤੀ ਅਰਵਿੰਦਰਜੀਤ ਕੌਰ ਦਾ ਪਲਾਟ, ਦੱਖਣ : ਸ੍ਰੀ ਚਰਨਜੀਤ ਸਿੰਘ ਦਾ ਪਲਾਟ।

ਸਥਾਨ : ਡੇਰਾਬਸੀ
ਮਿਤੀ : 28.11.2022

ਸਹੀ/-ਅਧਿਕਾਰਤ ਅਫਸਰ,
ਫੁਲਟਰੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ



## ਪਬਲਿਕ ਨੋਟਿਸ

ICICI Bank — ICICI Bank Limited

Registered office: Landmark, Race Course Circle, Vadodara 390 007.
Corporate office: ICICI Bank Towers, Bandra-Kurla Complex, Mumbai 400 051.

**ਸੋਨਾ ਨਿਲਾਮੀ ਕਮ ਸੱਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 8 ਦਸੰਬਰ 2022 ਨੂੰ ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਬੋਹਰ | |
| 189405002340 | ਰਾਜੇਸ਼ ਕੁਮਾਰ |
| 189405002389 | ਰਾਜੇਸ਼ ਕੁਮਾਰ |
| 189405003631 | ਅਸ਼ੋਕ ਕੁਮਾਰ |
| 189405003635 | ਦਰੋਪਤੀ ਦਰੋਪਤੀ |
| ਬਰਾਂਚ ਦਾ ਨਾਂਅ : ਅਜਨਾਲਾ | |
| 108305006124 | ਜਸਮੀਤ ਸਿੰਘ |
| 108305006248 | ਰਣਜੀਤ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ | |
| 658805600665 | ਹਰਿਸ਼ ਹਰਿਸ਼ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਈਸਟ ਮੋਹਨ ਨਗਰ | |
| 189305000688 | ਅਜੈ ਕੁਮਾਰ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਵੇਰਕਾ | |
| 374205000206 | ਕਮਲ ਸੋਨੀ |
| ਬਰਾਂਚ ਦਾ ਨਾਂਅ : ਅਟਾਰੀ | |
| 390605000268 | ਜਸਬੀਰ ਸਿੰਘ |
| ਬਰਾਂਚ ਦਾ ਨਾਂਅ : ਬੰਗਾ | |
| 152005000994 | ਗੁਰਦੇਵ ਸਿੰਘ |
| 152005001005 | ਜਸਰਾਜ ਸਿੰਘ |
| ਬਰਾਂਚ ਦਾ ਨਾਂਅ : ਬਰਨਾਲਾ | |
| 051805002850 | ਕੁਲਵਿੰਦਰ ਸਿੰਘ |
| 051805003298 | ਰਣਜੋਧ ਸਿੰਘ |
| 051805003663 | ਰੁਪਾਲੀ ਰੁਪਾਲੀ |
| ਬਰਾਂਚ ਦਾ ਨਾਂਅ : ਬੱਸੀ ਪਠਾਣਾ | |
| 383405001453 | ਅਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਬੇਗੋਵਾਲ | |
| 152205001260 | ਗੁਰਚਰਨ ਸਿੰਘ |
| 152205001265 | ਸੁਨੀਲ ਕੁਮਾਰ |
| ਬਰਾਂਚ ਦਾ ਨਾਂਅ : ਭਾਦਸੋਂ | |
| 400505000719 | ਸੰਦੀਪ ਸਿੰਘ |
| ਬਰਾਂਚ ਦਾ ਨਾਂਅ : ਭਗਤਾ | |
| 372805001592 | ਸੁਖਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਬਠਿੰਡਾ-ਸਿਵਲ ਲਾਇਨ | |
| 241605000965 | ਕਮਲਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਬਠਿੰਡਾ-ਬੈਂਕ ਸਟ੍ਰੀਟ | |
| 659005600067 | ਰਵਨਦੀਪ ਸਿੰਘ |
| ਬਰਾਂਚ ਦਾ ਨਾਂਅ : ਭਿੱਖੀਵਿੰਡ, ਪੰਜਾਬ | |
| 361005002160 | ਗੁਰਅਮਰਿਤ ਪਾਲ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ 17 | |
| 134305000487 | ਕ੍ਰਿਸ਼ਨ ਸਿੰਘ |
| ਬਰਾਂਚ ਦਾ ਨਾਂਅ : ਡੇਰਾਬਸੀ | |
| 096705002960 | ਸ਼ਾਦੀ ਰਾਮ |
| ਬਰਾਂਚ ਦਾ ਨਾਂਅ : ਧਾਰੀਵਾਲ, ਪੰਜਾਬ | |
| 356005000912 | ਗੁਰਮੀਤ ਸਿੰਘ |
| ਬਰਾਂਚ ਦਾ ਨਾਂਅ : ਧੂਰੀ | |
| 150805003047 | ਸਾਹਿਲ ਪੁਰੀ |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਫਰੀਦਕੋਟ | |
| 078305002809 | ਕੁਲਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਗੋਨਿਆਣਾ ਮੰਡੀ | |
| 380305001699 | ਕੁਲਵਿੰਦਰ ਕੌਰ |
| ਬਰਾਂਚ ਦਾ ਨਾਂਅ : ਗੁਰਦਾਸਪੁਰ | |
| 050105003332 | ਸਚਿਨ ਸਚਿਨ |
| ਬਰਾਂਚ ਦਾ ਨਾਂਅ : ਜੈਤੋ, ਪੰਜਾਬ | |
| 355805002039 | ਗਗਨਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਜਲਾਲਾਬਾਦ | |
| 211805005751 | ਬਿੱਟੂ ਸਿੰਘ |
| ਬਰਾਂਚ ਦਾ ਨਾਂਅ : ਜਲੰਧਰ-ਰਾਮਾ ਮੰਡੀ | |
| 217605000690 | ਬਰਿੰਦਰ ਸਿੰਘ |
| ਬਰਾਂਚ ਦਾ ਨਾਂਅ : ਜਲੰਧਰ | |
| 008205008109 | ਸ਼ਾਲੀਨੀ ਸ਼ਰਮਾ |
| ਬਰਾਂਚ ਦਾ ਨਾਂਅ : ਜਲੰਧਰ-ਨੂਰਮਹਿਲ | |
| 007905001631 | ਗੁਰਦਿਆਲ |
| ਬਰਾਂਚ ਦਾ ਨਾਂਅ : ਜੰਡਿਆਲਾ ਗੁਰੂ | |
| 202105002790 | ਮੁਨੀਸ਼ ਕੁਮਾਰ |
| ਬਰਾਂਚ ਦਾ ਨਾਂਅ : ਕਪੂਰਥਲਾ-ਸੁਲਤਾਨਪੁਰ ਰੋਡ | |
| 189505000557 | ਮਨਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਖਨੌਰੀ, ਪੰਜਾਬ | |
| 356105001755 | ਸਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਖਰੜ | |
| 079105002951 | ਅਮਰਜੀਤ ਕੌਰ |
| 079105002940 | ਮਨਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਕੋਟਕਪੂਰਾ | |
| 078405003688 | ਡਿਪਤੀ ਸਿੰਘ |
| ਬਰਾਂਚ ਦਾ ਨਾਂਅ : ਲੌਂਗੋਵਾਲ | |
| 178105002671 | ਅਮਨਦੀਪ ਕੌਰ |
| ਬਰਾਂਚ ਦਾ ਨਾਂਅ : ਲੁਧਿਆਣਾ-ਜਮਾਲਪੁਰ | |
| 057805003071 | ਰਾਹੁਲ ਸ਼ਰਮਾ |
| ਬਰਾਂਚ ਦਾ ਨਾਂਅ : ਮਾਛੀਵਾੜਾ | |
| 178205002215 | ਇੰਦਰਜੀਤ ਸਿੰਘ |
| ਬਰਾਂਚ ਦਾ ਨਾਂਅ : ਮਾਲੇਰਕੋਟਲਾ | |
| 249605001650 | ਅਮਨਦੀਪ ਕੌਰ |
| 249605001818 | ਮੁਹੰਮਦ ਮਹਿਫੂਜ਼ |
| ਬਰਾਂਚ ਦਾ ਨਾਂਅ : ਮਲੋਟ | |
| 151905003858 | ਹਰਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਮਾਨਸਾ | |
| 044605003224 | ਬੂਟਾ ਸਿੰਘ |
| 044605003658 | ਅਵਤਾਰ ਸਿੰਘ |
| 044605003717 | ਮਮਤਾ ਮਮਤਾ |
| ਬਰਾਂਚ ਦਾ ਨਾਂਅ : ਮੌੜ ਮੰਡੀ, ਪੰਜਾਬ | |
| 355605002611 | ਰਜਿੰਦਰ ਕੌਰ |
| ਬਰਾਂਚ ਦਾ ਨਾਂਅ : ਮੁਹਾਲੀ-ਫੇਜ਼-11 | |
| 385505000259 | ਅਜੈ ਸ਼ਰਮਾ |
| 385505000410 | ਸਰੋਜ ਸ਼ਰਮਾ |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਮੁਹਾਲੀ-ਫੇਜ਼-10 | |
| 152505001170 | ਸੋਨੂੰ ਸੋਨੂੰ |
| ਬਰਾਂਚ ਦਾ ਨਾਂਅ : ਮੁਹਾਲੀ-ਸੈਕਟਰ 67 | |
| 366905000317 | ਕੁੰਵਰਦੀਪ ਸਿੰਘ |
| 366905000414 | ਕੁੰਵਰਦੀਪ ਸਿੰਘ |
| ਬਰਾਂਚ ਦਾ ਨਾਂਅ : ਮੁਹਾਲੀ-ਫੇਜ਼ 7 | |
| 342105001809 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਮੁਕੇਰੀਆਂ | |
| 087705002130 | ਸੋਨੀਆ ਫਰੈਡ ਮਸੀਹ |
| ਬਰਾਂਚ ਦਾ ਨਾਂਅ : ਨਡਾਲਾ | |
| 374705000161 | ਦੀਦਾਰ ਸਿੰਘ |
| ਬਰਾਂਚ ਦਾ ਨਾਂਅ : ਪਠਾਨਕੋਟ-ਡਲਹੌਜ਼ੀ ਰੋਡ | |
| 393005000254 | ਮੁਡਾਡਲਾ ਸ਼ਿਵਾ ਕੁਮਾਰ |
| ਬਰਾਂਚ ਦਾ ਨਾਂਅ : ਪਾਤੜਾਂ | |
| 283105003208 | ਗੁਰਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਪੱਟੀ | |
| 150505005289 | ਜੈਮਲ ਸਿੰਘ |
| 150505007699 | ਸ਼ਰਨਜੀਤ ਸਿੰਘ ਸਿੰਘ |
| ਬਰਾਂਚ ਦਾ ਨਾਂਅ : ਕਾਦੀਆਂ | |
| 411805000510 | ਨਵਨੀਤ ਸਿੰਘ |
| ਬਰਾਂਚ ਦਾ ਨਾਂਅ : ਰਾਜਪੁਰਾ | |
| 047705005985 | ਅਮਰਜੀਤ ਸਿੰਘ |
| 047705006680 | ਮੁਹੰਮਦ ਸਾਦਿਕ |
| ਬਰਾਂਚ ਦਾ ਨਾਂਅ : ਸਾਦਿਕ, ਪੰਜਾਬ | |
| 357105000355 | ਨਵਕੀਰਤ ਪਾਲ ਸਿੰਘ |
| 357105005315 | ਲਵਪ੍ਰੀਤ ਸਿੰਘ |
| 357105005336 | ਦਿਲਰਾਜ ਸਿੰਘ |
| 357105005339 | ਜਗਨਮ ਸਿੰਘ |
| ਬਰਾਂਚ ਦਾ ਨਾਂਅ : ਸੰਗਤ | |
| 383505001753 | ਅਵਤਾਰ ਸਿੰਘ |
| ਬਰਾਂਚ ਦਾ ਨਾਂਅ : ਸੈਕਟਰ-70, ਮੁਹਾਲੀ | |
| 660005600526 | ਰਵੀ ਬਕਸ਼ੀ |
| ਬਰਾਂਚ ਦਾ ਨਾਂਅ : ਸਰਹਿੰਦ | |
| 150605002546 | ਚਮਕੌਰ ਸਿੰਘ |
| 150605003006 | ਨਿਰਮਲ ਸਿੰਘ |
| 150605003469 | ਗੁਰਿੰਦਰ ਸਿੰਘ |
| ਬਰਾਂਚ ਦਾ ਨਾਂਅ : ਤਲਵੰਡੀ ਸਾਬੋ | |
| 150705002085 | ਸੁਖਵੀਰ ਸਿੰਘ |
| ਬਰਾਂਚ ਦਾ ਨਾਂਅ : ਟਾਂਡਾ ਉੜਮੁੜ | |
| 087805002228 | ਜਤਿੰਦਰ ਸਿੰਘ |
| ਬਰਾਂਚ ਦਾ ਨਾਂਅ : ਤਪਾ | |
| 417405000011 | ਬਚਿੱਤਰ ਸਿੰਘ |
| 417405001523 | ਲਾਲੀ ਸਿੰਘ |
| ਬਰਾਂਚ ਦਾ ਨਾਂਅ : ਜ਼ੀਰਕਪੁਰ | |
| 050705003577 | ਨਿਰਮਲ ਸਿੰਘ |
| 050705003570 | ਰਜਿੰਦਰ ਸਿੰਘ ਚਾਹਲ |

ਮਿਤੀ : 28.11.2022
ਸਥਾਨ : ਚੰਡੀਗੜ੍ਹ, ਜਲੰਧਰ, ਮੁਕਤਸਰ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਮਾਨਸਾ, ਫਾਜ਼ਿਲਕਾ, ਲੁਧਿਆਣਾ, ਕਪੂਰਥਲਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਗੁਰਦਾਸਪੁਰ, ਤਰਨ ਤਾਰਨ, ਮਲੇਰਕੋਟਲਾ, ਪਠਾਨਕੋਟ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਬਰਨਾਲਾ

ਸਹੀ/-
ਅਧਿਕਾਰਤ ਅਫਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮ:



# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਉਪਰੋਕਤ ਵਿਸ਼ੇ ਸੰਬੰਧੀ ਵਿਸ਼ਾ ਚਰਚਿਤ ਖਪਤਕਾਰ ਇੱਕ ਏ ਪੀ ਕੁਨੈਕਸ਼ਨ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਇੱਕ ਜਨਤਕ ਨੋਟਿਸ ਜਾਰੀ ਕੀਤਾ ਜਾਵੇ ਕਿ ਅਗਰ ਕਿਸੇ ਨੂੰ ਕੁਨੈਕਸ਼ਨ ਖਾਤਾ ਨੰ. ਏ ਪੀ 33/0112 ਰਕਬਾ ਪਿੰਡ ਮੂਲੇਵਾਲ ਬ੍ਰਾਹਮਣਾਂ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਖਪਤਕਾਰ ਸ੍ਰੀਮਤੀ ਚਰਨ ਕੌਰ ਪਤਨੀ ਨਾਜ਼ਰ ਸਿੰਘ ਪਿੰਡ ਮੂਲੇਵਾਲ ਖਹਿਰਾ ਰਕਬਾ ਮੂਲੇਵਾਲ ਬ੍ਰਾਹਮਣਾਂਤੋਂ ਬਿਨੈਕਾਰ ਬਲਵੰਤ ਸਿੰਘ ਸਪੁੱਤਰ ਨਾਜ਼ਰ ਸਿੰਘ ਵਾਸੀ ਮੂਲੇਵਾਲ ਖਹਿਰਾ ਰਕਬਾ ਮੂਲੇਵਾਲ ਬ੍ਰਾਹਮਣਾਂ ਦੇ ਨਾਂਅ 'ਤੇ ਕਰਨ ਵਿੱਚ ਅਗਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ 10 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਅਫਸਰ/ਵੰਡ ਮਲਸੀਆਂ ਦੇ ਦਫਤਰ ਵਿਖੇ ਸਮੇਤ ਪੁਖਤਾ ਸਬੂਤ ਆਪਣਾ ਇਤਰਾਜ਼ ਦਰਜ ਕਰਵਾ ਸਕਦਾ ਹੈ। ਸਹਾਇਕ ਕਾਰਜਕਾਰੀ ਇੰਜ/ਵੰਡ ਉਪ ਮੰਡਲ ਮਲਸੀਆਂ।

ਉਪਰੋਕਤ ਵਿਸ਼ੇ ਸੰਬੰਧੀ ਵਿਸ਼ਾ ਚਰਚਿਤ ਖਪਤਕਾਰ ਇੱਕ ਏ ਪੀ ਕੁਨੈਕਸ਼ਨ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਇੱਕ ਜਨਤਕ ਨੋਟਿਸ ਜਾਰੀ ਕੀਤਾ ਜਾਵੇ ਕਿ ਅਗਰ ਕਿਸੇ ਨੂੰ ਕੁਨੈਕਸ਼ਨ ਖਾਤਾ ਨੰ. ਏ ਪੀ 33/0079 ਰਕਬਾ ਪਿੰਡ ਮੂਲੇਵਾਲ ਬ੍ਰਾਹਮਣਾਂ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਸ੍ਰੀ ਪੂਰਨ ਸਿੰਘ ਸਪੁੱਤਰ ਬੋਘ ਸਿੰਘ ਪਿੰਡ ਮੂਲੇਵਾਲ ਖਹਿਰਾ ਰਕਬਾ ਮੂਲੇਵਾਲ ਬ੍ਰਾਹਮਣਾਂ ਤੋਂ ਬਿਨੈਕਾਰ ਸ੍ਰੀ ਸਵਿੰਦਰ ਸਿੰਘ ਸੰਧੂ ਸਪੁੱਤਰ ਨਾਜ਼ਰ ਸਿੰਘ ਵਾਸੀ ਮੂਲੇਵਾਲ ਖਹਿਰਾ ਰਕਬਾ ਮੂਲੇਵਾਲ ਬ੍ਰਾਹਮਣਾਂ ਦੇ ਨਾਂਅ 'ਤੇ ਕਰਨ ਵਿੱਚ ਅਗਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ 10 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਅਫਸਰ/ਵੰਡ ਮਲਸੀਆਂ ਦੇ ਦਫਤਰ ਵਿਖੇ ਸਮੇਤ ਪੁਖਤਾ ਸਬੂਤ ਆਪਣਾ ਇਤਰਾਜ਼ ਦਰਜ ਕਰਵਾ ਸਕਦਾ ਹੈ। ਸਹਾਇਕ ਕਾਰਜਕਾਰੀ ਇੰਜ/ਵੰਡ ਉਪ ਮੰਡਲ ਮਲਸੀਆਂ।

ਮੈਂ ਇੰਦਰਜੀਤ ਸਿੰਘ ਉਰਫ ਇੰਦਰ ਸਿੰਘ ਨੇ ਵਾਹੀ ਯੋਗ ਜਮੀਨ ਪਿੰਡ ਸੰਗਤਪੁਰਾ ਵੇਚ ਦਿੱਤੀ ਸੀ ਜਿਸ ਵਿੱਚ ਟਿਊਬਵੈਲ ਕੁਨੈਕਸ਼ਨ ਖਾਤਾ ਨੰ. AP491177K ਚਲ ਰਿਹਾ ਹੈ ਹੁਣ ਜ਼ਮੀਨ ਦੀ ਮਾਲਕ ਬਲਵਿੰਦਰ ਕੌਰ ਹੈ ਜੋ ਕਿ ਮੇਰੇ ਨਾਂ ਦਾ ਟਿਊਬਵੈਲ ਕੁਨੈਕਸ਼ਨ ਬਲਵਿੰਦਰ ਕੌਰ ਦੇ ਨਾਂ ਕਰਨਾ ਹੈ ਜੇ ਕਿਸੇ ਨੂੰ ਕੋਈ ਇਤਿਰਾਜ ਹੋਵੇ ਤਾਂ ਉਹ ਆਪਣਾ ਇਤਰਾਜ 15 ਦਿਨਾਂ ਦੇ ਅੰਦਰ ਅੰਦਰ ਪੀ.ਐਸ.ਪੀ.ਸੀ.ਐਲ ਫਤਿਹਗੜ੍ਹ ਚੂੜੀਆਂ ਨਾਲ ਸੰਪਰਕ ਕਰ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 02/1211-ਏ (10 ਬੀ ਐੱਚ ਪੀ), ਜੋ ਕਿ ਸ੍ਰੀ ਨਿਰਮਲ ਸਿੰਘ ਪੁੱਤਰ ਸ੍ਰੀ ਨਿੱਕਾ ਸਿੰਘ ਵਾਸੀ ਪਿੰਡ ਕਾਲਾ ਸੰਘਿਆਂ, ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਸ੍ਰੀ ਸੁਬਾ ਸਿੰਘ ਪੁੱਤਰ ਸ੍ਰੀ ਸਰਵਨ ਸਿੰਘ ਪਿੰਡ ਕਾਲਾ ਸੰਘਿਆਂ, ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ 'ਤੇ ਕਰਵਾਉਣ ਲਈ ਦਰਖਾਸਤ ਇਸ ਦਫਤਰ ਵਿਖੇ ਕੀਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ਨਾਮਾ ਇਸ ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਕਰਤਾ ਨੂੰ ਇਸ ਦਫਤਰ ਵਿੱਚ ਪੇਸ਼ ਕਰੇ ਸਹਾਇਕ ਕਾਰਜਕਾਰੀ ਇੰਜੀਨੀਅਰ ਪੀ ਐੱਸ ਪੀ ਸੀ ਐੱਲ, ਕਾਲਾ ਸੰਘਿਆਂ (ਕਪੂਰਥਲਾ)

## ਬੇਦਖਲੀ ਨੋਟਿਸ

ਮੈ, ਸੁਦਰਸਨ ਕੌਰ ਪਤਨੀ ਲੇਟ ਮਿਤੂਰ ਸਿੰਘ ਵਾਸੀ ਮਕਾਨ ਨੰਬਰ 47, ਵਾਰਡ ਨੰਬਰ 7, ਨੇੜੇ ਦਸਮੇਸ ਸਕੂਲ ਮੁੱਹਲਾ ਜੈਲਦਾਰ ਦੋਰਾਹਾ, ਤਹਿਸੀਲ ਪਾਇਲ ਜ਼ਿਲ੍ਹਾ ਲੁਧਿਆਣਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਜਿੰਦਰ ਸਿੰਘ,ਉਸਦੀ ਪਤਨੀ ਸੋਨੀਆ ਤੇ ਨਾਬਾਲਗ ਬੱਚਾ ਅੰਮ੍ਰਿਤਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ । ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ ਅੱਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਸ਼ਮਾ ਰਾਨੀ ਪਤਨੀ ਅਸ਼ੋਕ ਕੁਮਾਰ ਵਾਸੀ ਬੀ 73, ਨਿਊ ਪ੍ਰਥਵੀ ਨਗਰ, ਬੰਸੀਆਂ ਇੰਡ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪੰਕਜ ਕੁਮਾਰ, ਸਾਗਰ ਵਰਮਾ ਅਤੇ ਉਸਦੀ ਪਤਨੀ ਮੇਘਾ ਵਰਮਾ ਅਤੇ ਮੇਰੀ ਲੜਕੀ ਪ੍ਰੀਤੀ ਪਤਨੀ ਵਿਕਾਸ ਉਰਫ ਬਿੱਲੂ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## Change of Name

I, Radhika D/o Baldev Singh R/o H.No. 226, Street No. 1, Near Surjit Palace, Talhan Road, Rama Mandi, Sainik Vihar Extension, Dakoha Jalandhar have changed my name from Radhika to Radhika Puri. (Arpit)

I, MOHINDER KAUR W/O JOGA SINGH RESIDENT OF VPO RAMPUR TEHSIL BANGA DISTT. SBS NAGAR, PUNJAB HAVE CHANGED MY NAME FROM MOHINDER KAUR TO MAHINDER KAUR.

I, Gabbar Tej S/o Shadi Ram R/o Village Badowal Khurd, Tehsil Batala, Distt. Gurdaspur-143602, Punjab have changed the name of my minor son from Manveer to Manveer Tej. All concerned please note.

I Manisha D/O Lashman Singh Vill.& P.O.Herian Teh.Nawanshahr Distt.SBS Nagar,have changed my name to Manisha Rani .please note .(kataria )

I, Dinesh Vaidya s/o Banarsi Lal r/o 292, Kalia Colony, Phase-2, Jalandhar, Punjab-144008 have changed my name as Dinesh Kumar. All Please Note.

I, Tarsem Lal s/o Chuhar Ram R/o VPO.Ucha, Distt.Jalandhar have changed the minor daughter's name from Yuvika to Yuvika Rani. All Please Note.

I, Tanya Puri d/o Pawan Puri w/o Puneet Gujral r/o 129, Harbans Nagar, Jalandhar have changed my name to Tanya Gujral, after marriage. All Please Note.

I, Karan s/o Raj Kumar r/o Amrik Nagar, Near Bhandari Kariyana Store, Santoshi Nagar, Jalandhar have changed my name to Karan Gondhi. All Please Note.

I, Harjinder S/o Shankar Dass R/o H.No.285/11, New Arya Nagar, Kartarpur, Distt. Jalandhar, Punjab have changed my name from Harjinder to Harjinder Sondhi. All Please Note.

I, Kalwinder Kour alias Kalwinder Kaur D/o Sohan Singh W/o Balwinder Singh R/o Ward Number/9/89/2, Dharampur, Dasua, Hoshiarpur, Punjab-144205. have changed my name as Kulwinder Kaur.

I, Aryan S/o Dalvir Chand R/o VPO. Mehliana, Teh.Banga, Distt. SBS Nagar Have Changed My Name From Aryan To Aryan Kumar. (Surname as Kumar) All Please Note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਐਕਸਸੀਐੱਮਜੀ ਹਾਈਡ੍ਰੌਲਿਕ ਐਕਸਕੇਵੇਟਰ -215 ਆਈ ਕੇ ਐੱਲ ਸੀ ਲਾਂਚ

ਚੰਡੀਗੜ੍ਹ : ਦੇਸ ਦੇ ਪ੍ਰਮੁੱਖ ਕੰਕਰੀਟ ਉਪਕਰਣ ਨਿਰਮਾਤਾਵਾਂ ਵਿੱਚੋਂ ਇੱਕ ਸਵਿੰਗ ਸਟੇਟਰ ਇੰਡੀਆ ਨੇ ਚੰਡੀਗੜ੍ਹ ਵਿਖੇ ਐੱਕਸਸੀਐੱਮਜੀ ਦਾ ਨਵਾਂ ਹਾਈਡ੍ਰੌਲਿਕ ਐਕਸੈਵੇਟਰ -215 ਆਈ ਕੇਐੱਲਸੀ ਲਾਂਚ ਕੀਤਾ। ਲਕਸਿਆ ਇਕਵੀਪਮੈਂਟ ਪ੍ਰਾਈਵੇਟ ਲਿਮਟਿਡ, ਪਲਾਟ 776, ਸੈਕਟਰ 82, ਜੇਐੱਲਪੀਐੱਲ ਮੋਹਾਲੀ ਦੇ ਦਫਤਰ ਦਾ ਉਦਘਾਟਨ ਕੀਤਾ ਗਿਆ। ਪ੍ਰੋਜੈਕਟਾਂ ਵਿੱਚ ਵਾਧੇ ਦੇ ਕਾਰਨ ਭਾਰਤ ਵਿੱਚ ਹਾਈਡ੍ਰੌਲਿਕ ਖੁਦਾਈ ਕਰਨ ਵਾਲੇ ਅਤੇ ਹੋਰ ਨਿਰਮਾਣ ਉਪਕਰਨਾਂ ਦੀ ਨਿਰੰਤਰ ਮੰਗ ਰਹੀ ਹੈ। ਮਸ਼ੀਨਾਂ ਦੀ ਜ਼ਰੂਰਤ ਨੂੰ ਸਮਝਦੇ ਹੋਏ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਉਸਾਰੀ ਮਸ਼ੀਨਰੀ ਕੰਪਨੀ ਐੱਕਸਸੀਐੱਮਜੀ ਵੱਲੋਂ ਇਸ ਐਕਸਕੇਵੇਟਰ ਨੂੰ ਵਿਲੱਖਣ ਵਿਸ਼ੇਸ਼ਤਾਵਾਂ ਦੇ ਨਾਲ ਪੇਸ਼ ਕੀਤਾ ਹੈ। ਮਸ਼ੀਨ ਨੂੰ ਇੱਥੇ ਲਾਂਚ ਕਰਕੇ ਸਵਿੰਗ ਸਟੇਟਰ ਇੰਡੀਆ ਆਪਣੇ ਡੀਲਰ, ਲਕਸਿਆ ਇਕਵੀਪਮੈਂਟ ਪ੍ਰਾਈਵੇਟ ਲਿਮਿਟਡ ਦੇ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰ ਰਿਹਾ ਹੈ। ਲਕਸਿਆ ਇਕਵੀਪਮੈਂਟ ਪ੍ਰਾਈਵੇਟ ਲਿਮਟਿਡ ਦੇ ਉਦਘਾਟਨ ਦੇ ਨਾਲ 215ਆਈ ਕੇਐੱਲਸੀ ਹਾਈਡ੍ਰੌਲਿਕ ਐਕਸਕੇਵੇਟਰ ਦਾ ਉਦਘਾਟਨ ਵੀ ਕੀਤਾ ਗਿਆ। ਸਵਿੰਗ ਸਟੇਟਰ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਵੀ. ਜੀ. ਸ਼ਕਤੀ ਕੁਮਾਰ ਨੇ ਕਿਹਾ ਕਿ ਸਾਨੂੰ ਚੰਡੀਗੜ੍ਹ ਵਿੱਚ ਐੱਕਸਸੀਐੱਮਜੀ ਡੀਲਰਸ਼ਿਪ ਦਫਤਰ ਦੇ ਮਾਧਿਅਮ ਤੋਂ ਐਕਸਕੇਵੇਟਰ ਲਾਂਚ ਕਰਕੇ ਖ਼ੁਸ਼ੀ ਹੋ ਰਹੀ ਹੈ। ਇਸ ਮੌਕੇ ਲਕਸਿਆ ਇਕਵੀਪਮੈਂਟ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਮਨਪ੍ਰੀਤ ਸਿੰਘ ਨੇ ਕਿਹਾ ਕਿ ਕੰਪਨੀ ਮਾਰਕੀਟ ਵਿੱਚ ਆਪਣੀ ਮੌਜੂਦਗੀ ਬਣਾਉਣ ਲਈ ਸਰਗਰਮੀ ਨਾਲ ਰਣਨੀਤੀ ਬਣਾ ਰਹੀ ਹੈ।

# 'ਇਨੋਵਾ ਹਾਈਕ੍ਰਾਸ ਬਣੇਗੀ ਗਾਹਕਾਂ ਦੀ ਪਹਿਲੀ ਪਸੰਦ'

ਲੁਧਿਆਣਾ : ਟੋਇਟਾ ਕਿਰਲੋਸਕਰ ਮੋਟਰ (ਟੀਕੇਐੱਮ) ਨੇ ਇਨੋਵਾ ਹਾਈਕ੍ਰਾਸ ਦਾ ਉਦਘਾਟਨ ਕਰਕੇ ਇਨੋਵਾ ਦੀ ਯਾਤਰਾ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ। ਇਹ ਇੱਕ ਸਵੈ-ਚਾਰਜਿੰਗ ਮਜ਼ਬੂਤ ਹਾਈਬ੍ਰਿਡ ਇਲੈਕਟ੍ਰਿਕ ਵਾਹਨ (ਐੱਸਐੱਚਈਵੀ) ਹੈ। ਟੋਇਟਾ ਨਿਊ ਗਲੋਬਲ ਆਰਕੀਟੈਕਚਰ (ਟੀਐੱਨਜੀਏ) 'ਤੇ ਆਧਾਰਿਤ ਨਵੀਨਤਮ ਇਨੋਵਾ ਭਾਰਤੀ ਗਾਹਕਾਂ ਨੂੰ ਆਕਰਸ਼ਿਤ ਕਰਨ ਲਈ ਟੋਇਟਾ ਦੀ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਗੁਣਵੱਤਾ, ਸਥਾਈਪਣ ਅਤੇ ਭਰੋਸੇਯੋਗਤਾ ਦਾ ਜਸ਼ਨ ਮਨਾਉਂਦੀ ਹੈ। ਪਰਿਵਾਰਕ ਜ਼ਰੂਰਤਾਂ ਲਈ ਡਿਜ਼ਾਈਨ ਕੀਤਾ ਗਿਆ, ਸੁਵਿਧਾਵਾਂ ਨਾਲ ਭਰਪੂਰ ਨਵੀਂ ਇਨੋਵਾ ਹਾਈਕ੍ਰਾਸ ਗਲੈਮਰ, ਮਜ਼ਬੂਤੀ, ਆਰਾਮ, ਸੁਰੱਖਿਆ ਅਤੇ ਉੱਨਤ ਤਕਨਾਲੋਜੀ ਦੀ ਪੇਸ਼ ਕਰਨ ਵਾਲੇ ਹਰ ਮੌਕੇ ਲਈ ਇੱਕ ਵਾਹਨ ਹੈ। ਟੋਇਟਾ ਦੀ ਅਮੀਰ ਗਲੋਬਲ ਐੱਸਯੂਵੀ ਵਿਰਾਸਤ ਤੋਂ ਪ੍ਰੇਰਨਾ ਲੈਂਦੇ ਹੋਏ ਨਵੀਂ ਇਨੋਵਾ ਹਾਈਕ੍ਰਾਸ ਵਿੱਚ ਲਈ ਕਾਫ਼ੀ ਥਾਂ ਦੇ ਨਾਲ ਇੱਕ ਠੋਸ ਅਤੇ ਮਜ਼ਬੂਤ ਡਿਜ਼ਾਇਨ ਹੈ ਜੋ ਸਾਰਿਆਂ ਲਈ ਲਚਕਦਾਰ ਅਤੇ ਆਰਾਮਦਾਇਕ ਬੈਠਣ ਦੀ ਸਹੂਲਤ ਪ੍ਰਦਾਨ ਕਰਦਾ ਹੈ। ਇਹ ਬਹੁਮੁਖੀ ਵਾਹਨ ਉਨ੍ਹਾਂ ਪਰਿਵਾਰਾਂ ਲਈ ਨਿਸ਼ਾਨਾ ਹੈ ਜੋ ਇੱਕ ਅਜਿਹਾ ਵਾਹਨ ਚਾਹੁੰਦੇ ਹਨ ਜੋ ਉਬੜ-ਖਾਬੜ ਸੜਕਾਂ ਨੂੰ ਝੱਲ ਸਕੇ ਅਤੇ ਇੱਕ ਨਿਰਵਿਘਨ, ਥਕਾਨ ਰਹਿਤ ਡ੍ਰਾਈਵ ਪ੍ਰਦਾਨ ਕਰ ਸਕੇ।

# ਅਰਧ ਸਰਕਾਰੀ ਤੇ ਸਰਕਾਰੀ ਅਦਾਰਿਆਂ ਵੱਲ ਪੀ ਐੱਸ ਪੀ ਸੀ ਐੱਲ ਦਾ ਕਰੋੜਾਂ ਰੁਪਏ ਦਾ ਬਕਾਇਆ !

## ਬਿੱਲਾਂ ਦੀ ਵਸੂਲੀ ਪੀ ਐੱਸ ਪੀ ਸੀ ਐੱਲ ਦੇ ਅਧਿਕਾਰੀਆਂ ਲਈ ਬਣੀ ਵੱਡੀ ਚੁਣੌਤੀ ਤੇ ਸਿਰਦਰਦੀ

**ਮਾਨਸਾ (ਆਤਮਾ ਸਿੰਘ ਪਮਾਰ)**-ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਪੰਜਾਬ ਦੀ ਜਨਤਾ ਨੂੰ ਵੱਖ ਵੱਖ ਤਰ੍ਹਾਂ ਦੇ ਵਾਅਦੇ ਤੇ ਗਰੰਟੀਆਂ ਦੇ ਕੇ ਸੱਤਾ ਵਿੱਚ ਤਾਂ ਆ ਗਈ, ਪ੍ਰੰਤੂ ਉਸ ਦੀਆਂ ਇਹ ਗਰੰਟੀਆਂ ਹੁਣ ਉਸੇ ਦੇ ਹੀ ਗਲੇ ਦੀ ਹੱਡੀ ਬਣ ਗਈਆਂ ਜਾਪਦੀਆਂ ਹਨ। ਇਨ੍ਹਾਂ ਗਰੰਟੀਆਂ ਵਿੱਚੋਂ ਹੀ ਇੱਕ ਗਰੰਟੀ ਸਮੁੱਚੇ ਘਰੇਲੂ ਕੁਨੈਕਸ਼ਨਾਂ ਦੇ ਬਿਜਲੀ ਬਿਲ ਮੁਆਫ ਕਰਨ ਦੀ ਵੀ ਹੈ, ਜਿਸ ਨੂੰ ਲੈ ਕੇ ਪਿਛਲੇ ਸਮਿਆਂ ਵਿੱਚ ਕਫੀ ਵਾਵੇਲੇ ਵੀ ਖੜੇ ਹੁੰਦੇ ਰਹੇ ਹਨ, ਜਿਸ ਦਾ ਰੋਲ ਘਚੋਲਾ ਅਜੇ ਵੀ ਬਾਦਸਤੂਰ ਜਾਰੀ ਹੈ। ਇਸੇ ਤਰ੍ਹਾਂ ਹੀ ਇਸ ਸਮੇਂ ਪੀ ਐੱਸ ਪੀ ਸੀ ਐੱਲ ਦੇ ਅਧਿਕਾਰੀਆਂ ਲਈ ਵੱਡੀ ਚੁਣੌਤੀ ਇਸ ਦੇ ਹੀ ਮਾਨਸਾ ਨਾਲ ਸਬੰਧਤ ਸਰਕਾਰੀ ਤੇ ਅਰਧ-ਸਰਕਾਰੀ ਅਦਾਰਿਆਂ ਦੇ ਬਿਜਲੀ ਕੁਨੈਕਸ਼ਨਾਂ ਦੇ ਖਾਤਿਆਂ ਦੀ ਹੈ, ਜਿਨ੍ਹਾਂ ਵੱਲ ਮਹਿਕਮੇ ਦੇ ਕਰੋੜਾਂ ਰੁਪਏ ਬਕਾਇਆ ਖੜੇ ਹਨ।

ਜਦੋਂ ਸਾਡੇ ਇਸ ਪ੍ਰਤੀਨਿਧ ਨੇ ਇਸ ਗੋਰਖ ਧੰਦੇ ਦੀ ਬਰੀਕੀ ਨਾਲ ਛਾਣ-ਬੀਣ ਕਰਨ ਲਈ ਵੱਖ ਵੱਖ ਸੂਤਰਾਂ ਕੋਲ ਪਹੁੰਚ ਕੀਤੀ ਤਾਂ ਬੜੇ ਹੈਰਾਨੀਜਨਕ, ਰੌਚਕ ਤੇ ਵੱਖਰੀ ਕਿਸਮ ਦੇ ਤੱਥ ਉੱਭਰ ਕੇ ਸਾਹਮਣੇ ਆਏ। ਵੱਖ ਵੱਖ ਸਰੋਤਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਨਗਰ ਕੌਂਸਲ ਨੂੰ ਕਾਰਪੋਰੇਸ਼ਨ ਵੱਲੋਂ ਜਾਰੀ ਕੀਤੇ ਹੋਏ ਖਾਤਿਆਂ ਵਿੱਚ ਹੀ ਨਗਰ ਕੌਂਸਲ ਵੱਲ 5.52 ਕਰੋੜ ਰੁਪਏ ਦਾ ਬਕਾਇਆ ਖੜਾ ਹੈ, ਜਿਸ ਵਿੱਚੋਂ ਸਟਰੀਟ ਲਾਈਟਾਂ ਦਾ ਹੀ 4.50 ਕਰੋੜ ਬਣਦਾ ਹੈ। ਇਸੇ ਤਰ੍ਹਾਂ ਹੀ ਸਿਵਲ ਹਸਤਪਤਾਲ ਮਾਨਸਾ 1.33 ਕਰੋੜ, ਜੱਚਾ ਬੱਚਾ ਕੇਂਦਰ ਮਾਨਸਾ 61.57 ਲੱਖ ਅਤੇ ਆਯੁਰਵੈਦਿਕ ਡਿਸਪੈਂਸਰੀ ਦਾ 0.57 ਲੱਖ, ਜੋ ਕਿ ਕੁੱਲ 1.96 ਕਰੋੜ ਤੇ ਸੀਵਰੇਜ ਬੋਰਡ ਮੁੱਖ ਵਾਟਰ ਵਰਕਸ ਮਾਨਸਾ ਵੱਲ 15 ਕਰੋੜ, ਸੀਵਰੇਜ ਡਿਸਪੋਜ਼ਲ ਕੁਨੈਕਸ਼ਨਾਂ ਦੇ 07 ਕਰੋੜ ਤੇ ਹੋਰ ਕੁਨੈਕਸ਼ਨਾਂ ਦਾ 95 ਲੱਖ ਦਾ ਬਕਾਇਆ ਖੜਾ ਹੈ, ਜੋ ਕਿ ਲੱਗਭੱਗ 23 ਕਰੋੜ ਰੁਪਏ ਦੀ ਰਾਸ਼ੀ ਬਣਦੀ ਹੈ। ਇਸੇ ਤਰ੍ਹਾਂ ਹੀ ਪੰਜਾਬ ਸਰਕਾਰ ਦੇ ਪਬਲਿਕ ਹੈਲਥ ਵਿਭਾਗ ਦੇ ਵੱਖ ਵੱਖ ਵਾਟਰ ਵਰਕਸਾਂ ਵੱਲ ਵੀ ਤਕਰੀਬਨ 60 ਲੱਖ ਰੁਪਏ ਦੀ ਰਕਮ ਵੀ ਲੰਬੇ ਸਮੇਂ ਤੋਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਬਕਾਇਆ ਖੜੀ ਹੈ, ਜਿਨ੍ਹਾਂ ਦੀ ਉਗਰਾਹੀ/ਵਸੂਲੀ ਕਰਨੀ ਕਾਰਪੋਰੇਸ਼ਨ ਦੇ ਅਧਿਕਾਰੀਆਂ ਲਈ ਇੱਕ ਵੱਡੀ ਚੁਣੌਤੀ ਤੇ ਸਿਰਦਰਦੀ ਵਾਲਾ ਮਾਮਲਾ ਬਣ ਚੁੱਕਿਆ ਹੈ। ਜਦੋਂ ਇਨਾਂ ਵੱਡੀਆਂ ਰਕਮਾਂ ਦੀ ਵਸੂਲੀ ਨਾ ਹੋਣ ਦੇ ਕਾਰਨਾਂ ਦੀ ਤਹਿ ਤੱਕ ਜਾ ਕੇ ਪੜਤਾਲ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਹੋਰ ਪ੍ਰਬੰਧਕੀ ਤੇ ਟੈਕਨੀਕਲ ਕਾਰਨਾਂ ਨੂੰ ਛੱਡ ਕੇ ਮੁੱਖ ਮੁੱਦਾ ਇਹ ਉੱਭਰ ਕੇ ਸਾਹਮਣੇ ਆਇਆ ਕਿ ਸਰਕਾਰ ਵੱਲੋਂ ਇਨ੍ਹਾਂ ਬਿੱਲਾਂ ਦੀ ਅਦਾਇਗੀ ਕਰਨ ਲਈ ਸਰਕਾਰ ਵੱਲੋਂ ਸਮੇਂ ਸਿਰ ਗਰਾਂਟਾਂ ਹੀ ਜਾਰੀ ਨਹੀਂ ਕੀਤੀਆਂ ਜਾਂਦੀਆਂ। ਇਥੇ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਸਰਕਾਰੀ ਪੱਧਰ 'ਤੇ ਹੀ ਸਥਿਤੀ ਇਸ ਤਰ੍ਹਾਂ ਦੀ ਬਣੀ ਹੋਈ ਹੈ ਤਾਂ ਪੀ ਐੱਸ ਪੀ ਐੱਸ ਸੀ ਐੱਲ ਇਸ ਤਰ੍ਹਾਂ ਦੇ ਹਾਲਾਤਾਂ ਵਿੱਚ ਕਿੰਨਾ ਕੁ ਚਿਰ ਸਥਿਰ ਰਹਿ ਸਕਦੀ ਹੈ, ਜਿਸ ਤੋਂ ਇਸ ਦੀ ਮੌਜੂਦਾ ਸਥਿਤੀ ਦਾ ਅੰਦਾਜ਼ਾ ਵੀ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਵੱਡੀਆਂ-ਵੱਡੀਆਂ ਟਾਹਰਾਂ ਮਾਰਨ ਵਾਲੀ ਆਪ ਸਰਕਾਰ ਜੇਕਰ ਆਪਣੇ ਨਾਗਰਿਕਾਂ ਨੂੰ ਮੁੱਢਲੀਆ ਸਹੂਲਤਾਂ ਵੀ ਮੁਹੱਈਆ ਨਹੀਂ ਕਰਵਾ ਸਕਦੀ ਤਾਂ ਰੰਗਲਾ ਪੰਜਾਬ ਤੇ ਇਸ ਨੂੰ ਮੁੜ ਸੋਨੇ ਦੀ ਚਿੜੀ ਬਣਾਉਣ ਦੇ ਦਾਅਵੇ, ਵਾਅਦੇ ਤੇ ਸਿਰਜੇ ਹੋਏ ਸੁਪਨਿਆਂ ਦਾ ਸਾਕਾਰ ਹੋਣਾ ਸਿਰਫ ਮ੍ਰਿਗ ਤ੍ਰਿਸ਼ਨਾ ਤਾਂ ਹੋ ਸਕਦਾ ਹੈ, ਹੋਰ ਕੁਝ ਵੀ ਨਹੀਂ।

# 'ਵਰਸਟੀ ਕਾਲਜ ਬੇਨੜਾ ਵਿਖੇ ਪੰਜਾਬੀ ਭਾਸ਼ਾ ਨੂੰ ਸਮਰਪਤ ਪ੍ਰੋਗਰਾਮ



**ਧੂਰੀ, (ਬਿੰਨੀ ਗਰਗ)**-ਯੂਨੀਵਰਸਟੀ ਕਾਲਜ ਬੇਨੜਾ ਵਿਖੇ ਪ੍ਰਿੰਸੀਪਲ ਡਾ. ਬਾਲ ਕ੍ਰਿਸ਼ਨ ਦੀ ਅਗਵਾਈ ਵਿੱਚ ਪੰਜਾਬੀ ਭਾਸ਼ਾ ਨੂੰ ਸਮਰਪਤ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਤਹਿਸੀਲਦਾਰ ਧੂਰੀ ਸ. ਕੁਲਦੀਪ ਸਿੰਘ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਤਹਿਸੀਲਦਾਰ ਧੂਰੀ ਸ. ਕੁਲਦੀਪ ਸਿੰਘ ਨੇ ਪੰਜਾਬੀ ਭਾਸ਼ਾ ਦੀ ਅਮੀਰ ਵਿਰਾਸਤ ਬਾਰੇ ਗੱਲ ਕਰਦੇ ਹੋਏ ਵੱਖ-ਵੱਖ ਲਿੱਪੀਆਂ ਦਾ ਵੀ ਜ਼ਿਕਰ ਕੀਤਾ ਤੇ ਪੰਜਾਬੀ ਸੂਬੇ ਦੀ ਸਥਾਪਨਾ ਤੱਕ ਦੇ ਇਤਿਹਾਸਕ ਤੱਥਾਂ ਨੂੰ ਛੋਹਿਆ। ਇਸ ਮੌਕੇ ਵਿਦਿਆਰਥੀਆਂ ਵਿੱਚ ਪ੍ਰਸ਼ਨੋਤਰੀ ਤੇ ਪੋਸਟਰ ਬਣਾਉਣ ਦੀ ਪ੍ਰਤੀਯੋਗਤਾ ਵੀ ਕਰਵਾਈ ਗਈ। ਮੁੱਖ ਮਹਿਮਾਨ ਤੇ ਪ੍ਰਿੰਸੀਪਲ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਦੂਸਰੇ ਪ੍ਰੋਗਰਾਮ ਵਿੱਚ ਪਲੇਸਮੈਂਟ ਸੈੱਲ ਦੇ ਕਨਵੀਨਰ ਡਾ. ਅਮੀਤਾ ਜੈਨ ਨੇ ਕਾਮਰਸ ਵਿਭਾਗ ਦ ਵਿਦਿਆਰਥੀਆਂ ਲਈ ਕੈਰੀਅਰ ਕੌਂਸਲਿੰਗ ਪ੍ਰੋਗਰਾਮ ਤਹਿਤ ਇਕ ਸੈਮੀਨਾਰ ਕਰਵਾਇਆ, ਜਿਸ ਵਿੱਚ ਗੁਰਜਿੰਦਰ ਸਿੰਘ ਗੁਜਰਾਲ ਵੱਲੋਂ ਸ਼ਿਰਕਤ ਕੀਤੀ ਗਈ ਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੀ. ਏ. ਦੀ ਪੜ੍ਹਾਈ, ਕੋਚਿੰਗ ਤੇ ਦਾਖਲੇ ਦੀ ਪ੍ਰਕਿਰਿਆ ਬਾਰੇ ਤੇ ਸੀ.ਏ. ਦੇ ਖੇਤਰ ਵਿੱਚ ਰੁਜ਼ਗਾਰ ਦੇ ਮੌਕਿਆਂ ਤੋਂ ਜਾਣੂ ਕਰਵਾਇਆ। ਸਟੇਜ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਤੇ ਡਾ. ਜਸਬੀਰ ਸਿੰਘ ਵੱਲੋਂ ਨਿਭਾਈ ਗਈ। ਇਨ੍ਹਾਂ ਪ੍ਰੋਗਰਾਮਾਂ ਵਿੱਚ ਡਾ. ਪਰਮਜੀਤ ਕੌਰ, ਡਾ. ਕੁਲਵਿੰਦਰ ਸਿੰਘ, ਜਗਤਾਰ ਸਿੰਘ, ਸੁਖਵਿੰਦਰ ਕੌਰ, ਚੇਤਨ ਕੁਮਾਰ, ਕਰਨੈਲ ਸਿੰਘ, ਅਮਰਪ੍ਰੀਤ ਕੌਰ, ਪ੍ਰਭਜੋਤ ਕੌਰ, ਰੁਪਾਲੀ ਗਰਗ ਤੇ ਅਮਨੀਤ ਸਿੰਘ ਆਦਿ ਹਾਜ਼ਰ ਸਨ।

# ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀਆਂ ਖੇਡਾਂ 'ਚ ਵੜਿੰਗ ਦੀ ਝੰਡੀ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸਰਕਾਰੀ ਹਾਈ ਸਕੂਲ ਵੜਿੰਗ ਵਿਖੇ ਆਈਈਡੀ ਕੰਪੋਨੈਂਟ ਅਧੀਨ ਸਾਲ 2022 ਦੌਰਾਨ ਸਕੂਲਾਂ ਵਿੱਚ ਪੜ੍ਹ ਰਹੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀਆਂ ਖੇਡਾਂ ਬਲਾਕ ਪੱਧਰ ਤੇ ਫਿਰ ਜ਼ਿਲ੍ਹਾ ਪੱਧਰ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿੱਚ ਸ੍ਰੀ ਮੁਕਤਸਰ ਸਾਹਿਬ ਵਿਖੇ ਕਰਵਾਈਆਂ ਗਈਆਂ। ਸਕੂਲ ਮੁਖੀ ਸੰਨੀ ਕੁਮਾਰ ਗਰਗ ਨੇ ਜਾਣਕਾਰੀ ਦਿੱਤੀ ਕਿ ਸਕੂਲ ਦੇ ਵਿਦਿਆਰਥੀ ਰਾਜਵੀਰ ਸਿੰਘ ਨੇ ਬਲਾਕ ਪੱਧਰ 'ਤੇ 100 ਮੀ ਦੌੜ ਵਿੱਚ ਪਹਿਲਾ ਸਥਾਨ, ਲੰਬੀ ਛਾਲ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਗੁਰਪ੍ਰੀਤ ਸਿੰਘ ਨੇ 100 ਮੀਟਰ ਦੌੜ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ, ਮਨਪ੍ਰੀਤ ਸਿੰਘ ਨੇ ਵੀ ਇਨ੍ਹਾਂ ਖੇਡਾਂ ਦੇ ਵਿੱਚ ਭਾਗ ਲਿਆ। ਬਲਾਕ ਪੱਧਰ ਤੋਂ ਬਾਅਦ ਜ਼ਿਲ੍ਹਾ ਪੱਧਰ 'ਤੇ ਫਿਰ ਰਾਜਵੀਰ ਸਿੰਘ ਨੇ 100 ਮੀਟਰ ਦੌੜ ਵਿੱਚ ਪਹਿਲਾ ਸਥਾਨ, ਲੰਬੀ ਛਾਲ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਸਕੂਲ ਮੁਖੀ ਸੰਨੀ ਗਰਗ ਨੇ ਬੱਚਿਆਂ ਤੇ ਸਰੀਰਕ ਸਿੱਖਿਆ ਅਧਿਆਪਕ ਹਰਪ੍ਰੀਤ ਕੌਰ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬਲਜਿੰਦਰ ਸਿੰਘ, ਪ੍ਰੋਮਿਲਾ, ਨੀਰਜ ਕੁਮਾਰ, ਅੰਮ੍ਰਿਤਵੀਰ ਕੌਰ, ਨਵਦੀਪ ਕੌਰ, ਨਵਜੋਤ ਕੌਰ, ਤਜਿੰਦਰਪਾਲ ਸਿੰਘ, ਸਰਵਜੋਤ ਕੌਰ, ਮਿਸ ਨਵਜੋਤ ਕੌਰ, ਬੰਤਾ ਸਿੰਘ ਹਾਜ਼ਰ ਸਨ।

## ਕਾਤਰਾਂ

### ਪੈਲੇਸ 'ਚ ਹਵਾਈ ਫਾਇਰ ਨਾਲ ਵੇਟਰ ਜ਼ਖਮੀਂ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਫਿਰੋਜ਼ਪੁਰ ਫਰੀਦਕੋਟ ਰੋਡ 'ਤੇ ਇਕ ਪੈਲੇਸ ਵਿੱਚ ਹਵਾਈ ਕਰਨ ਨਾਲ ਇੱਕ ਵੇਟਰ ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸੰਬਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ 308, 336 ਆਈਪੀਸੀ ਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਮੇਲ ਸਿੰਘ ਪੁੱਤਰ ਭਾਗ ਸਿੰਘ ਵਾਸੀ ਪਿੰਡ ਮੱਲਵਾਲ ਜਦੀਦ ਨੇ ਦੱਸਿਆ ਕਿ ਉਸ ਦਾ ਬਲਕਾਰ ਸਿੰਘ ਉਮਰ ਕਰੀਬ 33 ਸਾਲ ਜੋ ਵਿਆਹ ਵਿੱਚ ਵੇਟਰ ਦਾ ਕੰਮ ਕਰਦਾ ਹੈ। ਮਿਤੀ 25 ਨਵੰਬਰ 2022 ਨੂੰ ਵੇਟਰ ਦੇ ਕੰਮ ਲਈ ਕੈਲਾਸਿਕ ਕੈਸਟਲ ਪੈਲੇਸ ਫਰੀਦਕੋਟ ਰੋਡ ਵਿਖੇ ਗਿਆ ਸੀ, ਜਿੱਥੇ ਇਸ ਵਿਆਹ ਵਿੱਚ ਸ਼ਾਮਲ ਹੋਏ ਕਿਸੇ ਅਣਪਛਾਤੇ ਵਿਅਕਤੀ ਨੇ ਸ਼ਰਾਬੀ ਹਾਲਤ ਵਿੱਚ ਪਿਸਤੌਲ ਨਾਲ ਹਵਾਈ ਫਾਇਰ ਕਰਕੇ ਉਸ ਦੇ ਲੜਕੇ ਬਲਕਾਰ ਸਿੰਘ ਦੇ ਡੌਲੇ 'ਤੇ ਗੋਲੀ ਮਾਰ ਕੇ ਜ਼ਖਮੀਂ ਕਰ ਦਿੱਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਮੁੱਖ ਅਫਸਰ ਗੁਰਜੰਟ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

### ਡੀ ਏ ਵੀ ਕਾਲਜ ਦੇ ਅਧਿਆਪਕਾਂ ਨੇ ਕੀਤੀ ਹੜਤਾਲ



**ਜਗਰਾਉਂ, (ਅਮਿਤ ਖੰਨਾ)**-ਸਥਾਨਕ ਲਾਜਪਤ ਰਾਏ ਡੀਏਵੀ ਕਾਲਜ ਅਧਿਆਪਕਾਂ ਨੇ ਸ਼ੁੱਕਰਵਾਰ ਤਨਖ਼ਾਹਾਂ ਨਾ ਮਿਲਣ ਕਾਰਨ ਹੜਤਾਲ ਕਰਦਿਆਂ ਧਰਨਾ ਦਿੱਤਾ। ਇਸ ਮੌਕੇ ਪੰਜਾਬ ਕਾਲਜ ਟੀਚਰਜ਼ ਯੂਨੀਅਨ ਦੀ ਜਗਰਾਉਂ ਇਕਾਈ ਦੇ ਪ੍ਰਧਾਨ ਪ੍ਰੋ. ਵਿਕਾਸ ਮਹਿੰਦੀਰੱਤਾ ਨੇ ਕਿਹਾ ਡੀਏਵੀ ਕਾਲਜ ਮੈਨੇਜਿੰਗ ਕਮੇਟੀ ਨਿਊ ਦਿੱਲੀ ਤੇ ਪ੍ਰਿੰਸੀਪਲ ਖ਼ਿਲਾਫ਼ ਅਧਿਆਪਕਾਂ ਨੂੰ ਧਰਨਾ ਦੇਣ ਲਈ ਮਜਬੂਰ ਹੋਣਾ ਪਿਆ ਕਿ ਉਨ੍ਹਾਂ ਨੂੰ ਪਿਛਲੇ 9 ਮਹੀਨਿਆਂ ਤੋਂ ਬਕਾਇਆ ਤੇ ਮਾਸਿਕ ਤਨਖ਼ਾਹਾਂ ਨਹੀਂ ਮਿਲ ਰਹੀਆਂ। ਉਨ੍ਹਾਂ ਕਿਹਾ ਅਧਿਆਪਕਾਂ ਨੇ ਇਕ ਦਿਨ ਦੀ ਹੜਤਾਲ ਕਰ ਕੇ ਡੀਏਵੀ ਕਾਲਜ ਮੈਨੇਜਿੰਗ ਕਮੇਟੀ ਤੋਂ ਅਧਿਆਪਕਾਂ ਦੀ ਤਨਖ਼ਾਹਾਂ ਤੇ ਬਕਾਏ ਜਾਰੀ ਕਰਨ ਦੀ ਮੰਗ ਕੀਤੀ। ਇਸ ਮੌਕੇ ਡਾ. ਕੁਨਾਲ ਮਹਿਤਾ, ਡਾ. ਪੀ ਐੱਸ ਬਾਜਵਾ, ਡਾ. ਸ਼ੈਲਜਾ ਗੋਇਲ, ਪ੍ਰੋ. ਰੇਨੂੰ ਸਿੰਗਲਾ, ਪ੍ਰੋ. ਕਾਲਿਕਾ ਜੈਨ, ਡਾ. ਪਲਵੀ ਕਟਾਰੀਆ, ਪ੍ਰੋ. ਪ੍ਰਿਅੰਕਾ ਸਮੇਤ ਗੁਲਸ਼ਨ ਕੁਮਾਰ ਹਾਜ਼ਰ ਸਨ।

### ਪੱਤਰਕਾਰ ਬਗੀਚਾ ਸਿੰਘ ਨੂੰ ਸਦਮਾ

**ਮਮਦੋਟ (ਹਰਪਾਲ ਸਿੰਘ ਸੋਢੀ) :** ਮਮਦੋਟ ਤੋਂ ਪੱਤਰਕਾਰ ਤੇ ਪ੍ਰੈੱਸ ਕਲੱਬ ਦੇ ਸੀਨੀਅਰ ਮੈਂਬਰ ਬਗੀਚਾ ਸਿੰਘ ਪੀਰ ਖਾਂ ਸ਼ੇਖ ਨੂੰ ਉਦੋਂ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਵੱਡੇ ਭਾਈ ਜੱਜ ਸਿੰਘ (61) ਦੀ ਲੰਬੀ ਬਿਮਾਰੀ ਤੋਂ ਬਾਅਦ ਅਚਾਨਕ ਮੌਤ ਹੋ ਗਈ। ਇਸ ਮੌਕੇ ਸਥਾਨਕ ਸਮਾਜਿਕ, ਸਿਆਸੀ ਤੇ ਧਾਰਮਿਕ ਆਗੂਆਂ ਤੋਂ ਇਲਾਵਾ ਮਮਦੋਟ ਦੇ ਸਮੂਹ ਪੱਤਰਕਾਰਾਂ ਵੱਲੋਂ ਬਗੀਚਾ ਸਿੰਘ ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਮ੍ਰਿਤਕ ਜੱਜ ਸਿੰਘ ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 3 ਦਸੰਬਰ ਨੂੰ ਉਨ੍ਹਾਂ ਦੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਬਾਅਦ ਦੁਪਹਿਰ ਹੋਵੇਗੀ।

### ਸਨਮਤੀ ਵਿਮਲ ਜੈਨ ਪਬਲਿਕ ਸਕੂਲ 'ਚ ਕਹਾਣੀ ਪ੍ਰਤੀਯੋਗਤਾ

**ਜਗਰਾਉਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿੱਚ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਤੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਦੀ ਅਗਵਾਈ ਵਿੱਚ ਪਹਿਲੀ ਤੇ ਦੂਸਰੀ ਜਮਾਤ ਦੇ ਵਿਦਿਆਰਥੀਆਂ ਵਿੱਚ ਕਹਾਣੀ ਪ੍ਰਤੀਯੋਗਤਾ ਕਰਵਾਈ ਗਈ। ਇਸ ਪ੍ਰਤੀਯੋਗਤਾ ਵਿੱਚ 60 ਬੱਚਿਆਂ ਨੇ ਭਾਗ ਲਿਆ। ਸਾਰੇ ਬੱਚਿਆਂ ਨੇ ਸਿੱਖਿਆ ਸਬੰਧੀ ਕਹਾਣੀਆਂ ਸੁਣਾਈਆਂ। ਸਾਰੇ ਬੱਚਿਆਂ ਨੇ ਕਹਾਣੀ ਦੇ ਅਨੁਸਾਰ ਪਹਿਰਾਵੇ ਤੇ ਸਹਾਇਕ ਸਮੱਗਰੀ ਦਾ ਪ੍ਰਯੋਗ ਕੀਤਾ। ਇਸ ਪ੍ਰਤੀਯੋਗਤਾ ਵਿੱਚ ਪਹਿਲੀ ਜਮਾਤ ਦੇ ਖੈਮ ਸਾਉਦ ਨੇ ਪਹਿਲਾ ਸਥਾਨ, ਦੂਸਰੀ ਜਮਾਤ ਦੇ ਪ੍ਰਭ ਅਸੀਸ ਨੇ ਦੂਸਰਾ ਸਥਾਨ, ਗੁਰਨੂਰ ਕੌਰ ਤੇ ਜਸਮੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਤੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਬੱਚਿਆਂ ਨੂੰ ਕਹਾਣੀ ਦਾ ਮਹੱਤਵ ਦੱਸਦੇ ਹੋਏ ਭਵਿੱਖ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

# ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸੂਬਾ ਸਰਕਾਰ ਵਚਨਬੱਧ : ਜੈ ਕਿਸ਼ਨ ਰੋੜੀ



**ਬਠਿੰਡਾ, (ਪਰਵਿੰਦਰ ਜੀਤ ਸਿੰਘ)**-ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ੍ਰੀ ਜੈ ਕਿਸ਼ਨ ਰੋੜੀ ਨੇ ਸਥਾਨਕ ਮਾਊਂਟ ਲਿਟਰਾਜੀ ਸਕੂਲ ਵਿਖੇ ਕਰਵਾਏ ਗਏ ਇੱਕ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾ ਨਾਲ ਵਿਧਾਇਕ (ਬਠਿੰਡਾ) ਸ਼ਹਿਰੀ ਜਗਰੂਪ ਸਿੰਘ ਗਿੱਲ, ਵਿਧਾਇਕ ਭੁੱਚੋ ਮੰਡੀ ਜਗਸੀਰ ਸਿੰਘ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅੰਮ੍ਰਿਤ ਲਾਲ ਅਗਰਵਾਲ, ਆਪ ਦੇ ਬੁਲਾਰੇ ਤੇ ਜੁਆਇੰਟ ਸੈਕਟਰੀ ਨੀਲ ਗਰਗ, ਪੰਜਾਬ ਦੇ ਦੋ ਕਮੇਟੀਆਂ ਦੇ ਵਿਧਾਨ ਸਭਾ ਮੈਂਬਰ, ਪੰਚਾਇਤੀ ਰਾਜ ਤੇ ਸੋਸ਼ਲ ਵੈੱਲਫੇਅਰ ਦੇ ਮੈਂਬਰ ਅਤੇ ਐੱਮ ਸੀ ਸੁਖਦੀਪ ਸਿੰਘ ਢਿੱਲੋਂ ਆਦਿ ਹਾਜ਼ਰ ਸਨ। ਸਮਾਗਮ ਦੌਰਾਨ ਸ੍ਰੀ ਜੈ ਕਿਸ਼ਨ ਰੋੜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਜਿੱਥੇ ਹਰ ਤਰ੍ਹਾਂ ਦੇ ਸੰਭਵ ਉਪਰਾਲੇ ਕਰ ਰਹੀ ਹੈ, ਉਥੇ ਹੀ ਸੂਬਾ ਦੇ ਆਮ ਲੋਕਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਸ ਮੌਕੇ ਡਿਪਟੀ ਸਪੀਕਰ ਨੇ ਕਿਹਾ ਕਿ ਸੂਬਾ ਸਰਕਾਰ ਦਾ ਮੁੱਖ ਟੀਚਾ ਹੈ ਕਿ ਆਮ ਲੋਕਾਂ ਲਈ ਹਰ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਪੰਜਾਬ 'ਚ ਹੋਣ ਤੇ ਹਰ ਤਰ੍ਹਾਂ ਦਾ ਇਲਾਜ ਇੱਥੇ ਉਪਲੱਬਧ ਹੋਵੇ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਉਨ੍ਹਾਂ ਵੱਲੋਂ ਮਾਊਂਟ ਲਿਟਰਾਜੀ ਸਕੂਲ ਦੇ ਬੱਚਿਆਂ ਦੁਆਰਾ ਪੇਸ਼ ਕੀਤੀਆਂ ਗਈਆਂ ਸੱਭਿਆਚਾਰਕ ਝਲਕੀਆਂ ਦੀ ਸ਼ਲਾਘਾ ਕੀਤੀ ਗਈ। ਉਨ੍ਹਾ ਕਿਹਾ ਕਿ ਬੱਚੇ ਦੇਸ਼ ਦਾ ਸੁਨਹਿਰਾ ਭਵਿੱਖ ਹੁੰਦੇ ਹਨ। ਇਸ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ੍ਰ. ਜੈ ਕਿਸ਼ਨ ਸਿੰਘ ਰੋੜੀ ਦਾ ਲੇਕ ਵਿਊ ਗੈਸਟ ਹਾਊਸ ਵਿਖੇ ਪਹੁੰਚਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਐੱਸ.ਐੱਸ.ਪੀ. ਸ੍ਰੀ ਜੇ ਇਲਨਚੇਲੀਅਨ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ. ਰੁਪਿੰਦਰ ਪਾਲ ਸਿੰਘ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਹਾਜ਼ਰ ਸਨ।

# 46 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਥਾਣਾ ਕੈਂਟ ਫਿਰੋਜ਼ਪੁਰ ਤੇ ਪੁਲਿਸ ਚੌਕੀ ਮੁੱਦਕੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ 46 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਥਾਣਾ ਕੈਂਟ ਫਿਰੋਜ਼ਪੁਰ ਦੇ ਏਐੱਸਆਈ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਨੇੜੇ ਬਿਜਲੀ ਘਰ ਪਾਸ ਪੁੱਜੇ ਤਾਂ ਇੱਕ ਨੌਜਵਾਨ ਤਰੁਨ ਉਰਫ ਗੰਜਾ ਪੁੱਤਰ ਸੁਨੀਲ ਵਾਸੀ ਰਵੀ ਦਾਸ ਮੰਦਿਰ ਵਾਲੀ ਗਲੀ ਬਸਤੀ ਟੈਂਕਾਂ ਵਾਲੀ ਕੈਂਟ ਫਿਰੋਜ਼ਪੁਰ ਪੈਦਲ ਆਉਂਦਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਇਕ ਦਮ ਪਿੱਛੇ ਮੁੜ ਪਿਆ, ਜਿਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 22 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਚੌਕੀ ਮੁੱਦਕੀ ਪੁਲਸ ਦੇ ਏਐੱਸਆਈ ਹਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਮਾਹਲ ਚੌਕ ਰਸਤਾ ਪੱਤੀ ਬਾਬਾ ਜੀਵਨ ਸਿੰਘ 'ਤੇ ਪੁੱਜੇ ਤਾਂ ਇੱਕ ਨੌਜਵਾਨ ਬਲਦੇਵ ਸਿੰਘ ਉਰਫ ਬੱਬੂ ਪੁੱਤਰ ਨਿਰਮਲ ਸਿੰਘ ਵਾਸੀ ਲੋਹਾਮ ਰੋਡ ਮੁੱਦਕੀ ਪੈਦਲ ਆਉਂਦਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਇਕ ਦਮ ਪਿੱਛੇ ਮੁੜ ਪਿਆ, ਜਿਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 24 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਮਾਡਰਨ ਕਾਲਜ ਦੇ ਵਿਦਿਆਰਥੀਆਂ ਪੁਸਤਕ ਮੇਲੇ 'ਚ ਭਾਗ ਲਿਆ

**ਚੀਮਾਂ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਦੇ



ਵਿਦਿਆਰਥੀਆਂ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ 22 ਤੋਂ 26 ਨੰਵਬਰ 2022 ਤੱਕ ਲਗਾਇਆ ਗਿਆ ਪੁਸਤਕ ਮੇਲੇ ਵਿੱਚ ਭਾਗ ਲਿਆ ਗਿਆ। ਇਹ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਦੱਸਿਆ ਕਿ ਇਹ 8ਵਾਂ ਸਾਲਾਨਾ ਪੁਸਤਕ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੈਂਪਸ ਵਿੱਚ ਲਗਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਸੰਸਕ੍ਰਿਤੀ, ਇਤਿਹਾਸ, ਭੂਗੋਲ ਨਾਲ ਜੋੜੇ ਰੱਖਣ ਵਿੱਚ ਕਿਤਾਬਾਂ ਦੇ ਰੋਲ ਬਾਰੇ ਜਾਣੂ ਕਰਵਾਈਆ ਜਾਂਦਾ ਹੈ ਤੇ ਕਿਤਾਬਾਂ ਪੜ੍ਹ ਕੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਸਾਹਮਣੇ ਆਉਣ ਵਾਲੇ ਮਾਪਦੰਡਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਪੁਸਤਕ ਮੇਲੇ ਵਿੱਚ ਜਾ ਕੇ ਸਾਰੇ ਹੀ ਵਿਦਿਆਰਥੀ ਬਹੁਤ ਉਤਸ਼ਾਹ ਵਿੱਚ ਦਿਖਾਈ ਦੇ ਰਹੇ ਸਨ। ਇਸ ਮੌਕੇ ਕਾਲਜ ਦੇ ਚੇਅਰਮੈਨ ਨੇ ਦੱਸਿਆ ਕਿ ਕਾਲਜ ਵੱਲੋਂ ਹਰ ਸਾਲ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਲਗਾਏ ਜਾਣ ਵਾਲੇ ਪੁਸਤਕ ਮੇਲੇ ਵਿੱਚ ਪਹੁੰਚਦੇ ਹਨ। ਇਸ ਮੌਕੇ ਕਾਲਜ ਦੇ ਸਾਰੇ ਹੀ ਵਿਦਿਆਰਥੀ ਤੇ ਸਟਾਫ ਸ਼ਾਮਲ ਸਨ।

# ਗੁਜਰਾਤ ਦੇ ਲੋਕ ਇਸ ਵਾਰ 'ਆਪ' ਦੀ ਸਰਕਾਰ ਬਣਾਉਣ ਲਈ ਉਤਾਵਲੇ : ਬਰਸਟ

**ਸਮਾਣਾ, ( ਇਕਬਾਲ ਸਿੰਘ ਬੱਲ)**- ਭਾਰਤ ਦੇ ਗੁਜਰਾਤ ਰਾਜ ਵਿਖੇ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਦੇ ਚਲਦਿਆਂ ਸਾਰੇ ਦੇਸ਼ 'ਚੋਂ ਵੱਖ ਵੱਖ ਰਾਜਸੀ ਪਾਰਟੀਆਂ ਦੇ ਆਗੂ ਆਪਣੀ-ਆਪਣੀ ਪਾਰਟੀ ਨੂੰ ਜਿਤਾਉਣ ਲਈ ਆਪਣਾ ਆਪਣਾ ਜ਼ੋਰ ਲਾ ਕੇ ਉੱਥੇ ਚੋਣ ਪ੍ਰਚਾਰ ਕਰ ਰਹੇ ਹਨ।

ਇਸੇ ਤਹਿਤ ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਵੱਲੋਂ ਵੀ ਪਿਛਲੇ ਕਈ ਦਿਨਾਂ ਤੋਂ ਗੁਜਰਾਤ ਦੇ ਵਿਧਾਨ ਸਭਾ ਹਲਕਾ ਦਾਂਤਾ ਤੋਂ 'ਆਪ' ਦੇ ਉਮੀਦਵਾਰ ਮਹਿੰਦਰ ਬੋਮਬਾਡਿਆ ਦੇ ਹੱਕ 'ਚ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਉਨ੍ਹਾਂ ਚੋਣਵੇਂ ਪੱਤਰਕਾਰਾਂ ਨਾਲ ਫੋਨ 'ਤੇ ਹੋਈ ਗੱਲਬਾਤ ਦੌਰਾਨ ਦੱਸਿਆ ਕਿ ਦੇਸ਼ ਦੇ ਲੋਕ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਤੋਂ ਬਹੁਤ ਖੁਸ਼ ਹਨ ਅਤੇ ਗੁਜਰਾਤ 'ਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਜਨਤਾ ਭਾਜਪਾ ਦੀਆਂ ਦੇਸ਼ ਪ੍ਰਤੀ ਵੰਡ ਪਾਊ ਨੀਤੀਆਂ ਤੋਂ ਬਹੁਤ ਦੁਖੀ ਹਨ ਅਤੇ ਚੋਣਾਂ ਦੌਰਾਨ ਭਾਜਪਾ ਨੂੰ ਬਹੁਤ ਵੱਡਾ ਝਟਕਾ ਦੇਣ ਨੂੰ ਤਿਆਰ ਹਨ। ਉਨ੍ਹਾ ਅੱਗੇ ਕਿਹਾ ਕਿ ਗੁਜਰਾਤ ਦੇ ਲੋਕ ਮੌਜੂਦਾ ਸਰਕਾਰ ਤੋਂ ਅੱਕ ਚੁੱਕੇ ਹਨ, ਲੋਕ ਇਸ ਨਿਕੰਮੀ, ਜ਼ਾਲਮ ਅਤੇ ਭ੍ਰਿਸ਼ਟ ਸਰਕਾਰ ਤੋਂ ਬਦਲਾਅ ਚਾਹੁੰਦੇ ਹਨ। ਉਹਨਾ ਚੋਣ ਪ੍ਰਚਾਰ ਦੌਰਾਨ ਗੁਜਰਾਤ ਦੇ ਲੋਕਾਂ ਨਾਲ ਗੱਲਬਾਤ ਦੌਰਾਨ ਪੰਜਾਬ ਵਿੱਚ 'ਮਾਨ' ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ 1 ਜੁਲਾਈ ਤੋਂ ਪੰਜਾਬ ਸਰਕਾਰ ਨੇ ਹਰ ਬਿੱਲ ਉੱਤੇ ਲੋਕਾਂ ਨੂੰ 600 ਯੂਨਿਟ ਬਿਜਲੀ ਮੁਫਤ ਮੁਹੱਈਆ ਕਰਵਾਈ ਹੈ। ਇਸ ਦੇ ਨਤੀਜੇ ਵਜੋਂ ਸਤੰਬਰ ਮਹੀਨੇ 'ਚ ਕੁੱਲ 72.66 ਲੱਖ ਵਿੱਚੋਂ 50 ਲੱਖ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆਇਆ ਹੈ। ਇਸ ਮੌਕੇ ਉਨ੍ਹਾ ਨਾਲ ਹਰਿੰਦਰ ਸਿੰਘ ਧਬਲਾਨ, ਗਗਨਇੰਦਰ ਸਿੰਘ ਬਰਸਟ, ਸ਼ਾਮ ਲਾਲ ਦੱਤ, ਗੋਪੀ ਸਿੱਧੂ, ਗੁਰਦੇਵ ਸਿੰਘ ਧਨੋਆ, ਗੁਰੂਪਾਲ ਸਿੰਘ ਅਤੇ ਬਲਵੰਤ ਸਿੰਘ ਰਾਜਪੂਤ ਆਦਿ ਵੀ ਮੌਜੂਦ ਰਹੇ।

# ਇੱਕ ਵੱਖਰੀ ਛਾਪ ਛੱਡ ਗਈ ਡਾ. ਦਰਸ਼ਨ ਮੈਮੋਰੀਅਲ ਸਪੋਰਟਸ ਮੀਟ

**ਲਹਿਰਾਗਾਗਾ (ਪਵਨ ਸ਼ਰਮਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਰਾਜ ਵਿੱਚ ਖੇਡਾਂ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਦਿਨ-ਰਾਤ ਇੱਕ ਕੀਤਾ ਹੋਇਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਲਹਿਰਾ ਦੇ ਵਿਧਾਇਕ ਐਡਵੋਕੇਟ ਬਰਿੰਦਰ ਗੋਇਲ ਦੇ ਸਪੁੱਤਰ ਐਡਵੋਕੇਟ ਗੌਰਵ ਗੋਇਲ ਨੇ ਡਾ. ਦੇਵ ਰਾਜ ਡੀ.ਏ.ਵੀ. ਗਰੁੱਪ ਆਫ਼ ਸਕੂਲਜ਼ ਖਾਈ/ਲਹਿਰਾਗਾਗਾ ਵੱਲੋਂ ਆਯੋਜਿਤ ਡਾ. ਦਰਸ਼ਨ ਮੈਮੋਰੀਅਲ ਸਾਲਾਨਾ ਸਪੋਰਟਸ ਮੀਟ ਦੌਰਾਨ ਕਹੇ । ਉਨ੍ਹਾ ਆਖਿਆ ਕਿ ਰਾਜ ਵਿੱਚ ਮਾਨ ਸਰਕਾਰ ਵੱਲੋਂ 'ਖੇਡਾਂ ਵਤਨ ਦੀਆਂ' ਆਯੋਜਿਤ ਕਰਵਾ ਕੇ ਹਰ ਨੌਜਵਾਨ ਨੂੰ ਖੇਡਾਂ ਨਾਲ ਜੋੜਨ ਦਾ ਸਫ਼ਲ ਯਤਨ ਕੀਤਾ ਗਿਆ । ਗੋਇਲ ਨੇ ਕਿਹਾ ਕਿ ਇਸ ਸਕੂਲ ਦੇ ਵਿਦਿਆਰਥੀਆਂ ਨੇ ਨਾ ਸਿਰਫ਼ ਖੇਡਾਂ ਵਿੱਚ ਨਾਮਣਾ ਖੱਟਿਆ ਹੈ ਬਲਕਿ ਪੜ੍ਹਾਈ, ਵਿਗਿਆਨ ਪ੍ਰਦਰਸ਼ਨੀਆਂ ਤੋਂ ਇਲਾਵਾ ਹੋਰਨਾਂ ਖੇਤਰਾਂ ਵਿੱਚ ਵੀ ਵੱਡੀਆਂ ਪ੍ਰਾਪਤੀਆਂ ਕਰਕੇ ਪੰਜਾਬ ਵਿੱਚ ਹੀ ਨਹੀਂ ਸਗੋਂ ਦੇਸ਼ ਪੱਧਰ 'ਤੇ ਸ਼ਹਿਰ ਦਾ ਨਾਂਅ ਰੋਸ਼ਨ ਕੀਤਾ ਹੈ । ਉਨ੍ਹਾਂ ਆਪਣੇ ਪੜ੍ਹਾਈ ਦੇ ਦਿਨਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਕਿਹਾ ਕਿ ਮੇਰਾ ਸਰਬਪੱਖੀ ਵਿਕਾਸ ਕਰਨ ਵਿੱਚ ਇਸ



ਸਕੂਲ ਦਾ ਵਡਮੁੱਲਾ ਯੋਗਦਾਨ ਰਿਹਾ ਹੈ । ਸਪੋਰਟ ਮੀਟ ਵਿੱਚ ਤਕਰੀਬਨ 1500 ਦੇ ਕਰੀਬ ਖਿਡਾਰੀਆਂ ਨੇ ਆਪੋ-ਆਪਣੀਆਂ ਖੇਡਾਂ ਵਿੱਚ ਭਾਗ ਲਿਆ । ਇਸ ਸਮੇਂ ਇਨ੍ਹਾਂ ਖਿਡਾਰੀਆਂ ਦੇ 100 ਮੀਟਰ, 200 ਮੀਟਰ, 400 ਮੀਟਰ, 1600 ਮੀਟਰ ਦੌੜ, ਰੀਲੇਅ ਰੇਸ, ਉੱਚੀ ਛਾਲ, ਲੰਬੀ ਛਾਲ, ਗੋਲਾ ਸੁੱਟਣ, ਡਿਸਕਸ ਥ੍ਰੋ, ਸਾਈਕਲ ਰੇਸ, ਰੱਸਾ ਖਿੱਚਣ ਤੋਂ ਇਲਾਵਾ ਖੋ-ਖੋ ਆਦਿ ਦੇ ਮੁਕਾਬਲੇ ਕਰਵਾਉਣ ਤੋਂ ਇਲਾਵਾ ਮਾਪਿਆਂ ਦੀਆਂ ਖੇਡਾਂ ਦੇ ਮੁਕਾਬਲੇ ਵੀ ਕਰਵਾਏ ਗਏ । ਇਸ ਸਮੇਂ ਸਕੂਲ ਦੀ ਪ੍ਰਧਾਨ ਮੈਡਮ ਉਰਮਲਾ ਰਾਣੀ, ਉੱਪ ਪ੍ਰਧਾਨ ਲੱਕੀ ਖੋਖਰ, ਐਮ.ਡੀ. ਪੀ.ਕੇ. ਖੋਖਰ, ਪ੍ਰਿੰਸੀਪਲ ਸੁਖਵੀਰ ਕੌਰ, ਐਡਵੋਕੇਟ ਅਨਿਰੁੱਧ ਕੌਸ਼ਲ ਆਦਿ ਵੀ ਹਾਜ਼ਰ ਸਨ ।

# ਨੈਤਿਕ ਸਿੱਖਿਆ ਇਮਤਿਹਾਨ 'ਚ ਸਰਕਾਰੀ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ )** ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਫਿਰੋਜ਼ਪੁਰ-ਮੋਗਾ ਜ਼ੋਨ ਵੱਲੋਂ ਸਰਕਾਰੀ ਹਾਈ ਸਕੂਲ ਪਿੰਡੀ ਵਿਖੇ ਨੈਤਿਕ ਸਿੱਖਿਆ ਇਮਤਿਹਾਨ-2022 ਜੋ ਕਿ ਮੁੱਖ ਅਧਿਆਪਕ ਦੀਪਕ ਗਾਂਧੀ ਦੀ ਯੋਗ ਅਗਵਾਈ ਅਤੇ ਸ੍ਰੀਮਤੀ ਸੋਨੀਆ ਹਿੰਦੀ ਮਿਸਟ੍ਰੈਸ ਦੀ ਦੇਖ ਰੇਖ ਹੇਠ ਲਿਆ ਗਿਆ, ਜਿਸ ਵਿੱਚ ਸਰਕਾਰੀ ਹਾਈ ਸਕੂਲ ਪਿੰਡੀ ਦੇ ਵਿਦਿਆਰਥੀਆਂ ਨੇ ਭਾਗ ਲੈ ਕੇ ਚੰਗਾ ਪ੍ਰਦਰਸ਼ਨ ਕਰਦੇ ਹੋਏ ਚੰਗਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥੀਆਂ ਦੀ ਉਪਲਬਧੀ 'ਤੇ ਸਟੱਡੀ ਸਰਕਲ ਵੱਲੋਂ ਵਿਦਿਆਰਥੀਆਂ ਅਤੇ ਸਕੂਲ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਲਈ ਮੁੱਖ ਅਧਿਆਪਕ ਦੀਪਕ ਗਾਂਧੀ ਨੇ ਸਟੱਡੀ ਸਰਕਲ ਦੇ ਜ਼ੋਨਲ ਸਕੱਤਰ ਨਰਿੰਦਰ ਪਾਲ ਸਿੰਘ ਅਤੇ ਕੋਆਰਡੀਨੇਟਰ ਗੁਰਮੀਤ ਸਿੰਘ ਸਮੇਤ ਸਮੁੱਚੀ ਟੀਮ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

# ਬਲਵਿੰਦਰ ਸੋਹੀ ਤੇ ਅਵਤਾਰ ਸਿੰਘ ਨੂੰ ਖਜ਼ਾਨਾ ਅਫਸਰ ਬਣਨ 'ਤੇ ਕੀਤਾ ਸਨਮਾਨਤ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਸ਼ਰਮਾ, ਜਨਰਲ ਸਕੱਤਰ ਰਾਜਵੀਰ ਸ਼ਰਮਾ ਬਡਰੁੱਖਾਂ, ਮੀਤ ਪ੍ਰਧਾਨ ਹਰਵਿੰਦਰ ਸਿੰਘ ਘਰਾਚੋਂ ਤੇ ਗਗਨ ਗੋਇਲ ਖਜ਼ਾਨਾ ਦਫਤਰ ਦੇ ਵਫਦ ਵੱਲੋਂ ਖਜ਼ਾਨਾ ਵਿਭਾਗ ਦੇ ਬਤੌਰ ਖਜ਼ਾਨਾ ਅਫਸਰ ਪਦ-ਉੱਨਤ ਹੋਏ ਸ਼੍ਰੀਮਤੀ ਬਲਵਿੰਦਰ ਕੌਰ ਸੋਹੀ ਤੇ ਸ਼੍ਰੀ ਅਵਤਾਰ ਸਿੰਘ ਲੱਕੀ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਸ਼ਰਮਾ ਤੇ ਜਨਰਲ ਸਕੱਤਰ ਰਾਜਵੀਰ ਬਡਰੁੱਖਾਂ ਨੇ ਕਿਹਾ ਕਿ ਇਨ੍ਹਾਂ ਦੋਨੋਂ ਪ੍ਰਮੋਟ ਹੋਣ ਵਾਲੇ ਮੁਲਾਜ਼ਮ ਸਾਥੀਆਂ ਦਾ ਕਲੈਰੀਕਲ ਕੇਡਰ ਦੇ ਹਰੇਕ ਸੰਘਰਸ਼ ਵਿੱਚ ਪੂਰਨ ਸਹਿਯੋਗ ਮਿਲਦਾ ਰਿਹਾ ਤੇ ਜਥੇਬੰਦੀ ਨੂੰ ਇਹੋ ਜਿਹੇ ਸਾਥੀਆਂ 'ਤੇ ਮਾਣ ਹੈ, ਜੋ ਆਪਣੇ ਕੇਡਰ ਦੀ ਸੇਵਾ ਕਰਨ ਦੇ ਨਾਲ ਨਾਲ ਵਿਭਾਗ ਪੱਧਰੀ ਤਰੱਕੀਆਂ ਪ੍ਰਾਪਤ ਕਰਕੇ ਕਲੈਰੀਕਲ ਕੇਡਰ ਦਾ ਨਾਮ ਰੌਸ਼ਨ ਕਰ ਰਹੇ ਹਨ। ਇਸ ਮੌਕੇ ਪ੍ਰਮੋਟ ਹੋਏ ਸ਼੍ਰੀਮਤੀ ਬਲਵਿੰਦਰ ਕੌਰ ਸੋਹੀ ਤੇ ਖਜ਼ਾਨਾ ਅਫਸਰ ਅਵਤਾਰ ਸਿੰਘ ਵੱਲੋਂ ਜਥੇਬੰਦੀ ਦੇ ਆਗੂਆਂ ਦਾ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਜਥੇਬੰਦੀ ਤੇ ਕੇਡਰ ਦੀ ਸੇਵਾ ਪਹਿਲਾਂ ਦੀ ਤਰ੍ਹਾਂ ਕਰਦੇ ਰਹਿਣਗੇ ਤੇ ਬਤੌਰ ਖਜ਼ਾਨਾ ਅਫ਼ਸਰ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮ ਤੇ ਆਗੂ ਹਾਜ਼ਰ ਸਨ।

# ਮਾਤਾ ਗੁਜਰੀ ਕਾਲਜ ਦੇ 73ਵਾਂ ਸੰਵਿਧਾਨ ਦਿਵਸ ਮਨਾਇਆ



**ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੋਸਟ ਗਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ ਵੱਲੋਂ 73ਵਾਂ ਸੰਵਿਧਾਨ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਮੌਕੇ ਵਿਭਾਗ ਵੱਲੋਂ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਤੇ ਭਾਰਤੀ ਸੰਵਿਧਾਨ ਵਿੱਚ ਦਰਜ ਮੌਲਿਕ ਕਰਤੱਵ ਵਿਸ਼ਿਆਂ ਉੱਤੇ ਲੇਖਨ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵਿਭਾਗ ਦੇ ਤਕਰੀਬਨ 40 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।

ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ, ਜਿੱਥੇ ਵੱਖੋ-ਵੱਖਰੇ ਧਰਮਾਂ, ਜਾਤਾਂ, ਭਾਸ਼ਾਵਾਂ ਤੇ ਖਿੱਤਿਆਂ ਦੇ ਲੋਕ ਭਾਈਚਾਰਕ ਸਾਂਝ ਨਾਲ ਰਹਿੰਦੇ ਹਨ ਤੇ ਸਾਡਾ ਸੰਵਿਧਾਨ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਅਧਿਕਾਰ ਪ੍ਰਦਾਨ ਕਰਦਾ ਹੈ।

ਵਿਭਾਗ ਦੇ ਮੁਖੀ ਡਾ. ਸਤਨਾਮ ਸਿੰਘ ਨੇ ਦੱਸਿਆ ਕਿ ਯੂਜੀਸੀ ਦੇ ਆਦੇਸ਼ਾਂ ਅਨੁਸਾਰ ਇਸ ਸਾਲ ਸੰਵਿਧਾਨ ਦਿਵਸ ਦਾ ਵਿਸ਼ਾ 'ਭਾਰਤ : ਲੋਕਤੰਤਰ ਦੀ ਜਨਣੀ' ਹੈ। ਉਨ੍ਹਾ ਦੱਸਿਆ ਕਿ ਦੇਸ਼ ਦੀ ਆਜ਼ਾਦੀ ਲਿਆਉਣ ਵਾਲੇ ਸੁਤੰਤਰਤਾ ਸੈਨਾਨੀਆਂ ਦੀ ਦੇਣ ਨੂੰ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਤੇ ਖਾਸ ਤੌਰ ਉੱਤੇ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਜੀਵਨ ਤੇ ਫ਼ਲਸਫ਼ੇ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਲੇਖਣ ਮੁਕਾਬਲਿਆਂ ਵਿੱਚ ਜਸਲੀਨ ਕੌਰ, ਸਿਮਰਨ ਤੇ ਰਮਨਦੀਪ ਕੌਰ ਨੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸੰਵਿਧਾਨ ਦੇ ਉਦੇਸ਼ ਤੇ ਆਦਰਸ਼ਾਂ ਦੀ ਪਾਲਣਾ ਲਈ ਸਹੁੰ ਵੀ ਚੁੱਕੀ ਗਈ। ਇਸ ਮੌਕੇ ਪ੍ਰੋ. ਹਰਭਿੰਦਰ ਸਿੰਘ, ਡਾ. ਸ਼ਵੇਤਾ ਸਹਿਗਲ, ਪ੍ਰੋ. ਗੁਰਜੀਤ ਕੌਰ, ਡਾ. ਗੁਰਵੀਨ ਕੌਰ, ਪ੍ਰੋ. ਸੰਦੀਪ ਕੌਰ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਐੱਸ ਐੱਫ ਸੀ ਪਬਲਿਕ ਸਕੂਲ 'ਚ ਬੈਡਮਿੰਟਨ ਟੂਰਨਾਮੈਂਟ ਕਰਾਇਆ

**ਮੋਗਾ (ਅਮਰਜੀਤ ਬੱਬਰੀ)**-ਖੇਡ ਵਿਭਾਗ ਪੰਜਾਬ ਵੱਲੋਂ ਐੱਸ ਐੱਫ ਸੀ ਪਬਲਿਕ ਸਕੂਲ ਫਤਿਹਗੜ੍ਹ ਕੋਰੋਟਾਣਾ ਵਿਖੇ ਅੰਤਰ-ਸਕੂਲ ਬੈਡਮਿੰਟਨ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਐੱਸ ਐੱਫ ਸੀ ਪਬਲਿਕ ਸਕੂਲ, ਡੀਏਵੀ ਪਬਲਿਕ ਸਕੂਲ ਜਗਰਾਉਂ, ਗਰੀਨ ਵੈਲੀ ਕਾਨਵੈਂਟ ਸਕੂਲ ਨਿਹਾਲ ਸਿੰਘ ਵਾਲਾ, ਸ੍ਰੀ ਗੁਰੂ ਰਾਮ ਰਾਏ ਸਕੂਲ ਨਾਨਕਸਰ, ਐੱਸ ਐੱਲ ਡੀ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਕਲਾਂ ਆਦਿ ਸਕੂਲਾਂ ਨੇ ਭਾਗ ਲਿਆ। ਇਸ ਟੂਰਨਾਮੈਂਟ ਵਿੱਚ ਅੰਡਰ 19, 17, 14 ਸਾਲ ਵਰਗਾ ਦੇ ਖਿਡਾਰੀਆਂ ਨੇ ਭਾਗ ਲਿਆ। ਅੰਤ ਵਿੱਚ ਚਾਰ ਸਕੂਲ ਫਾਇਨਲ ਵਿੱਚ ਪਹੁੰਚੇ, ਜਿਨ੍ਹਾਂ 'ਚ ਅੰਡਰ 14 ਤੇ 17 ਲੜਕੀਆਂ ਦੇ ਖੇਡ ਮੁਕਾਬਲੇ ਵਿੱਚ ਡੀਏਵੀ ਪਬਲਿਕ ਸਕੂਲ ਨੇ ਪਹਿਲਾ, ਐੱਸ ਐੱਫ ਸੀ ਪਬਲਿਕ ਸਕੂਲ ਨੇ ਦੂਜਾ ਤੇ ਗਰੀਨ ਵੈਲੀ ਕਾਨਵੈਂਟ ਸਕੂਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਅੰਡਰ 19 ਲੜਕੀਆਂ ਦੇ ਮੁਕਾਬਲਿਆਂ ਵਿੱਚ ਐੱਸ ਐੱਲ ਡੀ ਸਕੂਲ ਤਲਵੰਡੀ ਕਲਾਂ ਨੇ ਪਹਿਲਾ, ਗਰੀਨ ਵੈਲੀ ਕਾਨਵੈਂਟ ਸਕੂਲ ਨੇ ਦੂਜਾ ਤੇ ਐੱਸ ਐੱਫ ਸੀ ਪਬਲਿਕ ਸਕੂਲ ਨੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਡਾਇਰੈਟਰ ਅਭਿਸ਼ੇਕ ਜਿੰਦਲ ਨੇ ਸਾਰੇ ਜੇਤੂ ਸਕੂਲਾਂ ਨੂੰ ਵਧਾਈ ਦਿੱਤੀ ਤੇ ਖੇਡ ਨੂੰ ਖੇਡ ਦੀ ਭਾਵਨਾ ਨਾਲ ਖੇਡਣ ਲਈ ਪ੍ਰੇਰਤ ਕੀਤਾ।

# ਸਰਕਾਰੀ ਸਕੂਲ ਅਰਨੀਵਾਲਾ ਸ਼ੇਖ ਸੁਭਾਨ 'ਚ ਪੰਜਾਬੀ ਮੇਲਾ ਕਰਾਇਆ



**ਜਲਾਲਾਬਾਦ, (ਦਹੂਜਾ) :** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਰਨੀਵਾਲਾ ਸ਼ੇਖ ਸੁਭਾਨ ਵਿਖੇ ਪ੍ਰਿੰਸੀਪਲ ਵਿਪਨ ਕਟਾਰੀਆ ਦੀ ਅਗਵਾਈ ਵਿੱਚ ਪੰਜਾਬੀ ਮਾਹ ਨੂੰ ਸਪਰਪਤ ਪੰਜਾਬੀ ਮੇਲਾ ਕਰਵਾਇਆ। ਪੰਜਾਬੀ ਸੱਭਿਆਚਾਰ ਤੇ ਵਿਰਾਸਤ ਨੂੰ ਪ੍ਰਫੁੱਲਿਤ ਕਰਨ ਲਈ ਨਿਵੇਕਲੀ ਪਹਿਲ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਪੰਜਾਬੀ ਵਿਰਸੇ ਨਾਲ ਸੰਬੰਧਤ ਸੁਹਾਗ, ਘੋੜੀਆਂ, ਗੀਤ, ਜਾਗੋ, ਗਿੱਧਾ ਤੇ ਭੰਗੜਾ ਪੇਸ਼ ਕੀਤੇ ਗਏ। ਵਿਦਿਆਰਥੀਆਂ ਵੱਲੋਂ ਸਮਾਜਿਕ ਬੁਰਾਈਆਂ ਨੂੰ ਉਜਾਗਰ ਕਰਦੀਆਂ ਤੇ ਸਮਾਜ ਨੂੰ ਸੇਧ ਦਿੰਦੀਆਂ ਨਸ਼ਾ ਵਿਰੋਧੀ ਤੇ ਸੋਸ਼ਲ ਮੀਡੀਆ ਦੀ ਵਰਤੋਂ ਸਬੰਧੀ ਸਕਿੱਟਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਵਿਦਿਆਰਥੀਆਂ ਵੱਲੋਂ ਪੰਜਾਬੀ ਵਿਰਾਸਤੀ ਤੇ ਲੁਪਤ ਹੋ ਰਹੇ ਸੱਭਿਆਚਾਰਕ ਸਾਮਾਨ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਪੰਜਾਬੀ ਵਿਭਾਗ ਦੇ ਅਧਿਆਪਕਾਂ ਮੈਡਮ ਹਰਪਾਲ ਕੌਰ, ਮੈਡਮ ਸਵਿਤਾ ਰਾਣੀ, ਮੈਡਮ ਸੰਗੀਤਾ ਰਾਣੀ ਵੱਲੋਂ ਵਿਸ਼ੇਸ਼ ਯੋਗਦਾਨ ਦਿੱਤਾ ਗਿਆ। ਸਮਾਗਮ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਸਕੂਲ ਦੇ ਮੀਡੀਆ ਇੰਚਾਰਜ ਰਜਨੀਸ਼ ਕੁਮਾਰ, ਅਧਿਆਪਕ ਰੋਹਿਤ ਬੱਤਰਾ, ਰਮਨ, ਵਿਨੋਦ, ਮਨੀਸ਼, ਗੋਬਿੰਦ ਲਾਲ, ਮੈਡਮ ਅਮਨਦੀਪ ਕੌਰ, ਮੈਡਮ ਪਾਇਲ, ਮੈਡਮ ਕਨੁਪ੍ਰੀਆ, ਮੈਡਮ ਕੋਮਲ, ਮੈਡਮ ਮਨਿੰਦਰ ਕੌਰ ਤੇ ਸਮੂਹ ਸਟਾਫ ਵੱਲੋਂ ਸ਼ਲਾਘਾਯੋਗ ਸੇਵਾਵਾਂ ਨਿਭਾਈਆਂ ਗਈਆਂ। ਇਸ ਮੌਕੇ ਵਿਦਿਆਰਥੀਆਂ ਦੇ ਮਾਪੇ, ਸਕੂਲ ਪ੍ਰਬੰਧਕ ਕਮੇਟੀ ਮੈਂਬਰ ਤੇ ਪੱਤਵੰਤੇ ਸੱਜਣ ਮੌਜੂਦ ਸਨ।

# ਪ੍ਰਾਇਮਰੀ ਸਕੂਲਾਂ ਦੀਆਂ ਜ਼ਿਲ੍ਹਾ ਖੇਡਾਂ ਸ਼ਾਨੋ-ਸ਼ੌਕਤ ਨਾਲ ਸੰਪੰਨ

## ਓਵਰ ਆਲ ਟਰਾਫੀ 'ਤੇ ਬਲਾਕ ਝੁਨੀਰ ਦੇ ਨੰਨ੍ਹੇ ਖਿਡਾਰੀਆਂ ਦਾ ਕਬਜ਼ਾ

**ਮਾਨਸਾ (ਆਤਮਾ ਸਿੰਘ ਪਮਾਰ)**-ਸਰਕਾਰੀ ਨਹਿਰੂ ਕਾਲਜ ਮਾਨਸਾ ਦੇ ਖੇਡ ਦੇ ਮੈਦਾਨ ਵਿੱਚ ਹੋ ਰਹੀਆਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੀਆਂ ਜ਼ਿਲ੍ਹਾ ਖੇਡਾਂ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਈਆਂ। ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਦੀ ਰਸਮ ਹਲਕਾ ਮਾਨਸਾ ਦੇ ਵਿਧਾਇਕ ਡਾਕਟਰ ਵਿਜੈ ਸਿੰਗਲਾ ਨੇ ਨਿਭਾਈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਵਿਸ਼ੇਸ਼ ਯੋਜਨਾਵਾਂ ਬਣਾ ਰਹੀ ਹੈ ਤੇ ਖੇਡਾਂ ਵਤਨ ਪੰਜਾਬ ਦੀਆਂ ਨੇ ਵੀ ਖੇਡਾਂ ਨੂੰ ਉਤਸ਼ਾਹਤ ਕੀਤਾ। ਇਹ ਇਸ ਲਈ ਕਰਵਾਈਆਂ ਗਈਆਂ ਤਾਂ ਕਿ ਅੱਜ ਦਾ ਨੌਜਵਾਨ ਗਰਾਊਂਡ ਨਾਲ ਜੁੜਿਆ ਰਹਿ ਸਕੇ।

ਵੱਖ ਵੱਖ ਫਾਇਨਲ ਮੁਕਾਬਲੇ ਬਹੁਤ ਹੀ ਦਿਲਚਸਪ ਰਹੇ। ਗੱਤਕੇ ਵਿੱਚ ਮਾਨਸਾ ਨੇ ਪਹਿਲਾ, ਬੁੱਢਲਾਡਾ ਨੇ ਦੂਜਾ ਸਥਾਨ। ਰੱਸਾਕਸ਼ੀ ਵਿੱਚ ਝੁਨੀਰ ਨੇ ਪਹਿਲਾ ਤੇ ਮਾਨਸਾ ਨੇ ਦੂਜਾ ਸਥਾਨ। ਕਬੱਡੀ ਨੈਸ਼ਨਲ ਸਟਾਈਲ (ਮੁੰਡੇ) ਝੁਨੀਰ ਨੇ ਪਹਿਲਾ, ਮਾਨਸਾ ਨੇ ਦੂਜਾ। ਕਬੱਡੀ ਨੈਸ਼ਨਲ ਸਟਾਈਲ (ਕੁੜੀਆਂ) ਝੁਨੀਰ ਨੇ ਪਹਿਲਾ ਤੇ ਬੁਢਲਾਡਾ ਨੇ ਦੂਜਾ। ਕਬੱਡੀ ਸਰਕਲ ਸਟਾਈਲ (ਮੁੰਡੇ) ਝੁਨੀਰ ਨੇ ਪਹਿਲਾ ਤੇ ਸਰਦੂਲਗੜ੍ਹ ਨੇ ਦੂਜਾ। ਖੋ-ਖੋ (ਕੁੜੀਆਂ) ਝੁਨੀਰ ਨੇ ਪਹਿਲਾ ਤੇ ਸਰਦੂਲਗੜ੍ਹ ਨੇ ਦੂਜਾ। ਖੋ-ਖੋ (ਮੁੰਡੇ) ਮਾਨਸਾ ਨੇ ਪਹਿਲਾ ਤੇ ਝੁਨੀਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਸੰਜੀਵ ਕੁਮਾਰ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਡਾ. ਵਿਜੈ ਮਿੱਢਾ ਤੇ ਗੁਰਲਾਭ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਅਮਨਦੀਪ ਸਿੰਘ ਤੇ ਲਖਵਿੰਦਰ ਸਿੰਘ, ਡੀ ਐੱਮ ਸਪੋਰਟਸ ਗੁਰਦੀਪ ਸਿੰਘ, ਐਡਵੋਕੇਟ



ਵਿਜੇ ਕੁਮਾਰ ਸਿੰਗਲਾ, ਐਡਵੋਕੇਟ ਲਖਵਿੰਦਰ ਸਿੰਘ ਲਖਣਪਾਲ, ਤਰਨਜੀਤ ਸਿੰਘ ਇੰਗਲੈਂਡ, ਯਾਦਵਿੰਦਰ ਸਿੰਘ ਬਹਿਣੀਵਾਲ ਵੱਖ ਵੱਖ ਸਕੂਲਾਂ ਦੇ ਸੀ ਐੱਚ ਟੀ ਤੇ ਅਧਿਆਪਕ ਮੌਜੂਦ ਸਨ। ਖੇਡ ਮੇਲੇ ਦੌਰਾਨ ਸੋਸ਼ਲ ਮੀਡੀਆ ਟੀਮ ਊਧਮ ਮੰਦਰਾਂ, ਕਰਮਦੀਨ ਖਾਨ ਤੇ ਮਹਿੰਦਰਪਾਲ ਦਾ ਵਿਸ਼ੇਸ਼ ਯੋਗਦਾਨ ਰਿਹਾ। ਟੂਰਨਾਮੈਂਟ ਕਮੇਟੀ ਦੇ ਆਗੂ ਹਰਦੀਪ ਸਿੰਘ ਸਿੱਧੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਟੂਰਨਾਮੈਂਟ ਦੌਰਾਨ ਬਲਾਕ ਝੁਨੀਰ ਓਵਰ ਆਲ ਟਰਾਫੀ 'ਤੇ ਕਬਜ਼ਾ ਕਰਨ ਵਿੱਚ ਕਾਮਯਾਬ ਰਿਹਾ। ਦੂਜੇ ਨੰਬਰ 'ਤੇ ਬਲਾਕ ਮਾਨਸਾ ਤੇ ਤੀਜੇ ਨੰਬਰ 'ਤੇ ਬਲਾਕ ਬਰੇਟਾ ਰਿਹਾ।

# ਨਨਕਾਣਾ ਸਾਹਿਬ ਸਕੂਲ ਦੀਆਂ ਵਿਦਿਆਰਥਣਾਂ ਨੇ ਮਾਰੀਆਂ ਮੱਲਾਂ



**ਸਮਰਾਲਾ (ਸੁਰਜੀਤ ਸਿੰਘ)**-ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ ਦੀਆਂ ਵਿਦਿਆਰਥਣਾਂ ਨੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੂਮੈਨ, ਝਾੜ ਸਾਹਿਬ ਵਿਖੇ ਕਰਵਾਏ ਗਏ 'ਸਿਰਜਣਾ' ਪ੍ਰੋਗਰਾਮ ਤਹਿਤ ਲੜਕੀਆਂ ਦੇ ਅੰਤਰ-ਸਕੂਲ ਮੁਕਾਬਲਿਆਂ ਵਿੱਚ ਕਈ ਇਨਾਮ ਜਿੱਤ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਇਨ੍ਹਾਂ ਮੁਕਾਬਲਿਆਂ ਵਿੱਚ ਇਲਾਕੇ ਦੇ ਵੱਖ-ਵੱਖ ਸਕੂਲਾਂ ਦੀਆਂ ਦਸਵੀਂ ਤੇ ਬਾਰਵੀਂ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਨਨਕਾਣਾ ਸਾਹਿਬ ਸਕੂਲ ਦੀਆਂ ਵਿਦਿਆਰਥਣਾਂ ਮਹਿਕਦੀਪ ਕੌਰ, ਪੀਹੂ ਮੌਰਿਆ ਤੇ ਤਰਕਜੋਤ ਕੌਰ ਨੇ ਸਾਇੰਸ ਮਾਡਲ ਵਿੱਚ ਪਹਿਲਾ, ਭਾਸ਼ਣ ਮੁਕਾਬਲੇ ਵਿੱਚ ਮਨਮੀਤ ਕੌਰ ਨੇ ਪਹਿਲਾ, ਫੈਂਸੀ ਡ੍ਰੈੱਸ ਵਿੱਚ ਦਿਲਪ੍ਰੀਤ ਕੌਰ ਨੇ ਦੂਸਰਾ ਤੇ ਅਮਨਦੀਪ ਕੌਰ ਨੇ ਤੀਸਰਾ, ਲੇਖ ਰਚਨਾ ਵਿੱਚ ਗੁਰਲੀਨ ਕੌਰ ਮਾਂਗਟ, ਪੋਸਟਰ ਬਣਾਉਣ ਵਿੱਚ ਕਿਰਨਜੋਤ ਕੌਰ ਤੇ ਪੰਜਾਬੀ ਕੈਲੀਗ੍ਰਾਫੀ ਵਿੱਚ ਨਿਸ਼ਠਾ ਅਗਨੀਹੋਤਰੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਪ੍ਰੋਗਰਾਮ ਵਿੱਚ ਆਏ ਮੁੱਖ ਮਹਿਮਾਨ ਹਰਜਤਿੰਦਰ ਸਿੰਘ ਬਾਜਵਾ ਤੇ ਕਾਲਜ ਦੇ ਪ੍ਰਿੰਸੀਪਲ ਅਤੇ ਪ੍ਰਬੰਧਕਾਂ ਵੱਲੋਂ ਵਿਦਿਆਰਥਣਾਂ ਨੂੰ ਇਨਾਮ ਦੇ ਕੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਦੀ ਸਮੂਹ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਸਕੂਲ ਦੇ ਪ੍ਰਿੰਸੀਪਲ ਮਾਲਇੰਦਰ ਸਿੰਘ ਨੇ ਬੱਚਿਆਂ ਦੀ ਕਾਰਗੁਜ਼ਾਰੀ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਉਨ੍ਹਾਂ ਨੂੰ ਵਧਾਈ ਦੇ ਕੇ ਹੌਸਲਾ ਅਫਜ਼ਾਈ ਕੀਤੀ।

28-Nov-PAGE-8.qxd 11/27/2022 9:29 PM Page 1



# ਪੈਨਸ਼ਨਰ 29 ਦੇ ਧਰਨੇ 'ਚ ਵੱਡੇ ਪੱਧਰ 'ਤੇ ਸ਼ਮੂਲੀਅਤ ਕਰਨ : ਸੈਣੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ (ਰਜਿ:) ਦੇ ਸੂਬਾਈ ਜਨਰਲ ਸਕੱਤਰ ਕੁਲਵਰਨ ਸਿੰਘ, ਸੂਬਾ ਪ੍ਰੈਸ ਸਕਤਰ ਬਲਵੀਰ ਸਿੰਘ ਸੈਣੀ ਨੇ ਸਾਂਝੇ ਤੌਰ ਤੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ 16 ਨਵੰਬਰ 2022 ਨੂੰ ਵੱਖ ਵੱਖੋ ਜੋਨਾਂ ਵਿੱਚ ਰੋਹ ਭਰਪੂਰ ਧਰਨੇ ਤੇ ਰੈਲੀਆਂ ਕਰਨ ਉਪਰੰਤ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦਿੱਤੇ ਗਏ ਪਰ ਸਰਕਾਰ ਵਲੋਂ ਕੋਈ ਵੀ ਹੁੰਗਾਰਾ ਨਹੀ ਮਿਲਿਆ। ਇਸੇ ਹੀ ਤਰ੍ਹਾਂ ਸਰਕਾਰ ਅਤੇ ਵਿੱਤ ਮੰਤਰੀ ਵਲੋਂ ਬਾਰ ਬਾਰ ਜੱਥੇਬੰਦੀ ਨੂੰ ਮੀਟਿੰਗਾਂ ਦੇ ਕੇ ਕੋਈ ਸਾਰਥਿਕ ਇਨਸਾਫ ਨਾ ਦੇਣਾ ਵੀ ਪੈਨਸ਼ਨਰਾਂ ਨਾਲ ਧੋਖਾ ਅਤੇ ਸਰਕਾਰ ਦੀ ਨੀਅਤ ਤੇ ਸ਼ੱਕ ਉਜਾਗਰ ਕਰਦਾ ਹੈ। ਆਗੂਆਂ ਨੇ ਕਿਹਾ ਕਿ 6ਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਅਨੁਸਾਰ ਪੈਨਸ਼ਨਰਾਂ ਦੀ ਪੈਨਸ਼ਨ ਵਿੱਚ ਸਨਮਾਨਜਨਕ ਵਾਧਾ ਨਾ ਕਰਨਾ ਗੈਰ ਸੰਵਿਧਾਨਿਕ ਹੈ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਨੈਸ਼ਨਲ ਪੈਨਸ਼ਨ ਸੋਧ ਵਿਧੀ ਅਨੁਸਾਰ ਵਿੱਤ ਸਕੱਤਰ ਦੀ ਹਦਾਇਤ ਮੁਤਾਬਕ ਜਥੇਬੰਦੀ ਦੀ ਤਿੰਨ ਮੈਂਬਰੀ ਕਮੇਟੀ ਬਣਾ ਕੇ ਦਿੱਤੀਆਂ ਉਦਾਹਰਣਾਂ ਦੇਣ ਤੋਂ ਬਾਅਦ ਚਾਰ ਮਹੀਨੇ ਬੀਤ ਜਾਣ ਤੇ ਵੀ ਸਰਕਾਰ ਵੱਲੋਂ ਕੋਈ ਵੀ ਫੈਸਲਾ ਨਹੀਂ ਲਿਆ ਜਾ ਰਿਹਾ ਹੈ ਅਤੇ ਨਾ ਹੀ ਬਾਕੀ ਰਹਿਦੀਆਂ ਲਟਕਦੀਆਂ ਮੰਗਾਂ ਜਿੰਨ੍ਹਾਂ ਵਿੱਚ ਪੈਨਸ਼ਨ ਸੋਧ ਦਾ 2.59 ਗੁਣਾਂਕ ਵੀ ਸ਼ਾਮਲ ਹੈ ਨੂੰ ਵੀ ਲਾਗੂ ਨਹੀਂ ਨਹੀ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਜਿੰਨਾਂ ਚਿਰ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾਂਦਾ ਉਨਾਂ ਚਿਰ ਹਾਲ ਹੀ ਵਿੱਚ ਮਾਨਯੋਗ ਹਾਈ ਕੋਰਟ ਵਲੋਂ ਪੈਨਸ਼ਨਰਾਂ ਦੇ ਹੱਕ ਵਿੱਚ ਕੀਤੇ ਫੈਸਲੇ ਅਨੁਸਾਰ 119% ਡੀ.ਏ. ਦੇ ਨਾਲ ਪੈਨਸ਼ਨਾਂ ਫਿਕਸ ਕੀਤੀਆਂ ਜਾਣਾ ਲਾਗੂ ਕੀਤਾ ਜਾਵੇ। ਉਨ੍ਹਾਂ ਸਰਕਾਰ ਤੇ ਦੋਸ਼ ਲਾਇਆ ਕਿ ਪੰਜਾਬ ਦੀ ਆਪ ਦੀ ਸਰਕਾਰ ਲਾਰੇ ਲੱਪੇ ਵਾਲੀ ਨੀਤੀ ਤੇ ਚੱਲ ਕੇ ਬਜੁਰਗ ਪੈਨਸ਼ਨਰਾਂ ਦਾ ਨੁਕਸਾਨ ਕਰ ਰਹੀਂ ਅਤੇ ਇਸ ਪੈਨਸ਼ਨਰ ਮਾਰੂ ਨੀਤੀ ਕਰਕੇ ਸਮੁੱਚਾ ਪੈਨਸ਼ਨਰ ਪੰਜਾਬ ਦੀ ਸਰਕਾਰ ਨਾਲ ਨਾਰਾਜ਼ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਜਨਵਰੀ 2016 ਤੋਂ 30 ਜੂਨ 2021 ਤੱਕ ਬਣਦਾ ਪੇ ਕਮਿਸ਼ਨ ਦਾ ਬਕਾਇਆ, ਪੈਨਸਨਰਾਂ ਨੂੰ ਯੱਕ-ਮੁਸ਼ਤ ਜਾਰੀ ਕੀਤਾ ਜਾਵੇ, ਪੈਨਸ਼ਨਰਾਂ ਦੇ ਇਲਾਜ ਲਈ ਮੈਡੀਕਲ ਸਹੂਲਤ ਵਾਸਤੇ ਕੈਸ਼-ਲੈੱਸ ਹੈਲਥ ਪ੍ਰਣਾਲੀ ਲਾਗੂ ਕੀਤੀ ਜਾਵੇ। ਜਨਵਰੀ 2004 ਤੋਂ ਬਾਅਦ ਭਰਤੀ ਹੋਏ ਮੁਲਾਜਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਪੰਜਾਬ ਸਰਕਾਰ ਦੀ ਪੈਨਸ਼ਨਰਜ਼ ਪ੍ਰਤੀ ਮਾੜੀ ਨੀਤੀ ਤੋਂ ਅੱਕ ਕੇ ਪੈਨਸ਼ਨਰ ਜੁਆਇੰਟ ਫਰੰਟ ਨੇ ਆਪਣੀਆਂ ਲਟਕਦੀਆਂ ਮੰਗਾਂ ਦੀ ਪ੍ਰਾਪਤੀ ਲਈ ਪੰਜਾਬ ਦੇ ਸਮੂਹ ਪੈਨਸ਼ਨਰਜ਼ ਮੋਹਾਲੀ ਵਿਖੇ 29 ਨਵੰਬਰ 2022 ਨੂੰ ਵਾਈ.ਪੀ.ਐਸ. ਚੌਂਕ, ਫੇਜ਼ 8 ਮੁਹਾਲੀ ਵਿਖੇ ਵੱਡੇ ਪੱਧਰ ਤੇ ਰੈਲੀ ਕਰਕੇ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਰੋਸ ਪ੍ਰਗਟ ਕਰਨਗੇ। ਉਨ੍ਹਾਂ ਪੈਨਸ਼ਨਰਾਂ ਨੂੰ 29 ਨਵੰਬਰ ਦੇ ਮੁਹਾਲੀ ਦੇ ਧਰਨੇ ਵਿੱਚ ਵੱਡੇ ਪੱਧਰ 'ਤੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

# ਮੁਕਾਰੀ ਦੇ ਪਹਿਲਵਾਨ ਨੇ ਸੋਨ ਤਗਮਾ ਜਿੱਤਿਆ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)** ਬਲਾਕ ਨੂਰਪੁਰ ਬੇਦੀ ਅਧੀਨ ਪੈਂਦੇ ਪਿੰਡ ਮੁਕਾਰੀ ਦੇ ਨੌਜਵਾਨ ਪਹਿਲਵਾਨ ਵਿਸ਼ਾਲ ਰਾਣਾ ਨੇ ਪੁਣੇ ਵਿਖੇ ਹੋਈ 71ਬੀ ਆਲ ਇੰਡੀਆ ਪੁਲਸ ਰੈਸਲਿੰਗ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਭਾਰ ਵਰਗ ਵਿੱਚ ਸੋਨ ਤਗਮਾ ਜਿੱਤ ਕੇ ਆਪਣੇ ਮਾਪਿਆਂ, ਪਿੰਡ ਅਤੇ ਪੰਜਾਬ ਦਾ ਨਾਂਅ ਇੱਕ ਵਾਰ ਫਿਰ ਰੌਸ਼ਨ ਕੀਤਾ ਹੈ। ਬਲਾਕ ਸਮਿਤੀ ਮੈਂਬਰ ਪ੍ਰੀਤਮ ਸਿੰਘ ਮਾਵਾ ਨੇ ਵਿਸ਼ਾਲ ਰਾਣਾ ਅਤੇ ਉਸਦੇ ਪਿਤਾ ਲੰਬੜਦਾਰ ਬਲਵਿੰਦਰ ਸਿੰਘ ਮੁਕਾਰੀ ਅਤੇ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਰਾਣਾ ਪਹਿਲਾਂ ਵੀ ਕਈ ਵਾਰ ਮੈਡਲ ਜਿੱਤ ਚੁੱਕਾ ਹੈ, ਜਿਸ ਕਾਰਨ ਉਸ ਨੂੰ ਪੰਜਾਬ ਪੁਲਸ 'ਚ ਨੌਕਰੀ ਵੀ ਮਿਲ ਚੁੱਕੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਰਾਣਾ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਹੈ।

## ਪਾਬੰਦੀ ਦੇ ਬਾਵਜੂਦ ਧੜੱਲੇ ਨਾਲ ਵਿਕਦੇ ਸਿੰਗਲ ਯੂਜ਼ ਲਿਫ਼ਾਫੇ

**ਕਪੂਰਥਲਾ (ਰਵਿੰਦਰ ਸਿੰਘ)**- ਪਿਛਲੇ ਦਿਨੀਂ ਸਰਕਾਰ ਵੱਲੋਂ ਬੰਦ ਕੀਤੇ ਸਿੰਗਲ ਯੂਜ਼ ਲਿਫਾਫੇ ਸ਼ਹਿਰ ਵਿੱਚ ਬੰਦ ਹੋਣ ਦਾ ਨਾਂਅ ਨਹੀਂ ਲੈ ਰਹੇ। ਹਰ ਰੇਹੜੀ ਸਬਜ਼ੀ ਵਿਕਰੇਤਾ, ਫਰੂਟ, ਕਰਿਆਨੇ ਵਾਲੇ ਹਰ ਇੱਕ ਕੋਲ ਲਿਫਾਫੇ ਹੀ ਲਿਫਾਫੇ ਹਨ। ਸਰਕਾਰ ਵੱਲੋਂ ਜਾਰੀ ਚੈਕਿੰਗ ਮਹਿੰਮ ਫੇਲ੍ਹ ਸਾਬਤ ਹੋ ਕੇ ਰਹਿ ਗਈ। ਇੱਕਾ ਦੁੱਕਾ ਚੈਕਿੰਗ ਕਰਕੇ ਖਾਨਾਪੂਰਤੀ ਕੀਤੀ ਜਾਂਦੀ ਹੈ। ਹੋਲਸੇਲ ਲਿਫਾਫੇ ਵੇਚਣ ਵਾਲੇ ਬਗੈਰ ਕਿਸੇ ਡਰ ਤੋਂ ਲਿਫਾਫੇ ਵੇਚ ਰਹੇ ਸਨ। ਸਰਕਾਰ ਨੂੰ ਇਸ ਵੱਲ ਧਿਆਨ ਦ ਕੇ ਸਖਤ ਤੋਂ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

# ਨਹਿਰੂ ਯੁਵਾ ਕੇਂਦਰ ਨੇ ਰਾਸ਼ਟਰੀ ਸੰਵਿਧਾਨ ਦਿਵਸ ਮਨਾਇਆ



**ਹੁਸ਼ਿਆਰਪੁਰ, ( ਉ.ਪੀ.ਰਾਣਾ)** ਨਹਿਰੂ ਯੁਵਾ ਕੇਂਦਰ ਹੁਸ਼ਿਆਰਪੁਰ ਰਾਕੇਸ਼ ਕੁਮਾਰ, ਜ਼ਿਲ੍ਹਾ ਯੁਵਾ ਅਫਸਰ, ਯੁਵਾ ਮਾਮਲੇ ਅਤੇ ਖੇਡ ਮੰਤਰਾਲਾ (ਭਾਰਤ ਸਰਕਾਰ) ਦੇ ਦਿਸ਼ਾ-ਨਿਰਦਸ਼ਸਾਂ ਅਨੁਸਾਰ ਡੀ.ਏ.ਵੀ. ਕਾਲਜ ਆਫ ਐਜੂਕੇਸ਼ਨ ਹੁਸ਼ਿਆਰਪੁਰ ਵਿਖੇ ਕਾਲਜ ਦੇ ਰੈੱਡ ਰਿਬਨ ਕਲੱਬ ਦੇ ਸਹਿਯੋਗ ਨਾਲ ਰਾਸ਼ਟਰੀ ਸੰਵਿਧਾਨ ਦਿਵਸ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਅਟਾਰਨੀ ਦਵਿੰਦਰ ਕੁਮਾਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਮੁੱਖ ਮਹਿਮਾਨ ਦਵਿੰਦਰ ਕੁਮਾਰ ਨੇ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਪੜ੍ਹੀ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ: ਵਿਧੀ ਭੱਲਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸੰਵਿਧਾਨ ਦਿਵਸ ਮੌਕੇ ਸਾਨੂੰ ਨਾ ਸਿਰਫ ਇਹ ਮਹਿਸੂਸ ਹੁੰਦਾ ਹੈ ਕਿ ਅਸੀਂ ਆਜਾਦ ਭਾਰਤ ਦੇ ਨਾਗਰਿਕ ਹਾਂ, ਸਗੋਂ ਇਹ ਸਾਨੂੰ ਲਿਖਤੀ ਬੁਨਿਆਦੀ ਫਰਜਾਂ ਦੇ ਨਾਲ ਨਾਗਰਿਕ ਹੋਣ ਦੇ ਨਾਤੇ ਆਪਣੀਆਂ ਜ਼ਿੰਮੇਵਾਰੀਆਂ ਦੀ ਵੀ ਯਾਦ ਦਿਵਾਉਂਦਾ ਹੈ । ਪ੍ਰੋਗਰਾਮ ਦੀ ਸ਼ੁਰੂਆਤ ਜ਼ਿਲ੍ਹਾ ਯੂਥ ਅਫਸਰ ਰਾਕੇਸ ਕੁਮਾਰ ਵੱਲੋਂ ਮੁੱਖ ਮਹਿਮਾਨ ਦੇ ਸਵਾਗਤ ਨਾਲ ਕੀਤੀ ਗਈ ਅਤੇ ਨਾਲ ਹੀ ਨਹਿਰੂ ਯੁਵਾ ਕੇਂਦਰ ਦੇ ਪ੍ਰੋਗਰਾਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਮੁੱਖ ਮਹਿਮਾਨ ਦਵਿੰਦਰ ਕੁਮਾਰ ਨੇ ਆਪਣੇ ਭਾਸ਼ਣ ਵਿੱਚ ਦੱਸਿਆ ਕਿ ਹਰ ਸੰਵਿਧਾਨ ਆਪਣੇ ਸੰਸਥਾਪਕਾਂ ਦੇ ਆਦਰਸ਼ਾਂ ਅਤੇ ਕਦਰਾਂ-ਕੀਮਤਾਂ ਦਾ ਸ਼ੀਸ਼ਾ ਹੁੰਦਾ ਹੈ। ਕਾਲਜ ਦੀ ਪ੍ਰੋਫੈਸਰ ਰੋਮਾ ਰਲਹਨ ਨੇ ਦੇਸ਼ ਦੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਅਤੇ ਫਰਜਾਂ ਬਾਰੇ ਦੱਸਿਆ ਅਤੇ ਡਾ: ਨਰੇਸ਼ ਕੁਮਾਰ ਨੇ ਭਾਰਤੀ ਸੰਵਿਧਾਨ ਦੇ ਲੰਬੇ ਇਤਿਹਾਸ 'ਤੇ ਚਾਨਣਾ ਪਾਇਆ। ਬੀ. ਐਡ. ਸੈਸ਼ਨ ਇੱਕ ਦੇ ਵਿਦਿਆਰਥੀਆਂ ਨੇ ਵੀ ਸੰਵਿਧਾਨ ਦੀ ਮਹੱਤਤਾ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਕਾਲਜ ਪ੍ਰਿੰਸੀਪਲ ਡਾ: ਵਿਧੀ ਭੱਲਾ ਅਤੇ ਜ਼ਿਲ੍ਹਾ ਯੂਥ ਅਫਸਰ ਰਾਕੇਸ਼ ਕੁਮਾਰ ਨੇ ਮੁੱਖ ਮਹਿਮਾਨ ਦਵਿੰਦਰ ਕੁਮਾਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਚੌਧਰੀ ਬਲਵੀਰ ਸਿੰਘ ਪਬਲਿਕ ਸਕੂਲ ਦੇ ਪ੍ਰਿੰਸੀਪਲ ਆਸਪੁਰ ਸਿੰਘ ਨੂੰ ਯਾਦਗਾਰੀ ਚਿੰਨ੍ਹ ਵੀ ਭੇਟ ਕੀਤਾ। ਰੈੱਡ ਰਿਬਨ ਕਲੱਬ ਦੇ ਇੰਚਾਰਜ ਡਾ: ਪੂਨਮ ਸੈਣੀ, ਡਾ: ਅਰਚਨਾ ਵਾਸੂਦੇਵ ਅਤੇ ਡਾ: ਚੇਤਨਾ ਸ਼ਰਮਾ ਨੂੰ ਪ੍ਰੋਗਰਾਮ ਦੇ ਸਫਲ ਆਯੋਜਨ ਲਈ ਵਧਾਈ ਦਿੱਤੀ। ਪ੍ਰੋਗਰਾਮ ਦੀ ਸਮਾਪਤੀ ਰਾਸਟਰੀ ਗੀਤ ਨਾਲ ਹੋਈ।

# ਕਾਂਗੜ ਦੀਆਂ 4 ਖਿਡਾਰਨਾਂ ਨੇ ਕੀਤਾ ਰੋਪੜ ਜ਼ਿਲ੍ਹੇ ਦਾ ਨਾਂਅ ਰੌਸ਼ਨ




**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ )**-ਖੇਤਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਾਂਗੜ ਵਿਖੇ ਪ੍ਰਿੰਸੀਪਲ ਗੁਰਚਰਨ ਸਿੰਘ ਬੰਗੜ ਦੀ ਅਗਵਾਈ ਵਿੱਚ ਸਵੇਰ ਦੀ ਸਭਾ ਵਿੱਚ 66ਵੀਆਂ ਪੰਜਾਬ ਰਾਜ ਸਕੂਲ ਖੇਡਾਂ (ਪੰਜਾਬ ਸਟਾਈਲ ਕਬੱਡੀ) ਜੋ ਕਿ ਸ਼੍ਰੀ ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿਖੇ ਹੋਏ ਸਨ ਵਿੱਚ ਤੀਜਾ ਸਥਾਨ ਪ੍ਰਾਪਤ ਕਰਨ ਵਾਲੀਆ ਬਾਰਵੀਂ ਜਮਾਤ ਦੀਆਂ ਹੋਣਹਾਰ ਚਾਰ ਵਿਦਿਆਰਥਣਾਂ ਸੋਨੀ ਦੇਵੀ,ਰੇਨੂੰ ਰਾਣੀ,ਆਰਤੀ ਅਤੇ ਮੋਨਿਕਾ ਨੂੰ ਸਨਮਾਨਿਤ ਕੀਤਾ। ਪ੍ਰਿੰਸੀਪਲ ਗੁਰਚਰਨ ਸਿੰਘ ਬੰਗੜ ਤੇ ਸਮੂਹ ਸਟਾਫ ਮੈਂਬਰਾਂ ਨੇ ਇਹਨਾਂ ਬੱਚੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕੀ ਇਹ ਚਾਰ ਬੱਚੀਆਂ ਬਲਵਿੰਦਰ ਸਿੰਘ ਐੱਸ.ਐੱਲ.ਏ. ਦੀ ਅਗਵਾਈ ਵਿੱਚ ਸਟੇਟ ਕਬੱਡੀ ਲਈ ਰਵਾਨਾ ਹੋਏ ਸਨ। ਇਹਨਾਂ ਬੱਚੀਆਂ ਨੇ ਸਟੇਟ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਜ਼ਿਲ੍ਹੇ , ਸਕੂਲ, ਅਧਿਆਪਕਾਂ, ਮਾਤਾ-ਪਿਤਾ ਤੇ ਪਿੰਡ ਦਾ ਨਾਂਅ ਰੋਸ਼ਨ ਕੀਤਾ। ਇਸ ਮੌਕੇ ਪ੍ਰਿੰਸੀਪਲ ਤੋਂ ਇਲਾਵਾ ਲੈਕ: ਪਾਖਰ ਸਿੰਘ, ਦਿਪੰਕਰ ਕੌਸ਼ਲ,ਕੋਮਲਪ੍ਰੀਤ ਸਿੰਘ, ਦਵਿੰਦਰ ਕਲਰਕ, ਮਨਪ੍ਰੀਤ ਸਿੰਘ, ਬਲਵਿੰਦਰ ਸਿੰਘ, ਮੈਡਮ ਸੁਮਨ ਰਾਣੀ ,ਮੈਡਮ ਮਮਤਾ,ਮੈਡਮ ਸੁਮਨ ਦੇਵੀ,ਰਾਮ ਪਾਲ, ਭੁਵਨੇਸ਼ ਰਾਣਾ,ਮਾਸਟਰ ਦਵਿੰਦਰ ਬਾਲੇਵਾਲ,ਮੈਡਮ ਹੀਮਾਨੀ,ਮੈਡਮ ਕੁਲਵਿੰਦਰ ਕੌਰ, ਮੈਡਮ ਕੋਮਲ ਤੇ ਹੋਰ ਪਤਵੰਤੇ ਹਾਜ਼ਰ ਸਨ।

# ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਫੁੱਟਬਾਲ ਟੂਰਨਾਮੈਂਟ ਦੇ ਦੂਸਰੇ ਦਿਨ ਦੋਆਬਾ ਸਕੂਲ ਦੀ ਟੀਮ ਰਹੀ ਜੇਤੂ

**ਗੜ੍ਹਸ਼ੰਕਰ(ਫੂਲਾ ਸਿੰਘ ਬੀਰਮਪੁਰ)** ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਸਪੋਰਟਸ ਕਲੱਬ ਗੜ੍ਹਸ਼ੰਕਰ ਵਲੋਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਦੂਸਰੇ ਦਿਨ ਵਿੱਚ ਪ੍ਰਵੇਸ਼ ਹੋਇਆ। ਦੱਸਣਯੋਗ ਹੈ ਕਿ ਇਸ ਟੂਰਨਾਮੈਂਟ ਵਿੱਚ ਇਲਾਕੇ ਭਰ ਵਿੱਚੋ ਸਕੂਲ ਪੱਧਰ ਅਤੇ ਪਿੰਡ ਪੱਧਰੀ ਟੀਮਾਂ ਭਾਗ ਲੈ ਰਹੀਆਂ ਹਨ । ਦੂਸਰੇ ਦਿਨ ਦੇ ਟੂਰਨਾਮੈਂਟ ਮੌਕੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੇ ਭਾਣਜਾ ਸਰਦਾਰ ਜਗਮੋਹਣ ਸਿੰਘ ਵਿਸ਼ੇਸ ਤੌਰ 'ਤੇ ਹਾਜ਼ਰ ਹੋਏ । ਪਿੰਡ ਪੱਧਰ ਤੇ ਸਕੂਲ ਪੱਧਰ ਦੇ ਮੈਚ ਕਰਵਾਏ ਗਏ। ਸਕੂਲ ਪੱਧਰ 'ਤੇ ਪਹਿਲਾ ਮੈਚ ਦੋਆਬਾ ਪਬਲਿਕ ਸਕੂਲ ਪਾਰੋਵਾਲ ਅਤੇ ਫਤਿਹਪੁਰ ਸਕੂਲ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਦੋਆਬਾ ਪਬਲਿਕ ਸਕੂਲ ਦੀ ਟੀਮ 0-3 ਨਾਲ ਜੇਤੂ ਰਹੀ। ਦੂਜਾ ਮੈਚ ਦੋਆਬਾ ਪਬਲਿਕ ਸਕੂਲ ਮਾਹਿਲਪੁਰ ਅਤੇ ਧਮਾਈ ਦੀ ਟੀਮ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਦੋਆਬਾ ਸਕੂਲ ਦੀ ਟੀਮ 1-0 ਨਾਲ ਜੇਤੂ ਰਹੀ। ਪਿੰਡ ਪੱਧਰ ਦੀਆਂ ਟੀਮਾਂ ਵਿਚਕਾਰ ਪਹਿਲਾ ਮੈਚ ਚੱਕ ਸਿੰਘਾ ਅਤੇ ਜਗਤਪੁਰ ਦੀ ਟੀਮ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਚੱਕ ਸਿੰਘਾ ਦੀ ਟੀਮ 2-1 ਨਾਲ ਜੇਤੂ ਰਹੀ ਅਤੇ ਦੂਜਾ ਮੈਚ ਡਾਨਸੀਵਾਲ ਅਤੇ ਚਾਹਲਪੁਰ ਦੀ ਟੀਮ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਡਾਨਸੀਵਾਲ ਦੀ ਟੀਮ 0-1 ਨਾਲ ਜੇਤੂ ਰਹੀ। ਅਗਲਾ ਮੈਚ ਪੋਸੀ ਅਤੇ ਪਨਾਮ ਦੀਆਂ ਟੀਮਾਂ ਵਿਚਾਲੇ ਖੇਡਿਆ ਗਿਆ ਜਿਸ ਵਿੱਚ ਪਨਾਮ ਦੀ ਟੀਮ ਜੇਤੂ ਰਹੀ । ਇਸੇ ਤਰ੍ਹਾਂ ਦੂਸਰੇ ਦਿਨ ਦਾ ਅਖੀਰਲਾ ਮੈਚ ਗੜ੍ਹਸ਼ੰਕਰ ਅਤੇ ਬੋੜਾ ਦੀਆ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਗੜ੍ਹਸ਼ੰਕਰ ਦੀ ਟੀਮ 2-1 ਨਾਲ ਜੇਤੂ ਰਹੀ । ਇਸ ਮੌਕੇ ਪ੍ਰਧਾਨ ਜਸਵੀਰ ਸਿੰਘ ਰਾਏ, ਝਲਮਣ ਸਿੰਘ ਬੈਂਸ ਯੂਕੇ ,ਬਲਵੀਰ ਸਿੰਘ ਚੰਗਿਆੜਾ, ਸੁੱਚਾ ਸਿੰਘ ਮਾਨ, ਐਨ ਆਰ ਆਈ ਤੀਰਥ ਸਿੰਘ ਰੱਤੂ, ਡਾ. ਜੰਗ ਬਹਾਦਰ ਸਿੰਘ ਰਾਏ, ਗੁਰਦਿਆਲ ਸਿੰਘ ਭਨੋਟੇ, ਕਾਬਲ ਸਿੰਘ ਮਾਨ, ਡਿੰਪਲ, ਹਰੀ ਕ੍ਰਿਸ਼ਨ ਗੰਗੜ, ਬਲਵਿੰਦਰ ਰਾਣਾ,ਸੁਨੀਲ ਗੋਲਡੀ,ਰਾਜਵਿੰਦਰ ਬੈਸ,ਵਿਜੇ ਭੱਟੀ, ਹਰਪ੍ਰੀਤ ਵਾਲੀਆ, ਆਰ ਕੇ ਰਾਣਾ, ਸਤਨਾਮ ਸਿੰਘ ਪਾਰੋਵਾਲ, ਰਮਨ ਬੰਗਾ,ਸੂਬੇਦਾਰ ਕੇਵਲ ਸਿੰਘ ਭੱਜਲ,ਸੋਹਣ ਸਿੰਘ ਲਾਲੀ, ਕਰਮ ਚੰਦ, ਹਰਪ੍ਰੀਤ ਸਿੰਘ ਬੈਂਸ, ਕਮਲ ਬੈਸ, ਅਮਰਜੀਤ ਸਿੰਘ,ਪਰਮਜੀਤ ਪੰਮਾ ਸਾਬਕਾ ਐਮ ਸੀ ,ਕਮਲਜੀਤ ਸਿੰਘ ਬੈਂਸ, ਸ਼ਲਿੰਦਰ ਰਾਣਾ ਅਤੇ ਹੋਰ ਹਾਜ਼ਰ ਸਨ। ਸਟੇਜ਼ ਸੰਚਾਲਨ ਦੀ ਭੂਮਿਕਾ ਅਮਰੀਕ ਹਮਰਾਜ਼ ਵਲੋਂ ਨਿਭਾਈ ਗਈ।

# ਓਮ ਪ੍ਰਕਾਸ਼ ਮੈਮੋਰੀਅਲ ਕਾਲਜ 'ਚ ਸੰਵਿਧਾਨ ਦਿਵਸ ਮਨਾਇਆ



**ਕਰਤਾਰਪੁਰ (ਹਰਮੇਸ ਦੱਤ)** ਓਮ ਪ੍ਰਕਾਸ਼ ਮੈਮੋਰੀਅਲ ਇੰਸਟੀਚੀਉਟ ਆਫ ਐਜੂਕੇਸ਼ਨ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਪ੍ਰਿੰਸੀਪਲ ਡਾਕਟਰ ਵਿਨੋਦ ਕੁਮਾਰ ਦੀ ਅਗਵਾਈ ਹੇਠ ਸੰਵਿਧਾਨ ਦਿਵਸ ਮਨਾਇਆ ਗਿਆ। ਇਸ ਮੌਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਕਾਲਜ ਦੇ ਪ੍ਰਿੰਸੀਪਲ ਡਾ. ਵਿਨੋਦ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਵਿਧਾਨ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਪ੍ਰੋ ਰਮਨਜੀਤ ਬੈਂਸ, ਪ੍ਰੋ ਗੁਰਪ੍ਰੀਤ ਸਿੰਘ, ਪ੍ਰੋ ਗੁਰਜੀਤ ਰਾਣੀ, ਪ੍ਰਫੈਸਰ ਚਰਨਜੀਤ ਕੌਰ, ਕਾਲਜ ਸੁਪਰਡੈਂਟ ਹਰਮੀਤ ਸਿੰਘ ਅਤੇ ਵਿਦਿਆਰਥੀ ਹਾਜ਼ਰ ਸਨ।

# ਤਾਨੀਆ ਨੂੰ ਸੰਸਦ ਦੇ ਸੈਂਟਰਲ ਹਾਲ ਦੇ ਸਮਾਰੋਹ 'ਚ ਸਨਮਾਨਤ ਕੀਤਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਸਰਕਾਰੀ ਕਾਲਜ ਹੁਸ਼ਿਆਰਪੁਰ ਦੀ ਵਿਦਿਆਰਥਣ ਤਾਨੀਆ ਸਰਕਾਰੀ ਹੁਕਮਾਂ ਦੇ ਅਨੁਸਾਰ ਕਾਲਜ ਵਿੱਚ ਚਲਾਏ ਜਾ ਰਹੇ ਐਨ.ਐਸ.ਐਸ., ਰੈੱਡ ਰਿਬਨ ਕਲੱਬ, ਬੱਡੀ ਪ੍ਰੋਗਰਾਮ ਦੇ ਅਧੀਨ ਲਗਾਤਾਰ ਤੀਸਰੇ ਸਾਲ ਵੀ ਹੋਣ ਵਾਲੇ ਸਮਾਰੋਹਾਂ ਵਿੱਚ ਭਾਗ ਲੈ ਰਹੀ ਹੈ। ਤਾਨੀਆ ਕੋਰੋਨਾ ਸੰਬੰਧੀ, ਨਸ਼ਿਆਂ ਸੰਬੰਧੀ, ਅਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾਉਣ ਸੰਬੰਧੀ, ਫਿੱਟ ਇੰਡੀਆ ਸੰਬੰਧੀ, ਸਵੱਛਤਾ ਸੰਬੰਧੀ, ਗੁਰੂਆਂ ਅਤੇ ਦੇਸ਼ ਭਗਤਾਂ ਸੰਬੰਧੀ ਕਰਵਾਏ ਜਾਣ ਵਾਲੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੀ ਰਹੀ ਹੈ। ਇਸੇ ਕਾਰਨ ਯੁਵਕ ਸੇਵਾਵਾਂ ਅਤੇ ਨਹਿਰੂ ਯੁਵਾ ਕੇਂਦਰ ਸੰਗਠਨ ਵੱਲੋਂ ਕਰਵਾਏ ਮੁਕਾਬਲਿਆਂ ਵਿੱਚ ਜ਼ਿਲ੍ਹੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਦੀ ਰਹੀ ਹੈ। ਇਸੇ ਤਰ੍ਹਾਂ ਰਾਜ ਪੱਧਰ 'ਤੇ ਵੀ ਉਸ ਨੇ ਕਈ ਉਪਲਬਧੀਆਂ ਹਾਸਲ ਕੀਤੀਆਂ ਹਨ। ਇਸੇ ਕਾਰਨ ਕੌਮੀ ਪੱਧਰ 'ਤੇ ਸ੍ਰੀਮਤੀ ਇੰਦਰਾ ਗਾਂਧੀ ਜੀ ਦੇ ਜਨਮ ਦਿਨ ਨੂੰ ਸਮਰਪਣ ਕਰਦੇ ਹੋਏ ਪੰਜਾਬ ਰਾਜ ਵਿੱਚੋਂ ਨਹਿਰੂ ਯੁਵਾ ਕੇਂਦਰ ਸੰਗਠਨ ਵੱਲੋਂ ਭਾਗ ਲੈਣ ਲਈ ਤਾਨੀਆ ਨੂੰ ਦਿੱਲੀ ਵਿਖੇ ਸੰਸਦ ਦੇ ਸੈਂਟਰਲ ਹਾਲ ਵਿੱਚ ਹੋਣ ਵਾਲੇ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਬੁਲਾਇਆ ਗਿਆ। ਇਸ ਸਮਾਰੋਹ ਵਿੱਚ ਲਗਭਗ 25 ਐਨ.ਐਸ.ਐਸ ਵਲੰਟੀਅਰਾਂ ਅਤੇ 25 ਨਹਿਰੂ ਯੁਵਾ ਕੇਂਦਰ ਸੰਗਠਨ ਦੇ ਵਲੰਟੀਅਰਾਂ ਨੂੰ ਸਨਮਾਨਤ ਕੀਤਾ ਗਿਆ। ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਪ੍ਰਿੰਸੀਪਲ ਜੋਗੇਸ਼ ਅਤੇ ਪ੍ਰੋ. ਵਿਜੇ ਕੁਮਾਰ ਨੇ ਤਾਨੀਆ ਨੂੰ ਸੰਸਦ ਵੱਲੋਂ ਸਨਮਾਨ ਪ੍ਰਾਪਤ ਕਰਨ 'ਤੇ ਵਧਾਈ ਦਿੱਤੀ ਅਤੇ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

# ਨਸਬੰਦੀ ਸੰਬੰਧੀ ਪੰਦਰਵਾੜਾ 4 ਤੱਕ ਰਹੇਗਾ ਜਾਰੀ

**ਨੂਰਮਹਿਲ (ਬਾਲ ਕਿਸਨ ਬਾਲੀ)** -ਸਿਵਲ ਸਰਜਨ ਡਾ. ਰਮਨ ਸਰਮਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਐਮ ਉ ਡਾਕਟਰ ਕਮਲਜੀਤ ਕੌਰ ਦੀ ਦੀ ਦੇਖ ਰੇਖ ਹੇਠ ਸਬ ਸੈਂਟਰ ਕਦੌਲਾਂ ਕਲਾਂ, ਬਿਲਗਾ, ਚੂਹੇਕੀ, ਤਲਵਣ, ਪਰਤਾਬਪੁਰਾ ਵਿਖੇ ਫੀਲਡ ਸਟਾਫ ਵੱਲੋਂ ਨਸਬੰਦੀ ਸੰਬੰਧੀ ਪੰਦਰਵਾੜਾ ਮਨਾਇਆ ਜਾ ਰਿਹਾ ਹੈ ਜਿਸ ਦਾ ਮੁੱਖ ਉਦੇਸ਼ ਨਸਬੰਦੀ ਸਮਾਜ ਨੂੰ ਜਾਗਰੂਕ ਕਰਨਾ ਹੈ। ਖਾਸ ਕਰ ਕੇ ਯੋਗ ਜੋੜਿਆ ਵਿੱਚ ਚੇਤਨਾ ਲਿਆਉਣ ਅਤੇ ਪੁਰਸ਼ ਨਸਬੰਦੀ ਨੂੰ ਸਵੀਕਾਰ ਕਰਨ ਲਈ ਪ੍ਰੇਰਿਤ ਕਰਨਾ ਹੈ। ਨਸਬੰਦੀ ਦਾ ਉਪਰੇਸ਼ਨ ਮਾਮੂਲੀ ਚੀਰਾ ਰਹਿਤ ਅਪਰੇਸ਼ਨ ਹੈ ਅਤੇ ਕੋਈ ਟਾਂਕਾ ਨਹੀਂ ਲਗਾਇਆ ਜਾਂਦਾ। ਅਪਰੇਸ਼ਨ ਕਰਨ ਉਪਰੰਤ ਵਿਅਕਤੀ ਆਪਣੇ ਰੋਜਾਨਾ ਦੇ ਕੰਮ ਪਹਿਲਾਂ ਦੀ ਤਰ੍ਹਾਂ ਕਰ ਸਕਦਾ ਇਸ ਲਈ ਫੀਲਡ ਐਲ ਐਚ ਵੀ ਅਤੇ ਐਸ ਆਈਜ ਅਤੇ ਐਨ ਐਨ ਐਮ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ ਤਾਂ ਜੋ ਵੱਧ ਰਹੀ ਅਬਾਦੀ ਨੂੰ ਠੱਲ੍ਹ ਪਾਇਆ ਜਾ ਸਕੇ। ਛੋਟਾ ਪਰਿਵਾਰ ਸੁੱਖੀ ਪਰਿਵਾਰ ਦੀ ਧਾਰਨਾ ਸਾਕਾਰ ਕਰਨ ਲਈ ਪੁਰਸ਼ਾਂ ਨੂੰ ਅੱਗੇ ਵੱਧ ਕੇ ਜਿੰਮੇਵਾਰੀ ਉਠਾਉਣੀ ਚਾਹੀਦੀ ਹੈ। ਇਸ ਮੌਕੇ ਬੀ ਈ ਕੇਤਨ ਪ੍ਰਕਾਸ਼ ਨੇ ਦੱਸਿਆ ਕਿ ਨਸਬੰਦੀ ਕਰਵਾਉਣ ਵਾਲੇ ਵਿਅਕਤੀ ਨੂੰ 1100 ਵਿੱਤੀ ਸਹਾਇਤਾ ਅਤੇ ਅਪਰੇਸ਼ਨ ਲਈ ਪ੍ਰੇਰਿਤ ਕਰਨ ਵਾਲੇ ਵਿਅਕਤੀ ਨੂੰ 200 ਰੁ: ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਮੌਕੇ 'ਤੇ ਚੰਦਾ ਐਲ ਐਚ ਵੀ, ਸੁਰਿੰਦਰ ਪਾਲ ਐਸ ਆਈ, ਕੁਲਵਿੰਦਰ ਕੌਰ ਏ ਐਨ ਐਮ ਆਦਿ ਹਾਜ਼ਰ ਸਨ।

# ਡੀ ਏ ਵੀ ਹਾਈ ਸਕੂਲ ਵਿਖੇ ਲਗਾਇਆ ਸੈਮੀਨਾਰ



**ਕਰਤਾਰਪੁਰ (ਹਰਮੇਸ ਦੱਤ)**- ਸਬ ਡਵੀਜਨ ਸਾਂਝ ਕੇਂਦਰ ਕਰਤਾਰਪੁਰ ਵੱਲੋਂ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਐਸ ਆਈ ਪੂਰਨ ਸਿੰਘ ਦੀ ਸੁਪਰਵਿਜ਼ਨ ਹੇਠ ਡੀ.ਏ.ਵੀ ਹਾਈ ਸਕੂਲ ਕਰਤਾਰਪੁਰ ਜ਼ਿਲ੍ਹਾ ਜਲੰਧਰ ਵਿਖੇ ਪ੍ਰਾਇਮਰੀ ਸਕੂਲ ਦੇ ਦੂਸਰੀ ਕਲਾਸ ਤੋਂ ਲੈ ਕੇ ਚੌਥੀ ਕਲਾਸ ਤੱਕ ਦੇ ਲੋੜਵੰਦ 28 ਬੱਚਿਆਂ ਨੂੰ ਸਕੂਲ ਦੀ ਵਰਦੀ ਵਾਲੀਆਂ ਗਰਮ ਕੋਟੀਆਂ ਵੰਡੀਆਂ ਗਈਆਂ । ਇਸ ਮੌਕੇ ਐਸ ਆਈ ਪੂਰਨ ਸਿੰਘ ਵੱਲੋਂ ਸਾਂਝ ਕੇਂਦਰਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ,ਔਨਲਾਈਨ ਸਾਈਬਰ ਠੱਗੀ ਸੰਬੰਧੀ ਹੈਲਪ ਲਾਈਨ 1930 ,ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲਿਸ ਹੈਲਪ ਲਾਈਨ ਨੰਬਰ 181, 112 ਅਤੇ 1091 ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ।

ਸੈਮੀਨਾਰ ਵਿੱਚ ਡਾ. ਸੁਰਜੀਤ ਲਾਲ ਲੈਕਚਰਾਰ , ਸਕੂਲ ਦੇ ਪ੍ਰਿੰਸੀਪਲ ਮੁਕੇਸ਼ ਕੁਮਾਰ, ਮਾਸਟਰ ਅਮਨਦੀਪ ਸਪਰਾ , ਮਾਸਟਰ ਰਜੇਸ਼ ਸ਼ੁਕਲਾ ਏ ਐਸ ਆਈ ਜਗਤਾਰ ਸਿੰਘ ਸਾਂਝ ਕੇਂਦਰ ਕਰਤਾਰਪੁਰ ,ਮੁੱਖ ਸਿਪਾਹੀ ਬਲਵਿੰਦਰ ਸਿੰਘ,ਸੀਨੀਅਰ ਸਿਪਾਹੀ ਗੁਰਪ੍ਰੀਤ ਸਿੰਘ ਅਤੇ ਸਕੂਲ ਦਾ ਸਟਾਫ ਹਾਜ਼ਰ ਸੀ ।

# ਗੁਰਦੁਆਰਾ ਸ਼ਹੀਦੀ ਬੁਰਜ ਭਾਈ ਜੈਤਾ ਜੀ ਵਿਖੇ ਸ਼ਹੀਦੀ ਸਮਾਗਮ ਅੱਜ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ ਸਥਾਨਕ ਗੁਰਦੁਆਰਾ ਸ਼ਹੀਦੀ ਬੁਰਜ ਭਾਈ ਜੈਤਾ ਜੀ ਬਾਬਾ ਜੀਵਨ ਸਿੰਘ ਜੀ ਵਿਖੇ 28 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕ ਬਾਬਾ ਧਰਮ ਸਿੰਘ ਨੇ ਦੱਸਿਆ ਕਿ ਇਸ ਸਬੰਧੀ 28 ਨਵੰਬਰ ਨੂੰ ਤਿੰਨ ਦਿਨਾਂ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਰਾਗੀ ਢਾਡੀ ਅਤੇ ਕਥਾ ਵਾਚਕ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਨਗੇ। ਇਸੇ ਦਿਨ ਦੁੱਗਰੀ ਦੇ ਗੁਰੁਦੁਆਰਾ ਸ੍ਰੀ ਬੋਹੜ ਸਾਹਿਬ ਪਾਤਸ਼ਾਹੀ ਨੌਵੀਂ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਗੁਰੂ ਗੋਬਿੰਦ ਸਿੰਘ ਮਾਰਗ ਰਾਹੀਂ ਸ੍ਰੀ ਚਮਕੌਰ ਸਾਹਿਬ ਪੁੱਜੇਗਾ ਜੋ ਸ੍ਰੀ ਚਮਕੌਰ ਸਾਹਿਬ ਦੇ ਗੁਰੂਧਾਮਾਂ ਦੀ ਪ੍ਰਕਰਮਾ ਕਰਦਾ ਹੋਇਆ ਉਪਰੋਕਤ ਗੁਰਦੁਆਰਾ ਸਾਹਿਬ ਵਿਖੇ ਸੰਪੂਰਨ ਹੋਵੇਗਾ।

# 'ਗਰੀਬ ਕਿਸਾਨ ਪਰਵਾਰਾਂ ਨਾਲ ਹਮਦਰਦੀ ਭਰਿਆ ਵਤੀਰਾ ਅਪਣਾਇਆ ਜਾਵੇ'



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**:- ਆਪ ਦੇ ਸੀਨੀਅਰ ਆਗੂ ਸੋਹਣ ਸਿੰਘ ਮਾਨ ਦੀ ਅਗਵਾਈ ਵਿੱਚ ਇਲਾਕੇ ਦੇ ਵਸਨੀਕਾਂ ਦਾ ਵਫਦ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਓ ਐਸ ਡੀ ਰਾਜਵੀਰ ਸਿੰਘ ਤੇ ਨਵਰਾਜ ਸਿੰਘ ਬਰਾੜ (ਪੀ ਪੀ ਐਸ) ਨੂੰ ਮਿਲਿਆ। ਸੋਹਣ ਸਿੰਘ ਮਾਨ (ਰਿਟਾ. ਤਹਿਸੀਲਦਾਰ) ਨੇ ਦੱਸਿਆ ਕਿ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਦੋਵੇਂ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਕਿ ਮੁਸਤਰਕਾ ਜਮੀਨਾਂ ਦੇ ਮਾਲਕੀ ਹੱਕ ਪੰਚਾਇਤਾਂ ਦੇ ਨਾਂਅ ਕਰਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਵਾਈ ਤੋਂ ਇਲਾਕੇ ਦੇ ਕਿਸਾਨਾਂ ਵਿੱਚ ਡਾਹਢੀ ਫਿਕਰਮੰਦੀ ਪਾਈ ਜਾ ਰਹੀ ਹੈ, ਕਿਉਂਕਿ ਇਹ ਜਮੀਨਾਂ ਬੜੀ ਮਿਹਨਤ ਮੁਸ਼ੱਕਤ ਨਾਲ ਵਾਹੀਯੋਗ ਬਣਾਈਆਂ ਤੇ ਪੀੜ੍ਹੀ ਦਰ ਪੀੜ੍ਹੀ ਕੰਢੀ ਖੇਤਰ ਦੇ ਗਰੀਬ ਤੇ ਥੋੜੀਆਂ ਜਮੀਨਾਂ ਦੇ ਮਾਲਕ ਕਿਸਾਨ ਖੇਤੀ ਕਰਕੇ ਪਰਿਵਾਰ ਪਾਲ ਰਹੇ ਨੇ।

ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਕਿਸੇ ਵੀ ਕਿਸਮ ਦੀ ਜਲਦਬਾਜੀ ਤੇ ਧੱਕੇਸ਼ਾਹੀ ਦੀ ਨੀਤੀ ਦੀ ਬਜਾਏ ਵਫਦ ਨੇ ਅਪੀਲ ਕੀਤੀ ਕਿ ਇਸ ਮਾਮਲੇ ਵਿੱਚ ਗਰੀਬ ਕਿਸਾਨ ਪਰਿਵਾਰਾਂ ਨਾਲ ਹਮਦਰਦੀ ਭਰਿਆ ਵਤੀਰਾ ਅਪਣਾਇਆ ਜਾਵੇ। ਦੋਵੇਂ ਅਧਿਕਾਰੀਆਂ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਕਿਸੇ ਵੀ ਕਿਸਮ ਦਾ ਧੱਕਾ ਇਸ ਮਾਮਲੇ ਵਿੱਚ ਨਹੀਂ ਹੋਵੇਗਾ।

ਜਲਦ ਹੀ ਉਨ੍ਹਾਂ ਵਫਦ ਦੀ ਮੁਲਾਕਾਤ ਮੁਖ ਮੰਤਰੀ ਭਗਵੰਤ ਮਾਨ ਨਾਲ ਕਰਵਾਉਣ ਦਾ ਭਰੋਸਾ ਦਿਵਾਇਆ। ਵਫਦ ਵਿੱਚ ਕੇਸਰ ਸਿੰਘ ਕੁਬਾਹੇੜੀ, ਭਾਗ ਸਿੰਘ, ਰਾਮ ਸਿੰਘ ਅਭੀਪੁਰ, ਦਰਬਾਰਾ ਸਿੰਘ, ਰਣਜੀਤ ਸਿੰਘ ਕਾਕਾ, ਤਰਲੋਚਨ ਸਿੰਘ ਤੋਚੀ, ਦਰਸ਼ਨ ਸਿੰਘ ਮਾਣਕਪੁਰ ਤੇ ਹੋਰ ਪਤਵੰਤੇ ਹਾਜ਼ਰ ਸਨ।

# ਨੌਵੇਂ ਪਾਤਸ਼ਾਹ ਜੀ ਦਾ ਸ਼ਹੀਦੀ ਪੁਰਬ ਮਨਾਇਆ



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**- ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ, ਰਤਵਾੜਾ ਸਾਹਿਬ ਵਿਖੇ ਹਿੰਦ ਦੀ ਚਾਦਰ ਨੌਵੀਂ ਪਾਤਸ਼ਾਹੀ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਬਹੁਤ ਹੀ ਸ਼ਰਧਾ ਤੇ ਪ੍ਰੇਮ ਨਾਲ ਮਨਾਇਆ ਗਿਆ। ਸਕੂਲ ਦੇ ਵਿਦਿਆਰਥੀਆਂ ਵੱਲੋਂ 'ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ' ਸ਼ਬਦ ਦਾ ਰਸ ਭਿੰਨਾ ਕੀਰਤਨ ਕੀਤਾ ਗਿਆ। ਅਧਿਆਪਕਾ ਜਗਰੂਪ ਕੌਰ ਨੇ ਗੁਰੂ ਸਾਹਿਬ ਜੀ ਦੇ ਵਿਲੱਖਣ ਜੀਵਨ ਅਤੇ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਬਾਰੇ ਜਾਣੂ ਕਰਵਾਇਆ। ਉਪਰੰਤ ਵਿਦਿਆਰਥੀਆਂ ਨੇ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ, ਅਰਦਾਸ ਅਤੇ ਨਾਮ ਸਿਮਰਨ ਕੀਤਾ। ਸਕੂਲ ਦੇ ਡਾਇਰੈਕਟਰ ਇੰਜ. ਜਸਵੰਤ ਸਿੰਘ ਨੇ ਵਿਦਿਆਰਥੀਆਂ ਨੂੰ ਗੁਰੂ ਜੀ ਦੇ ਸਮੁੱਚੇ ਜੀਵਨ ਤੋਂ ਸੇਧ ਲੈ ਕੇ ਉਨ੍ਹਾਂ ਦੇ ਦੱਸੇ ਰਸਤੇ 'ਤੇ ਚੱਲਣ ਲਈ ਪ੍ਰੇਰਿਆ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ, ਵਾਇਸ ਪ੍ਰਿੰਸੀਪਲ, ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ। ਟਰੱਸਟ ਦੇ ਮੁੱਖੀ ਸੰਤ ਬਾਬਾ ਲਖਬੀਰ ਸਿੰਘ ਜੀ ਨੇ ਆਪਣੇ ਸੰਦੇਸ਼ ਰਾਹੀਂ ਸਭ ਨੂੰ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।

# ਕਲਮਛੋੜ ਹੜਤਾਲ ਤੀਸਰੇ ਦਿਨ 'ਚ ਦਾਖਲ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਪੰਚਾਇਤ ਸਕੱਤਰ ਯੂਨੀਅਨ ਬਲਾਕ ਟਾਂਡਾ ਦੇ ਮੈਂਬਰਾਂ ਵੱਲੋਂ ਸੂਬਾਈ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ ਦੇ ਵੀ. ਡੀ. ਪੀ .ਓ ਦਫਤਰ ਟਾਂਡਾ ਵਿਖੇ ਆਪਣੀਆਂ ਮੰਗਾਂ ਦੇ ਹੱਕ ਵਿਚ ਕੀਤੀ ਜਾ ਰਹੀ ਕਲਮ ਛੋੜ ਹੜਤਾਲ ਤੀਸਰੇ ਦਿਨ ਵਿੱਚ ਦਾਖਲ ਹੋ ਗਈ। ਜ਼ਿਲ੍ਹਾ ਪ੍ਰਧਾਨ ਦਲਜੀਤ ਸਿੰਘ ਦੀ ਅਗਵਾਈ ਵਿਚ ਤੀਸਰੇ ਦਿਨ ਵੀ ਹੜਤਾਲ ਦੌਰਾਨ ਪੰਚਾਇਤ ਸਕੱਤਰਾਂ ਨੇ ਸੂਬਾ ਸਰਕਾਰ ਦੀਆਂ ਮੁਲਾਜਮ ਵਿਰੋਧੀ ਨੀਤੀਆਂ ਖਿਲਾਫ ਆਵਾਜ ਬੁਲੰਦ ਕਰਦੇ ਹੋਏ ਸੂਬਾ ਸਰਕਾਰ ਖਿਲਾਫ ਰੋਹ ਭਰਪੂਰ ਰੈਲੀ ਕੀਤੀ। ਇਸ ਮੌਕੇ ਇਸ ਮੌਕੇ ਮਨਜੀਤ ਸਿੰਘ, ਅਵਤਾਰ ਸਿੰਘ, ਹਰਪਾਲ ਸਿੰਘ ,ਹਰਸ ਕੁਮਾਰ, ਦਵਿੰਦਰ ਸਿੰਘ ,ਪਰਮਜੀਤ ਸਿੰਘ, ਅਰਜਨ ਸਿੰਘ, ਸੁਖਵਿੰਦਰ ਸਿੰਘ, ਪ੍ਰਭਦੀਪ ਸਿੰਘ ਨੇ ਸੂਬਾ ਸਰਕਾਰ ਆਪਣੀ ਭੜਾਸ ਕੱਢਦੇ ਹੋਏ ਮੰਗ ਕੀਤੀ ਕਿ ਹੈ ਸੰਮਤੀ ਮੁਲਾਜਮਾਂ ਦੀਆਂ ਤਨਖਾਹਾਂ ਸਰਕਾਰੀ ਖਜਾਨੇ ਵਿਚੋਂ ਦਿੱਤੀਆਂ ਜਾਣ, ਪੰਚਾਇਤ ਸਕੱਤਰਾਂ ਨੂੰ ਇੱਕ ਤੋਂ ਵੱਧ ਦਿੱਤੇ ਗਏ ਸਰਕਲ ਦਾ ਚਾਰਜ ਵਾਪਸ ਲਿਆ ਜਾਵੇ, ਖਾਲੀ ਪਈਆਂ ਅਸਾਮੀਆਂ ਭਰੀਆਂ ਜਾਣ। ਮੁਲਾਜਮਾਂ ਨੇ ਚੇਤਾਵਨੀ ਦਿੱਤੀ ਕਿ ਜਦੋਂ ਤਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਕਿ ਇਹ ਹੜਤਾਲ ਜਾਰੀ ਰਹੇਗੀ।

# ਵਿਧਾਨ ਸਭਾ ਸਪੀਕਰ ਵੱਲੋਂ ਐੱਸ ਵੀ ਐੱਸ ਕੰਸਲਟਿੰਗ ਗਰੁੱਪ ਸੈਂਟਰ ਦਾ ਉਦਘਾਟਨ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**— ਕਾਲ-ਸੀ ਟ੍ਰੇਨਿੰਗ ਡਵੀਜਨ ਆਫ ਪੰਜਾਬ ਇਨਫੋਟੈਕ ਦੀ ਬ੍ਰਾਂਚ ਵਜੋਂ ਐਸ ਵੀ ਐਸ ਕੰਸਲਟਿੰਗ ਗਰੁੱਪ ਸੈਂਟਰ ਦਾ ਰਸਮੀ ਉਦਘਾਟਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵਲੋਂ ਕੀਤਾ ਗਿਆ। ਸੰਧਵਾਂ ਨੇ ਕਿਹਾ ਕਿ ਸਾਡੇ ਸਿੱਖਿਆ ਖੇਤਰ ਵਿਚ ਕੁਝ ਕਮੀਆ ਨੇ ਜੋ ਬੱਚਿਆਂ ਨੂੰ ਸਿਰਫ ਨੌਕਰੀ ਕਰਨ ਲਈ ਪ੍ਰੇਰਿਤ ਕਰਦਾ ਹੈ ਜਿਸ ਕਰਕੇ ਬੱਚਿਆਂ ਦਾ ਰੁਝਾਨ ਬਾਹਰਲੇ ਦੇਸਾਂ ਵੱਲ ਵਧਿਆ ਹੈ ਪਰੰਤੂ ਅਜਿਹੇ ਸੈਂਟਰਾਂ ਬੱਚਿਆ ਨੂੰ ਟੈਕਨੀਕਲ ਮਜਬੂਤ ਕਰ ਅੱਜ ਦੇ ਮੁਕਾਬਲੇ ਵਾਲੇ ਯੁੱਗ ਦੇ ਹਾਣੀ ਬਣਾਉਣ ਲਈ ਕੰਮ ਕਰਦੇ ਹਨ ਅਤੇ ਇਸ ਕੰਮ ਲਈ ਉਨ੍ਹਾਂ ਐਸ ਵੀ ਐਸ ਕੰਸਲਟਿੰਗ ਗਰੁੱਪ ਸੈਂਟਰ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਯੋਗਤਾ ਹੋਣਾ ਮਹੱਤਵਪੂਰਨ ਹੈ ਕਿਸੇ ਵੀ ਖੇਤਰ ਵਿੱਚ ਨੌਜਵਾਨਾਂ ਨੂੰ ਸਫਲਤਾ ਉਦੋਂ ਹੀ ਪ੍ਰਾਪਤ ਹੁੰਦੀ ਜਦੋਂ ਉਹ ਉਸ ਖੇਤਰ ਵਿੱਚ ਨਿਪੁੰਨਤਾ ਹਾਸਲ ਕਰਦੇ ਹਨ। ਇਸ ਤੋਂ ਪਹਿਲਾਂ ਐਸ ਵੀ ਐਸ ਕੰਸਲਟਿੰਗ ਗਰੁੱਪ ਸੈਂਟਰ ਦੇ ਮੁਖੀ ਨੇ ਦੱਸਿਆ ਸੈਂਟਰ ਵੱਲੋ ਕਰਵਾਏ ਜਾਣ ਵਾਲੇ ਕੋਰਸਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਦੱਸਿਆ ਕਿ ਇਹ ਕਾਲ-ਸੀ ਟ੍ਰੇਨਿੰਗ ਡਵੀਜਨ ਆਫ ਪੰਜਾਬ ਇਨਫੋਟੈਕ ਦੀ 73ਵੀ ਬ੍ਰਾਂਚ ਵਜੋਂ ਐਸ ਵੀ ਐਸ ਕੰਸਲਟਿੰਗ ਗਰੁੱਪ ਸੈਂਟਰ ਦੇ ਨਾਮ ਨਾਲ ਖੋਲ੍ਹਿਆ ਗਿਆ ਹੈ। ਇਥੇ ਨੌਜਵਾਨਾਂ ਵੱਖ ਵੱਖ ਟੈਕਨੀਕਲ ਕੋਰਸਾਂ ਕਰਵਾਏ ਜਾਣਗੇ।

ਉਨ੍ਹਾਂ ਦੱਸਿਆ ਕਾਲ-ਸੀ ਟ੍ਰੇਨਿੰਗ ਡਵੀਜਨ ਆਫ ਪੰਜਾਬ ਇਨਫੋਟੈਕ ਵਲੋਂ ਪੰਜਾਬ ਸਰਕਾਰ ਦੇ ਵੀ ਕਈ ਵਿਭਾਗਾਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਦੇ ਕੋਰਸ ਵੀ ਕਰਵਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵਲੋ ਬਾਹਰਲੇ ਦੇਸਾਂ ਵਿੱਚ ਜਾਣ ਵਾਲੇ ਇੱਛੁਕ ਨੌਜਵਾਨਾਂ ਲਈ ਵੀ ਕੋਰਸ ਕਰਵਾਏ ਜਾਂਦੇ ਹਨ ਅਤੇ ਆਰਥਿਕ ਤੌਰ ਤੇ ਕਮਜੋਰ ਵਰਗ ਦੀਆ ਕਈ ਸ੍ਰੇਣੀਆਂ ਨੂੰ ਵੀ ਮੁਫਤ ਕੋਰਸ ਵੀ ਕਰਵਾਏ ਜਾਂਦੇ ਹਨ।

# ਲੋੜਵੰਦ ਵਿਧਵਾ ਨੂੰ ਦਿੱਤੀ ਸਿਲਾਈ ਮਸ਼ੀਨ



**ਕਰਤਾਰਪੁਰ-(ਹਰਮੇਸ਼ ਦੱਤ )**-ਸਮਾਜ ਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਅੱਜ ਲੋੜਵੰਦ ਵਿਧਵਾ ਔਰਤ ਨੂੰ ਸਿਲਾਈ ਕਰਕੇ ਘਰ ਦਾ ਗੁਜਾਰਾ ਕਰਨ ਲਈ ਸਿਲਾਈ ਮਸ਼ੀਨ ਅਤੇ ਪੈਰ ਦਿੱਤੇ ਗਏ। ਇਸ ਮੌਕੇ ਮਾਸਟਰ ਅਮਰੀਕ ਸਿੰਘ, ਪਰਮਹੰਸ ਮਹਿਤਾ, ਪਾਰਸ ਮਹਿਤਾ, ਪਰਮਜੀਤ ਕੌਰ ਮਹਿਤਾ, ਰੋਮਿਲਾ ਅਤੇ ਹੋਰ ਹਾਜਰ ਸਨ।

# ਦਵਿੰਦਰ ਸਿੰਘ ਜਟਾਣਾ ਨੂੰ ਸਦਮਾ, ਛੋਟੇ ਭਰਾ ਦੀ ਮੌਤ



**ਰੋਪੜ ( ਬਿੰਦਰਾ)** ਸਟੇਟ ਬੈਂਕ ਆਫ ਪਟਿਆਲਾ ਦੇ ਸਾਬਕਾ ਡਾਇਰੈਕਟਰ, ਪੈਨਸ਼ਨਰਜ ਐਸੋਸੀਏਸ਼ਨ ਆਫ ਬੈਂਕਾਂ ਦੇ ਆਗੂ ਅਤੇ ਕਈ ਟ੍ਰੇਡ ਯੂਨੀਅਨਾਂ ਨਾਲ, ਸਮਾਜੀ ਸੋਸ਼ਲ ਸੰਸਥਾਵਾਂ ਨਾਲ ਜੁੜੇ ਟਰੇਡ ਯੂਨੀਅਨ ਆਗੂ ਦਵਿੰਦਰ ਸਿੰਘ ਜਟਾਣਾਂ ਦੇ ਛੋਟੇ ਭਰਾ ਜਤਿੰਦਰ ਸਿੰਘ ਜਟਾਣਾਂ ਦਾ ਕੈਨੇਡਾ ਵਿੱਚ ਦੇਹਾਂਤ ਹੋ ਗਿਆ। ਜਤਿੰਦਰ ਸਿੰਘ ਜ਼ਿਲ੍ਹਾ ਅਟਾਰਨੀ ਦਫਤਰ ਰੋਪੜ ਤੋਂ ਰਿਟਾਇਰ ਹੋਣ ਉਪਰੰਤ ਕੈਨੇਡਾ ਚਲੇ ਗਏ ਸਨ ਅਤੇ ਮਿਸੀਸਾਗਾ ਸ਼ਹਿਰ ਵਿੱਚ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ। ਜਤਿੰਦਰ ਸਿੰਘ ਦੇ ਅਕਾਲ ਚਲਾਣੇ 'ਤੇ ਵੱਖ ਵੱਖ ਰਾਜਸੀ, ਸਮਾਜਿਕ ਅਤੇ ਟਰੇਡ ਯੂਨੀਅਨ ਆਗੂਆਂ ਨੇ ਜਟਾਣਾਂ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

# ਦੋ ਦਿਨਾ ਕੈਂਪ 'ਚ 747 ਇੰਤਕਾਲ ਕੇਸਾਂ ਦਾ ਨਿਪਟਾਰਾ

**ਜਲੰਧਰ (ਸੈਲੀ ਐਲਬਰਟ)**- ਲੋਕਾਂ ਦੇ ਜਾਇਦਾਦਾਂ ਦੇ ਇੰਤਕਾਲ ਅਤੇ ਖਾਨਗੀ ਤਕਸੀਮ ਦੇ ਕੇਸਾਂ ਦੇ ਫੈਸਲੇ ਲਈ ਵੀਰਵਾਰ ਤੇ ਸ਼ੁੱਕਰਵਾਰ ਨੂੰ ਲਗਾਏ ਗਏ ਦੋ ਦਿਨਾਂ ਵਿਸ਼ੇਸ਼ ਕੈਂਪਾਂ ਵਿੱਚ 747 ਇੰਤਕਾਲ ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕਰਨ ਦੇ ਨਾਲ-ਨਾਸ ਖਾਨਗੀ ਤਕਸੀਮ ਦੇ 15 ਕੇਸ ਨਬੇੜੇ ਗਏ। । ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪਾਂ ਦੌਰਾਨ ਸਰਕਲ ਰੈਵੇਨਿਊ ਅਫ਼ਸਰ (ਸੀ.ਆਰ.ਓ.) ਨਕੋਦਰ ਵੱਲੋਂ 72 ਇੰਤਕਾਲ ਕੇਸ ਨਬੇੜੇ ਗਏ ਜਦਕਿ ਸੀ.ਆਰ.ਓ. ਫਿਲੌਰ ਵੱਲੋਂ ਇੰਤਕਾਲਾਂ ਦੇ 94 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ। । ਇਸੇ ਤਰ੍ਹਾਂ ਸੀ.ਆਰ.ਓ. ਕਰਤਾਰਪੁਰ ਵੱਲੋਂ 36, ਸੀ.ਆਰ.ਓ ਜਲੰਧਰ-1 ਵੱਲੋਂ 148, ਸੀ.ਆਰ.ਓ ਜਲੰਧਰ-2 ਵੱਲੋਂ 189, ਸੀ.ਆਰ.ਓ. ਲੋਹੀਆਂ ਵੱਲੋਂ 20, ਸੀ.ਆਰ.ਓ.ਆਦਮਪੁਰ ਵੱਲੋਂ 36, ਸੀ.ਆਰ.ਓ. ਗੋਰਾਇਆ ਵੱਲੋਂ 55, ਸੀ.ਆਰ.ਓ. ਸ਼ਾਹਕੋਟ ਵੱਲੋਂ 29, ਸੀ.ਆਰ.ਓ. ਭੋਗਪੁਰ ਵੱਲੋਂ 27, ਸੀ.ਆਰ.ਓ. ਨੂਰਮਹਿਲ ਵੱਲੋਂ 32 ਅਤੇ ਸੀ.ਆਰ.ਓ. ਮਹਿਤਪੁਰ ਵੱਲੋਂ ਇੰਤਕਾਲ ਦੇ 9 ਕੇਸਾਂ ਦਾ ਨਿਪਟਾਰਾ ਕੀਤਾ ਗਿਆ। । ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਨਿਰਵਿਘਨ ਅਤੇ ਸਮਾਂਬੱਧ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਨਾਗਰਿਕਾਂ ਨੂੰ ਆਪਣੀਆਂ ਜਾਇਦਾਦਾਂ ਦੇ ਇੰਤਕਾਲ ਦਰਜ ਕਰਵਾਉਣ ਸਮੇਤ ਹੋਰ ਸਰਕਾਰੀ ਸੇਵਾਵਾਂ ਸੁਚੱਜੇ ਢੰਗ ਨਾਲ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਖਾਨਗੀ ਤਕਸੀਮ ਦੇ 15 ਕੇਸਾਂ ਦਾ ਨਿਪਟਾਰਾ ਵੀ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਸੀ.ਆਰ.ਓ. ਨਕੋਦਰ ਵੱਲੋਂ 5, ਸੀ.ਆਰ.ਓ ਫਿਲੌਰ ਵੱਲੋਂ 8 ਅਤੇ ਸੀ.ਆਰ.ਓ ਭੋਗਪੁਰ ਵੱਲੋਂ ਖਾਨਗੀ ਤਕਸੀਮ ਦੇ 2 ਕੇਸ ਸ਼ਾਮਲ ਹਨ। ਇਸ ਤੋਂ ਇਲਾਵਾ ਐਸ.ਡੀ.ਐਮ. ਨਕੋਦਰ ਵੱਲੋਂ ਇੰਤਕਾਲਾਂ ਦੇ ਦੋ ਝਗੜੇ ਵਾਲੇ/ਅਪੀਲ ਕੇਸਾਂ ਦਾ ਵੀ ਨਿਪਟਾਰਾ ਕੀਤਾ ਗਿਆ। ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਐਨ.ਡੀ.ਜੀ.ਆਰ.ਐਸ. ਪ੍ਰਣਾਲੀ ਦੇ ਏਕੀਕਰਣ ਤੋਂ ਬਾਅਦ ਹੁਣ ਜਾਇਦਾਦ ਦੀ ਰਜਿਸਟਰੀ ਹੋਣ ਉਪਰੰਤ 45 ਦਿਨਾਂ ਦੇ ਅੰਦਰ ਇੰਤਕਾਲ ਦੀ ਰਜਿਸਟ੍ਰੇਸ਼ਨ ਲਾਜ਼ਮੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਧਾਰਿਤ ਸਮੇਂ ਦੇ ਅੰਦਰ ਇੰਤਕਾਲ ਦੀ ਰਜਿਸਟ੍ਰੇਸ਼ਨ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੰਦਿਆਂ ਕਿਹਾ ਕਿ ਤੈਅ ਸਮਾਂ ਸੀਮਾ ਤੋਂ ਬਾਅਦ ਇੰਤਕਾਲ ਦਾ ਕੋਈ ਵੀ ਕੇਸ ਲੰਬਿਤ ਨਹੀਂ ਰਹਿਣਾ ਚਾਹੀਦਾ।ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਕਿਸੇ ਕਿਸਮ ਦੀ ਢਿੱਲਮੱਠ ਜਾਂ ਬੇਲੋੜੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਕੁਇਜ਼ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੇਲਾ ਵਿਖੇ ਪ੍ਰਿੰਸੀਪਲ ਸਤਵਿੰਦਰ ਕੌਰ ਅਤੇ ਡੀ.ਐੱਮ ਸਾਇੰਸ ਸਤਨਾਮ ਸਿੰਘ ਦੀ ਪ੍ਰਧਾਨਗੀ ਹੇਠ ਬਲਾਕ ਸ੍ਰੀ ਚਮਕੌਰ ਸਾਹਿਬ ਦੇ ਵਿਗਿਆਨ ਪ੍ਰਦਰਸ਼ਨੀ ਤੇ ਕੁਇਜ਼ ਮੁਕਾਬਲੇ ਵਿੱਚੋਂ ਜੇਤੂ ਵਿਦਿਆਰਥੀਆਂ ਨੂੰ ਕ੍ਰਮਵਾਰ 600 ਰੁਪਏ, 400 ਰੁਪਏ ਤੇ 300 ਰੁਪਏ ਨਕਦ ਇਨਾਮ ਵੰਡੇ ਗਏ। ਇਸੇ ਤਰ੍ਹਾਂ ਵਿਗਿਆਨ ਪ੍ਰਦਰਸ਼ਨੀ ਦੇ ਜੇਤੂ ਵਿਦਿਆਰਥੀਆਂ ਨੂੰ ਕ੍ਰਮਵਾਰ 1500 ਰੁਪਏ, 1000 ਰੁਪਏ ਅਤੇ 500 ਰੁਪਏ ਨਕਦ ਇਨਾਮ ਵੰਡੇ ਗਏ। ਬਲਾਕ ਮੈਂਟਰ ਸਾਇੰਸ ਤੇਜਿੰਦਰ ਸਿੰਘ ਨੇ ਦੱਸਿਆ ਕਿ ਸਾਇੰਸ ਪ੍ਰਦਰਸ਼ਨੀ ਦੇ 10 ਵਿਦਿਆਰਥੀਆਂ ਨੂੰ ਅਤੇ ਕੁਇਜ਼ ਮੁਕਾਬਲੇ ਦੇ 15 ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਨਗਦ ਇਨਾਮ ਵੰਡੇ ਗਏ। ਸਾਇੰਸ ਮਿਸਟ੍ਰੈਸ ਰਵਿੰਦਰ ਕੌਰ ਜਟਾਣਾ ਨੂੰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਸੈਮੀਨਾਰ ਲਗਾਉਣ ਬਦਲੇ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਸਮੇਂ ਸ੍ਰੀਮਤੀ ਸੁਨੀਤਾ ਸ਼ਰਮਾ, ਪ੍ਰਵੀਨ ਜੋਸ਼ੀ, ਭਾਵਨਾ ਗੁਪਤਾ, ਸਰਬਜੀਤ ਸਿੰਘ ਬਰਸਾਲਪੁਰ ਅਤੇ ਗੁਰਪਾਲ ਸਿੰਘ ਸਮੂਹ ਹਾਜ਼ਰ ਸਨ।

# ਰਿਆਤ ਬਾਹਰਾ 'ਵਰਸਿਟੀ ਵਿਖੇ ਸੰਵਿਧਾਨ ਦਿਵਸ 'ਤੇ ਰਾਜ ਪੱਧਰੀ ਸੈਮੀਨਾਰ




**ਕੁਰਾਲੀ (ਮੋਹਨ ਅੱਗਰਵਾਲ ਜੋਗਾ)**:-ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਲਾਅ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀਜ਼ ਦੇ ਸਹਿਯੋਗ ਨਾਲ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ ਚਾਂਸਲਰ ਪ੍ਰੋ. ਪਰਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਅਤੇ ਡਾ. ਰਿਚਾ ਰੰਜਨ ਡੀਨ, ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ ਦਿਸ਼ਾ ਨਿਰਦੇਸ਼ਾਂ 'ਤੇ ਸੰਵਿਧਾਨ ਦਿਵਸ ਮਨਾਉਣ ਲਈ ਇਕ ਰਾਜ ਪੱਧਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦੇ ਮੁੱਖ ਮਹਿਮਾਨ ਮਾਨਯੋਗ ਅਰੁਣ ਕੁਮਾਰ, ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾ ਅਥਾਰਟੀ ਸਨ। ਮਾਨਯੋਗ ਬਲਜਿੰਦਰ ਸਿੰਘ ਸੀ.ਜੇ.ਐਮ. ਜ਼ਿਲ੍ਹਾ ਐਸ.ਏ.ਐਸ.ਨਗਰ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕਾਨੂੰਨ ਵਿਭਾਗ ਤੋਂ ਪ੍ਰੋ: ਸੁਪਿੰਦਰ ਕੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਯੂਨੀਵਰਸਿਟੀ ਕੈਂਪਸ ਪਹੁੰਚਣ 'ਤੇ ਉਨ੍ਹਾਂ ਦਾ ਸਵਾਗਤ ਵਾਈਸ ਚਾਂਸਲਰ ਪ੍ਰੋ: ਪਰਵਿੰਦਰ ਸਿੰਘ ਨੇ ਕੀਤਾ। ਇਸ ਮੌਕੇ ਪ੍ਰੋ: ਸੁਪਿੰਦਰ ਕੌਰ ਦੁਆਰਾ ਮਾਹਿਰ ਵਜੋਂ ਵਿਚਾਰ ਪੇਸ਼ ਕੀਤੇ , ਜਿਨ੍ਹਾਂ ਨੇ ਸੰਵਿਧਾਨ ਦੇ ਇਤਿਹਾਸ ਵਿੱਚ ਮਹੱਤਵਪੂਰਨ ਕੇਸਵਾਨੰਦਾ ਭਾਰਤੀ ਕੇਸ ਦਾ ਜ਼ਿਕਰ ਕੀਤਾ। ਮਾਨਯੋਗ ਅਰੁਣ ਕੁਮਾਰ ਦੁਆਰਾ ਸੰਵਿਧਾਨ ਕੁਇਜ਼ 'ਤੇ ਇੱਕ ਗੱਲਬਾਤ ਸੈਸ਼ਨ ਕੀਤਾ ਗਿਆ ਅਤੇ ਸੰਵਿਧਾਨ 'ਤੇ ਪੋਸਟਰ ਮੇਕਿੰਗ ਦੇ ਨਤੀਜੇ ਘੋਸ਼ਿਤ ਕੀਤੇ ਗਏ। ਸੀਜੇਐਮ ਬਲਜਿੰਦਰ ਸਿੰਘ ਨੇ ਮੁਫਤ ਕਾਨੂੰਨੀ ਸਹਾਇਤਾ, ਰਾਜ ਦੇ ਕਾਨੂੰਨੀ ਅਥਾਰਟੀਜ਼ ਬਾਰੇ ਗੱਲ ਕੀਤੀ। ਇਸ ਦੌਰਾਨ ਮਾਨਯੋਗ ਜੱਜਾਂ ਵੱਲੋਂ ਸਕੂਲ ਆਫ਼ ਲਾਅ ਦੇ ਜਾਗਰੂਕਤਾ ਦਸਤੇ ਨਾਲ ਵੀ ਗੱਲਬਾਤ ਕੀਤੀ ਅਤੇ ਸੰਵਿਧਾਨ ਦਿਵਸ 'ਤੇ ਜੇਤੂਆਂ ਨੂੰ ਸਰਟੀਫਿਕੇਟ ਅਤੇ ਇਨਾਮ ਵੀ ਦਿੱਤੇ ਗਏ।

# ਵਾਲੀਆਂ ਝਪਟਣ ਵਾਲੇ ਪੁਲਸ ਮੁਲਾਜ਼ਮ 'ਤੇ ਕੇਸ ਦਰਜ



ਫਿਲੌਰ, (ਨਿਰਮਲ)

ਐੱਸ.ਐੱਚ.ਓ ਫਿਲੌਰ ਇੰਸਪੈਕਟਰ ਸੁਰਿੰਦਰ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਥਾਨਕ ਪੁਲਸ ਨੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲਸ ਅਕੈਡਮੀ ਫਿਲੌਰ ਦੇ ਇਕ ਸਿਪਾਹੀ ਗੋਬਿੰਦ ਸਿੰਘ ਪੁੱਤਰ ਦਰਸ਼ਨ ਸਿੰਘ ਵਿਰੁੱਧ ਧਾਰਾ 379-ਬੀ ਅਧੀਨ ਕੇਸ ਦਰਜ ਕੀਤਾ ਹੈ। ਐੱਸ.ਐੱਚ.ਓ. ਫਿਲੌਰ ਨੇ ਦੱਸਿਆ ਕਿ ਸਿਪਾਹੀ ਗੋਬਿੰਦ ਸਿੰਘ ਨਸ਼ੇ ਦਾ ਆਦੀ ਹੈ। ਜ਼ਿਕਰਯੋਗ ਹੈ ਕਿ ਬੀਤੀ ਕੱਲ੍ਹ ਇਕ ਔਰਤ ਕੁਲਵਿੰਦਰ ਕੌਰ ਤੋਂ ਤਿੰਨ ਮੋਟਰ ਸਾਈਕਲ ਸਵਾਰ ਉਸ ਦੀਆਂ ਕੰਨਾਂ ਦੀਆਂ ਵਾਲੀਆਂ ਝਪਟ ਕੇ ਫਰਾਰ ਹੋ ਗਏ ਸਨ। ਔਰਤ ਵੱਲੋਂ ਰੌਲਾ ਪਾਉਣ 'ਤੇ ਆਲੇ ਦੁਆਲੇ ਦੇ ਲੋਕਾਂ ਨੇ ਉਕਤ ਮੋਟਰ ਸਾਈਕਲ ਸਵਾਰਾਂ ਨੂੰ ਰੋਕ ਲਿਆ, ਜਿਸ ਨਾਲ ਦੋ ਵਿਅਕਤੀ ਤਾਂ ਫਰਾਰ ਹੋ ਗਏ ਪਰ ਇਕ ਉਨ੍ਹਾਂ ਦੇ ਕਾਬੂ ਆ ਗਿਆ ਅਤੇ ਲੋਕਾਂ ਨੇ ਉਸ ਨੂੰ ਫੜ ਕੇ ਸਥਾਨਕ ਪੁਲਸ ਦੇ ਹਵਾਲੇ ਕਰ ਦਿੱਤਾ ਸੀ। ਕਾਬਲੇ ਗੌਰ ਹੈ ਕਿ ਗੋਬਿੰਦ ਸਿੰਘ ਸਮੇਤ ਪੰਜਾਬ ਪੁਲਸ ਅਕੈਡਮੀ ਦੇ ਦੋ ਤਿੰਨ ਹੋਰ ਕਰਮਚਾਰੀ ਕੁੱਝ ਮਹੀਨੇ ਪਹਿਲਾਂ ਨਸ਼ਾ ਤਸਕਰੀ ਦੇ ਕੇਸ ਵਿਚ ਜੇਲ੍ਹ ਭੇਜ ਦਿੱਤੇ ਗਏ ਸਨ ਅਤੇ ਗੋਬਿੰਦ ਸਿੰਘ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਸੀ। ਦਰਜ ਕੀਤੇ ਮੁਕੱਦਮੇ ਅਨੁਸਾਰ ਬੀਤੀ ਕੱਲ੍ਹ ਗੋਬਿੰਦ ਸਿੰਘ ਆਪਣੇ ਦੋ ਸਾਥੀ ਦੀਪਾ ਅਤੇ ਇਕ ਹੋਰ ਵਿਅਕਤੀ ਨੇ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਕੋਲੋਂ ਲੰਘਦੀ ਹੋਈ ਇਕ ਔਰਤ ਕੁਲਵਿੰਦਰ ਦੀਆਂ ਵਾਲੀਆਂ ਝਪਟ ਕੇ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਸੀ ਪਰ ਲੋਕਾਂ ਨੇ ਗੋਬਿੰਦ ਸਿੰਘ ਨੂੰ ਕਾਬੂ ਕਰਕੇ ਪੁਲਸ ਦੇ ਹਵਾਲੇ ਕਰ ਦਿੱਤਾ ਸੀ। ਪੁਲਸ ਦਾ ਕਹਿਣਾ ਹੈ ਕਿ ਤੀਸਰੇ ਵਿਅਕਤੀ ਦੀ ਭਾਲ ਕੀਤੀ ਜਾ ਰਹੀ ਹੈ।

# ਲੁੱਟ ਖੋਹ ਕਰਨ ਵਾਲੇ ਦੋ ਵਿਅਕਤੀ ਗ੍ਰਿਫ਼ਤਾਰ

**ਰੋਪੜ (ਬਿੰਦਰਾ)**- ਰੇਲਵੇ ਪੁਲਸ ਵੱਲੋਂ ਲੁੱਟ ਖੋਹ ਕਰਨ ਦੇ ਦੋਸ਼ਾਂ ਤਹਿਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਰੇਲਵੇ ਪੁਲਸ ਚੌਕੀ ਦੇ ਇੰਚਾਰਜ ਸੁਗਰੀਵ ਚੰਦ ਨੇ ਦੱਸਿਆ ਕਿ ਰੇਲਵੇ ਸਟੇਸ਼ਨ ਮੋਰਿੰਡਾ ਵਿੱਚ ਡਾ. ਸੰਤ ਸਿੰਘ ਕੋਲੋਂ ਤਿੰਨ ਵਿਅਕਤੀਆਂ ਨੇ ਇਕ ਮੋਬਾਇਲ ਫੋਨ, ਚਾਂਦੀ ਦਾ ਕੜਾ , 9800 ਰੁਪਏ ਅਤੇ ਜ਼ਰੂਰੀ ਕਾਗਜ਼ਾਤ ਖੋਹ ਲਏ ਸਨ । ਪੁਲਸ ਨੇ ਮੋਬਾਇਲ ਸਰਚ ਦੇ ਆਧਾਰ 'ਤੇ ਦੋ ਵਿਅਕਤੀਆਂ ਨੂੰ ਮੋਰਿੰਡਾ ਤੋਂ ਗ੍ਰਿਫਤਾਰ ਕਰ ਲਿਆ ਜਦੋਂ ਕਿ ਤੀਜਾ ਹਾਲਾਂ ਫਰਾਰ ਹੈ। ਇਨ੍ਹਾਂ ਦੋਹਾਂ ਦੀ ਪਛਾਣ ਵਿਸ਼ਾਲ ਰਾਜਪੂਤ ਉਰਫ ਬਿੱਲਾ ਪੁੱਤਰ ਲਛਮਣ ਵਾਸੀ ਸੂਦ ਪੁਸ਼ਕਰ ਕੁਮਾਰ ਮੋਰੀਆ ਕਾਲੋਨੀ ਮੋਰਿੰਡਾ ਅਤੇ ਤਰਨਜੀਤ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਵਾਰਡ ਨੰਬਰ 13 ਵਜੋਂ ਹੋਈ ਹੈ। ਪੁਲਸ ਨੇ ਉਕਤ ਵਿਅਕਤੀਆਂ 'ਤੇ ਧਾਰਾ 379( ਬੀ) ,34 ਆਈ ਪੀ ਸੀ ਤਹਿਤ ਮਾਮਲਾ ਦਰਜ ਕੀਤਾ ਹੈ। ਇਸੇ ਤਰ੍ਹਾਂ ਦੂਜੇ ਮਾਮਲੇ ਵਿਚ ਪੁਸ਼ਕਰ ਕੁਮਾਰ ਮੋਰੀਆ ਦਾ ਓਪੋ ਮਾਰਕਾ ਮੋਬਾਇਲ ਫੋਨ ਹਰਿਦਵਾਰ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਜਾ ਰਹੀ ਗੱਡੀ ਵਿੱਚ ਚੋਰੀ ਹੋ ਗਿਆ ਸੀ,ਜਿਸ 'ਤੇ ਜਾਂਚ ਮਗਰੋਂ ਵਿਸ਼ਾਲ ਰਾਜਪੂਤ ਵਿਰੁੱਧ ਚੋਰੀ ਦਾ ਪਰਚਾ ਦਰਜ ਕੀਤਾ ਹੈ।

# ਕੰਧਾਲਾ ਜੱਟਾਂ ਤੋਂ ਸ਼ਹੀਦੀ ਦਿਹਾੜੇ ਦੇ ਸੰਬੰਧ 'ਚ ਸਜਾਇਆ ਨਗਰ ਕੀਰਤਨ



**ਅੱਡਾ ਸਰਾਂ, (ਕਾਜਲ)**- ਗੁਰਦੁਆਰਾ ਸਿੰਘ ਸਭਾ ਕੰਧਾਲਾ ਜੱਟਾਂ ਤੋਂ ਇਲਾਕੇ ਦੀ ਸੰਗਤ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਵਸ ਦੇ ਸੰਬੰਧ ਵਿਚ ਖਾਲਸਾਈ ਸ਼ਾਨ ਦੇ ਨਾਲ ਨਗਰ ਕੀਰਤਨ ਸਜਾਇਆ ਗਿਆ । ਪੰਜ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਵਿਚ ਸਜਾਏ ਗਏ ਇਸ ਨਗਰ ਕੀਰਤਨ ਦਾ ਵੱਖ ਵੱਖ ਥਾਵਾਂ 'ਤੇ ਸੰਗਤਾਂ ਨੇ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ।ਨਗਰ ਕੀਰਤਨ ਦੌਰਾਨ ਸੰਗਤਾਂ ਅਤੇ ਰਾਗੀ ਢਾਡੀ ਜਥੇ ਗੁਰਬਾਣੀ ਦਾ ਜਾਪੁ ਕਰਦੇ ਜਾ ਰਹੇ ਸਨ । ਇਸ ਦੌਰਾਨ ਢਾਡੀ ਜਥੇ ਜਸਪਾਲ ਸਿੰਘ ਨੇ ਸੰਗਤ ਨੂੰ ਗੁਰ ਇਤਿਹਾਸ ਅਤੇ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਇਤਿਹਾਸ ਨਾਲ ਜੋੜਿਆ । ਇਸ ਮੌਕੇ ਬਾਬਾ ਮੱਖਣ ਸਿੰਘ ਦਰੀਆ, ਪ੍ਰਧਾਨ ਜਗੀਰ ਸਿੰਘ, ਤੇਜਪਾਲ ਸਿੰਘ, ਗੁਰਮੁਖ ਸਿੰਘ, ਦਲਜੀਤ ਸਿੰਘ, ਜਸਪ੍ਰੀਤ ਸਿੰਘ, ਰੇਸ਼ਮ ਸਿੰਘ, ਗੁਰਵਿੰਦਰ ਸਿੰਘ ਗਿੰਦਾ, ਕੁਲਵਿੰਦਰ ਸਿੰਘ, ਮਹਿੰਦਰ ਸਿੰਘ, ਇੰਦਰਜੀਤ ਸਿੰਘ, ਚਰਨਜੀਤ ਪੜਬੱਗਾ ਅਤੇ ਪਿੰਡ ਦੀਆਂ ਸਮੂਹ ਸੰਗਤਾਂ ਨੇ ਹਾਜ਼ਰੀ ਲੁਆਈ।

# ਰਿਸ਼ਵਤ ਮੰਗਣ ਦੇ ਦੋਸ਼ 'ਚ ਮਾਰਕਫੈੱਡ ਦਾ ਸਹਾਇਕ ਖੇਤਰੀ ਅਫ਼ਸਰ ਗ੍ਰਿਫ਼ਤਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਬੰਗਾ, ਐਸ ਬੀ ਐਸ ਨਗਰ ਵਿਖੇ ਬ੍ਰਾਂਚ ਮੈਨੇਜਰ ਵਜੋਂ ਤਾਇਨਾਤ ਮਾਰਕਫੈੱਡ ਦੇ ਸਹਾਇਕ ਖੇਤਰੀ ਅਫ਼ਸਰ ਗੁਰਲਾਲ ਸਿੰਘ ਨੂੰ 52,000 ਰੁਪਏ ਰਿਸ਼ਵਤ ਦੀ ਮੰਗ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ 'ਤੇ ਦਰਜ ਕੀਤੀ ਆਨਲਾਈਨ ਸ਼ਿਕਾਇਤ ਦੀ ਜਾਂਚ ਉਪਰੰਤ ਉਕਤ ਦੋਸ਼ੀ ਅਧਿਕਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹੋਰ ਵੇਰਵੇ ਦਿੰਦਿਆਂ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਰਾਜੀਵ ਕੁਮਾਰ ਵਾਸੀ ਪਿੰਡ ਹਕੀਮਪੁਰ, ਤਹਿਸੀਲ ਬੰਗਾ ਨੇ ਜਾਣਕਾਰੀ ਦਿੱਤੀ ਕਿ ਉਹ ਦਾਣਾ ਮੰਡੀ ਬੰਗਾ ਵਿੱਚ ਆੜ੍ਹਤੀਆ ਹੈ ਅਤੇ ਉਕਤ ਮਾਰਕਫੈੱਡ ਅਧਿਕਾਰੀ ਪਿਛਲੇ ਸੀਜ਼ਨ ਦੌਰਾਨ ਉਸ ਦੀ ਦੁਕਾਨ ਤੋਂ ਝੋਨੇ ਦੀਆਂ 52,000 ਬੋਰੀਆਂ ਦੀ ਸਰਕਾਰੀ ਖਰੀਦ ਬਦਲੇ ਉਸ ਕੋਲੋਂ ਇੱਕ ਰੁਪਏ ਪ੍ਰਤੀ ਬੋਰੀ ਦੇ ਹਿਸਾਬ ਨਾਲ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਅੱਗੇ ਦੱਸਿਆ ਕਿ ਇਸ ਮਾਮਲੇ ਵਿੱਚ ਸੌਦਾ 35,000 ਰੁਪਏ ਵਿੱਚ ਤੈਅ ਹੋਇਆ ਹੈ ਪਰ ਉਹ ਰਿਸ਼ਵਤ ਨਹੀਂ ਦੇਣਾ ਚਾਹੁੰਦਾ। ਬੁਲਾਰੇ ਨੇ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਵੱਲੋਂ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਦੀ ਜਾਂਚ ਕੀਤੀ ਗਈ ਅਤੇ ਰਿਸ਼ਵਤ ਮੰਗਣ ਦੇ ਦੋਸ਼ ਸਿੱਧ ਹੋਣ ਉਪਰੰਤ ਉਕਤ ਮਾਰਕਫੈੱਡ ਅਧਿਕਾਰੀ ਵਿਰੁੱਧ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸੰਬੰਧੀ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਤਾਜ ਹੋਟਲ ਮੁੰਬਈ ਵਿਖੇ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ



ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)

26/11/2008 ਨੂੰ ਤਾਜ ਹੋਟਲ, ਮੁੰਬਈ ਵਿਖੇ ਅੱਤਵਾਦੀਆਂ ਦੁਆਰਾ ਕੀਤੇ ਗਏ ਘਿਨਾਉਣੇ ਹਮਲੇ ਦੇ ਵਿਰੋਧ ਵਿੱਚ ਅੱਜ ਨੂਰਪੁਰ ਬੇਦੀ ਮਹਾਵੀਰ ਮੰਦਰ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਜਿਸ ਵਿੱਚ ਇਲਾਕੇ ਭਰ ਦੇ ਸਮਾਜ ਸੇਵੀ ਅਤੇ ਵੱਖ-ਵੱਖ ਵਰਗਾਂ ਨਾਲ ਸਬੰਧੰਤ ਆਗੂਆਂ ਨੇ ਸ਼ਮੂਲੀਅਤ ਕੀਤੀ ਅਤੇ ਇਸ ਮੋਮਬੱਤੀ ਮਾਰਚ ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ਸਮਾਜ ਸੇਵੀ ਡਾ. ਦਵਿੰਦਰ ਬਜਾਰ ਗੌਰਵ ਰਾਣਾ ਅਤੇ ਰਾਮ ਕੁਮਾਰ ਮੱਕੜੀ ਨੇ ਕਿਹਾ ਕਿ 26 ਨਵੰਬਰ 2008 ਨੂੰ ਸਾਡੇ ਦੁਸ਼ਮਣ ਮੁਲਕ ਦੇ ਅੱਤਵਾਦੀਆਂ ਨੇ ਕਾਇਰਤਾ ਭਰੀ ਕਾਰਵਾਈ ਕਰਦੇ ਹੋਏ ਨਿਹੱਥੇ ਅਤੇ ਸੁੱਤੇ ਪਏ ਲੋਕਾਂ 'ਤੇ ਹਮਲਾ ਕੀਤਾ ਗਿਆ ਅਤੇ ਇਸ ਸਮੁੱਚੀ ਘਟਨਾ ਵਿੱਚ ਸਾਡੇ ਜਵਾਨਾਂ ਅਤੇ ਸਾਡੀਆਂ ਜਾਨਾਂ ਚਲੀਆਂ ਗਈਆਂ। ਇਸ ਮੌਕੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਕਦੇ ਵੀ ਡਰੇਗਾ ਨਹੀਂ। ਅਜਿਹੀ ਕਾਇਰਤਾ ਭਰੀ ਕਾਰਵਾਈ ਅਤੇ ਦੇਸ਼ ਦਾ ਹਰ ਵਿਅਕਤੀ ਦੇਸ਼ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਸੈਨਿਕਾਂ, ਆਮ ਲੋਕਾਂ ਅਤੇ ਸ਼ਹੀਦਾਂ ਨਾਲ ਖੜ੍ਹਾ ਹੈ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਹਨੂੰਮਾਨ ਚਾਲੀਸਾ ਦਾ ਜਾਪ ਕਰਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਡਾ. ਦੇਵੇਂਦਰ ਬਾਜਾਰ ਗੌਰਵ ਰਾਣਾ, ਰਾਮਕੁਮਾਰ ਮੁਖਾਰੀ, ਸੱਤਿਆ ਦੇਵੀ, ਅਸ਼ਵਨੀ ਰਾਣਾ, ਦਰਸ਼ਨ ਕੁਮਾਰ ਆਜ਼ਾਦ, ਪੇਂਟਰ ਸ਼ਸ਼ੀ ਬਾਬਾ ਜੂ, ਪਵਨ ਕੁਮਾਰ ਮਹਿਰਾ, ਗੋਗੀ, ਬੁੱਧਰਾਮ ਸੋਮਨਾਥ ਗੋਗੀ, ਬਲਵੀਰ ਖਾਨ, ਮੱਖਣ ਸਿੰਘ, ਵਿਸ਼ਾਲ ਕੁਮਾਰ, ਗੌਰਵ ਵਰਮਾ, ਬਲਵੀਰ ਖਾਨ, ਡਾ. ਸ਼ਿਵ ਕੁਮਾਰ ਬੱਬੂ, ਕਾਲਾ ਭਗਤ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਅਤੇ ਬਜ਼ੁਰਗ ਹਾਜ਼ਰ ਸਨ।

# ਡਾ. ਗੁਰਚਰਨ ਕੌਰ ਕੋਚਰ ਅਤੇ ਮਨਜੀਤ ਰਾਏ ਦਾ ਹੋਵੇਗਾ ਸਨਮਾਨ

**ਜਲੰਧਰ,(ਰਾਜੇਸ਼ ਥਾਪਾ)**-ਡਾ. ਗੁਰਚਰਨ ਕੌਰ ਕੋਚਰ ਅਤੇ ਮਨਜੀਤ ਰਾਏ (ਯੂ ਐਸ ਏ) ਦਾ 'ਕੇਵਲ ਵਿੱਗ ਐਵਾਰਡ-2022' ਨਾਲ ਸਨਮਾਨ ਹੋਵੇਗਾ। ਕੇਵਲ ਵਿੱਗ ਫਾਊਂਡੇਸ਼ਨ ਦੇ ਮੁਖੀ ਜਤਿੰਦਰ ਮੋਹਨ ਵਿੱਗ ਨੇ ਅੱਜ ਇਕ ਪ੍ਰੈੱਸ ਰਿਲੀਜ਼ ਵਿਚ ਦੱਸਿਆ ਕਿ 'ਜਨਤਾ ਸੰਸਾਰ' ਮੈਗਜ਼ੀਨ ਦੇ ਬਾਨੀ ਸੰਪਾਦਕ ਕੇਵਲ ਵਿੱਗ ਦੀ ਮਿੱਠੀ ਅਤੇ ਨਿੱਘੀ ਯਾਦ ਵਿੱਚ ਸਥਾਪਤ ਇਸ ਵਰ੍ਹੇ ਦਾ ਐਵਾਰਡ ਪੰਜਾਬੀ ਗ਼ਜ਼ਲ ਦੀ ਨਾਮਵਰ ਹਸਤਾਖਰ ਡਾ. ਗੁਰਚਰਨ ਕੌਰ ਕੋਚਰ ਨੂੰ ਬਤੌਰ ਸਬਵੋਤਮ ਸ਼ਾਇਰਾ ਅਤੇ ਪ੍ਰਮੁੱਖ ਪ੍ਰਵਾਸੀ ਲੇਖਿਕਾ ਮਨਜੀਤ ਰਾਏ ਨੂੰ ਬਤੌਰ ਸਬਵੋਤਮ ਲੇਖਿਕਾ ਇਹ ਯਾਦਗਾਰੀ ਐਵਾਰਡ ਪ੍ਰਦਾਨ ਕੀਤੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਡਾ. ਗੁਰਚਰਨ ਕੌਰ ਕੋਚਰ ਨੇ ਜ਼ਿੰਦਗੀ ਦੀਆਂ ਹਰ ਗੁੰਝਲਦਾਰ ਸਮੱਸਿਆਵਾਂ, ਸਮਾਜਕ ਸਰੋਕਾਰਾਂ ਨੂੰ ਆਪਣੀਆਂ ਗ਼ਜ਼ਲਾਂ ਵਿਚ ਬਾਖ਼ੂਬੀ ਚਿਤਰਿਆ ਹੈ, ਜਦਕਿ ਸ਼ਾਇਰੀ ਦੀ ਰਚੇਤਾ ਡਾ. ਕੋਚਰ ਹਰ ਗੱਲ ਨੂੰ ਬੜੇ ਸਰਲ ਅਤੇ ਸੂਖ਼ਮ ਭਾਵਾਂ ਨਾਲ ਆਪਣੀਆਂ ਗ਼ਜ਼ਲਾਂ ਵਿਚ ਪੇਸ਼ ਕਰਦੇ ਹਨ, ਉਨ੍ਹਾਂ ਦੀ ਸਮੁੱਚੀ ਸ਼ਾਇਰੀ ਜਜ਼ਬਿਆਂ ਨਾਲ ਗੁੰਨ੍ਹੀ ਹੋਈ ਹੈ। ਮਨਜੀਤ ਰਾਏ ਜੋ ਪੰਜਾਬੀ ਅਤੇ ਅੰਗਰੇਜ਼ੀ ਦੀਆਂ ਚਾਰ ਪੁਸਤਕਾਂ ਦੇ ਲਿਖਾਰੀ ਹਨ, ਨੇ ਸਮਾਜੀ ਸਰੋਕਾਰਾਂ ਦੇ ਗੁੰਝਲਦਾਰ ਵਰਤਾਰੇ ਨੂੰ ਆਪਣੀ ਕਲਮ ਨਾਲ ਸੇਧ ਦੇਣ ਦਾ ਯਤਨ ਕੀਤਾ ਹੈ। ਸਮਾਗਮ ਦੇ ਆਯੋਜਕ ਵਿੱਗ ਨੇ ਦੱਸਿਆ ਕਿ ਸਵ. ਕੇਵਲ ਵਿੱਗ ਦੀ 30ਵੀਂ ਬਰਸੀ ਦੇ ਅਵਸਰ 'ਤੇ 4 ਦਸੰਬਰ, ਨੂੰ ਦਿਨ ਐਤਵਾਰ ਦੇਸ਼ ਭਗਤ ਯਾਦਗਾਰ ਹਾਲ, ਨੇੜੇ ਬੀ ਐਮ ਸੀ ਚੌਕ, ਜਲੰਧਰ ਸ਼ਹਿਰ ਵਿਖੇ ਸਵੇਰੇ 11.00 ਵਜੇ ਆਯੋਜਿਤ ਹੋਵੇਗਾ। ਸਮਾਗਮ ਦੇ ਮੁੱਖ ਮਹਿਮਾਨ ਡਾ. ਕੁੰਵਰ ਵਿਜੇ ਪ੍ਰਤਾਪ ਸਿੰਘ (ਸਾਬਕਾ ਆਈ ਪੀ ਐਸ) ਐੱਮ.ਐਲ.ਏ. ਅੰਮ੍ਰਿਤਸਰ ਨਾਰਥ ਹੋਣਗੇ ਅਤੇ ਵਿਸ਼ੇਸ਼ ਮਹਿਮਾਨ ਰਮੇਸ਼ ਚੰਦਰ ਅੰਬੈਸਡਰ-96 (ਰਿਟਾ.), ਹਰਸਿਮਰਨਜੀਤ ਸਿੰਘ ਬੰਟੀ (ਡਿਪਟੀ ਮੇਅਰ, ਜਲੰਧਰ) ਚੇਤਨ ਸਿੰਘ (ਡਾਇਰੈਕਟਰ ਭਾਸ਼ਾ ਵਿਭਾਗ, ਰਿਟਾ.), ਪ੍ਰੋ. ਡਾ. ਕੇ.ਕੇ. ਰੱਤੂ (ਰਿਆੜ ਬਾੜਾ ਯੂਨੀਵਰਸਿਟੀ, ਮੁਹਾਲੀ), ਸ਼ਿਵਕੰਵਰ ਸਿੰਘ ਸੰਧੂ (ਸਮਾਜ ਸੇਵਕ), ਡਾ. ਜਗਦੀਸ਼ ਚੰਦਰ ਜੋਸ਼ੀ (ਪ੍ਰਿੰਸੀਪਲ ਰਿਟਾਇਰਡ), ਰਜਿੰਦਰ ਗਿੱਲ (ਰਾਸ਼ਟਰੀ ਪ੍ਰਧਾਨ, ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ) ਅਤੇ ਸਤਨਾਮ ਸਿੰਘ ਬਿੱਟਾ (ਸਕੱਤਰ ਭਾਜਪਾ ਕਿਸਾਨ ਮੋਰਚਾ, ਪੰਜਾਬ) ਹੋਣਗੇ।

# ਪਰਾਲੀ ਨਾ ਸਾੜਨ ਤੇ ਜੰਗਲ ਲਾਉਣ ਵਾਲੇ ਕਿਸਾਨਾਂ ਦਾ ਸਨਮਾਨ ਅੱਜ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਭਾਈ ਘਨ੍ਹੱਈਆ ਕੈਂਸਰ ਰੋਕੋ ਸੇਵਾ ਸੋਸਾਇਟੀ ਰਜਿ. ਫਰੀਦਕੋਟ ਨਰੋਆ ਪੰਜਾਬ ਮੰਚ ਅਤੇ ਪੰਜਾਬ ਵਾਤਾਵਰਨ ਚੇਤਨਾ ਲਹਿਰ ਵਲੋਂ ਬਿਨਾਂ ਪਰਾਲੀ ਸਾੜੇ ਖੇਤੀ ਕਰਨ ਵਾਲੇ ਕਿਸਾਨਾਂ ਅਤੇ ਨਿੱਜੀ ਜਾਂ ਪੰਚਾਇਤੀ ਜ਼ਮੀਨ ਵਿੱਚ ਜੰਗਲ ਲਗਾਉਣ ਵਾਲੇ ਵੀਰਾਂ ਦੇ ਸਨਮਾਨ ਹਿੱਤ ਇੱਕ ਸਨਮਾਨ ਸਮਾਰੋਹ 28 ਨਵੰਬਰ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਸੰਤ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਦੀ ਰਹਿਨੁਮਾਈ 'ਚ ਸ਼੍ਰੀ ਗੁਰੂ ਅੰਗਦ ਦੇਵ ਜੀ ਕਾਲਜ ਖਡੂਰ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ ਇਸ ਸਮਾਰੋਹ 'ਚ ਸ਼੍ਰੀ ਅਮ੍ਰਿਤਸਰ, ਸ਼੍ਰੀ ਤਰਨਤਾਰਨ ਸਾਹਿਬ, ਗੁਰਦਾਸਪੁਰ, ਪਠਾਨਕੋਟ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ ਜਿਲ੍ਹਿਆਂ ਦੇ ਕੁਦਰਤ ਪੱਖੀ ਕਿਸਾਨਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ ਜੋ ਸਾਰੀ ਪਰਾਲੀ ਦਾ ਖੇਤ 'ਚ ਹੀ ਪ੍ਰਬੰਧਨ ਕਰਦੇ ਹਨ। ਉਪਰੋਕਤ ਜਾਣਕਾਰੀ ਦਿੰਦੇ ਹੋਏ ਗੁਰਬਿੰਦਰ ਸਿੰਘ ਬਾਜਵਾ ਕੋਆਰਡੀਨੇਟਰ ਯੰਗ ਇਨੋਵੇਟਿਵ ਫਾਰਮਰਜ਼ ਅਤੇ ਗੁਰਪ੍ਰੀਤ ਸਿੰਘ ਚੰਦ ਬਾਜਾ ਪ੍ਰਧਾਨ ਭਾਈ ਘਨ੍ਹੱਈਆ ਕੈਂਸਰ ਰੋਕੋ ਸੇਵਾ ਸੋਸਾਇਟੀ ਰਜਿ. ਨੇ ਦੱਸਿਆ ਕਿ ਇਸ ਸਾਮਰੋਹ 'ਚ ਮੁੱਖ ਮਹਿਮਾਨ ਵਜੋਂ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ , ਵਿਸ਼ੇਸ਼ ਮਹਿਮਾਨ ਵਜੋਂ ਡਾ. ਅਦਰਸ਼ਪਾਲ ਵਿੱਜ, ਚੇਅਰਮੈਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਪਹੁੰਚਣਗੇ।

## ਨਸਬੰਦੀ ਸੰਬੰਧੀ ਪੰਦਰਵਾੜਾ 4 ਦਸੰਬਰ ਤੱਕ ਰਹੇਗਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਿਵਲ ਸਰਜਨ ਡਾ. ਰਮਨ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਐਮ ਓ ਡਾਕਟਰ ਕਮਲਜੀਤ ਕੌਰ ਦੀ ਯੋਗ ਅਗਵਾਈ ਹੇਠ ਸਮੂਹ ਸਟਾਫ ਨੂੰ ਜਾਣੂ ਕਰਵਾਇਆ ਸਬ ਸੈਂਟਰ ਕਦੌਲਾਂ ਕਲਾਂ, ਬਿਲਗਾ, ਚੂਹੇਕੀ, ਤਲਵਣ, ਪਰਤਾਬਪੂਰਾ ਵਿਖੇ ਫੀਲਡ ਸਟਾਫ ਵੱਲੋਂ ਨਸਬੰਦੀ ਸੰਬੰਧੀ ਪੰਦਰਵਾੜਾ ਮਨਾਇਆ ਜਿਸ ਦਾ ਮੁੱਖ ਉਦੇਸ਼ ਨਸਬੰਦੀ ਬਾਰੇ ਸਮਾਜ ਨੂੰ ਜਾਗਰੂਕ ਕਰਨਾ ਹੈ ਖਾਸ ਕਰ ਕੇ ਯੋਗ ਜੋੜਿਆ ਵਿੱਚ ਚੇਤਨਾ ਲਿਆਉਣ ਅਤੇ ਪੁਰਸ਼ਾਂ ਨੂੰ ਨਸਬੰਦੀ ਨੂੰ ਸਵੀਕਾਰ ਕਰਨ ਲਈ ਪ੍ਰੇਰਿਤ ਕਰਨਾ ਹੈ। ਨਸਬੰਦੀ ਦਾ ਉਪਰੇਸ਼ਨ ਮਾਮੂਲੀ ਚੀਰਾ ਰਹਿਤ ਉਪਰੇਸ਼ਨ ਹੈ ਅਤੇ ਕੋਈ ਟਾਂਕਾ ਨਹੀਂ ਲਗਾਇਆ ਜਾਂਦਾ । ਉਪਰੇਸ਼ਨ ਕਰਨ ਉਪਰੰਤ ਵਿਅਕਤੀ ਆਪਣੇ ਰੋਜ਼ਾਨਾ ਦੇ ਕੰਮ ਪਹਿਲਾਂ ਦੀ ਤਰ੍ਹਾਂ ਕਰ ਸਕਦਾ ਹੈ। ਇਸ ਲਈ ਫੀਲਡ ਐਲ ਐਚ ਵੀ ਅਤੇ ਐਸ ਆਈਜ਼ ਅਤੇ ਐਨ ਐਨ ਐਮ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ ਅਤੇ ਵਧ ਰਹੀ ਅਬਾਦੀ ਨੂੰ ਠੱਲ੍ਹ ਪਾਈ ਜਾ ਸਕੇ। ਇਸ ਮੌਕੇ ਬੀ ਈ ਕੇਤਨ ਪ੍ਰਕਾਸ਼ ਨੇ ਦੱਸਿਆ ਕਿ ਨਸਬੰਦੀ ਕਰਵਾਉਣ ਵਾਲੇ ਵਿਅਕਤੀ ਨੂੰ 1100 ਨੂੰ ਵਿੱਤੀ ਸਹਾਇਤਾ ਅਤੇ ਉਪਰੇਸ਼ਨ ਲਈ ਪ੍ਰੇਰਿਤ ਵਿਅਕਤੀ ਨੂੰ 200 ਰੁ: ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਮੌਕੇ ਚੰਦਾ ਐਲ ਐਚ ਵੀ ਸੁਰਿੰਦਰ ਪਾਲ ਐਸ ਆਈ ਕੁਲਵਿੰਦਰ ਕੌਰ ਏ ਐਨ ਐਮ ਆਦਿ ਹਾਜ਼ਰ ਸਨ।

# ਰੋਟਰੀ ਮੈਂਬਰਾਂ ਵੱਲੋਂ ਕਰਨ ਸਚਦੇਵਾ ਦਾ ਸਨਮਾਨ

**ਅੰਮ੍ਰਿਤਸਰ (ਅਰੋੜਾ)**-ਰੋਟਰੀ ਕਲੱਬ ਅੰਮ੍ਰਿਤਸਰ ਵੈਸਟ ਅਤੇ ਰੋਟਰੀ ਕਲੱਬ ਨੌਰਥ ਵੱਲੋਂ ਸਮੂਹਿਕ ਰੂਪ 'ਚ ਚਲਾਏ ਗਏ ਅਭਿਆਨ ਦੇ ਤਹਿਤ ਸਮਾਜ ਵਿੱਚ ਆਪਣੇ ਅਹੁਦਿਆਂ 'ਤੇ ਰਹਿ ਕੇ ਸ਼ਲਾਘਾਯੋਗ ਭੂਮਿਕਾ ਨਿਭਾਉਣ ਦੇਸ਼ ਅਤੇ ਸਮਾਜ ਭਲਾਈ ਕੰਮਾਂ ਵਿੱਚ ਆਪਣਾ ਸ਼ਲਾਘਾਯੋਗ ਸਹਿਯੋਗ ਦੇਣ ਵਾਲੇ ਅਧਿਕਾਰੀਆਂ ਨੂੰ ਸਨਮਾਨਿਤ ਕੀਤੇ ਜਾਣ ਵਾਲੀ ਮੁਹਿੰਮ ਦੇ ਚੱਲਦੇ ਅੰਮ੍ਰਿਤਸਰ ਦੇ ਆਸ ਪਾਸ ਕਸਬਿਆਂ ਵਿੱਚ ਆਪਣੀ ਸਮੂਹ ਸਟਾਫ ਦੇ ਸਾਥ ਮਿਲ ਕੇ ਸਿਹਤ ਵਿਭਾਗ ਵੱਲੋਂ ਨਿਰਧਾਰਿਤ ਨਿਯਮਾਂ ਨੂੰ ਲਾਗੂ ਕਰਵਾਉਣ ਵਿੱਚ ਖਾਸ ਭੂਮਿਕਾ ਨਿਭਾਉਣ ਵਾਲੇ ਜ਼ੋਨਲ ਲਾਇਸੈਂਸਿੰਗ ਅਥਾਰਟੀ ਡਰੱਗ ਕਰਨ ਸਚਦੇਵਾ ਨੂੰ ਖਾਸ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਸਹਾਇਕ ਗਵਰਨਰ ਦੇ ਨਾਲ ਡਾਕਟਰ ਜਸਪ੍ਰੀਤ ਗਰੋਵਰ, ਰਮਨ ਗੁਪਤਾ, ਰਕੇਸ਼ ਅਰੋੜਾ, ਨਰੇਸ਼ ਗਰੋਵਰ, ਸ਼ਾਲੂ ਅਗਰਵਾਲ, ਹਰੀ ਸ਼ਰਨ ਅਤੇ ਰੋਟਰੀ ਕੱਲਬਾਂ ਦੇ ਹੋਰ ਮੈਂਬਰ ਮੌਜੂਦ ਸਨ।

# ਸੇਂਟ ਸੋਲਜਰ ਸਕੂਲ ਦੇ ਪਾੜ੍ਹਿਆਂ ਨੇ ਮਨਾਇਆ 'ਹੈਲੋ ਡੇਅ'




ਜਲੰਧਰ, (ਇਕਬਾਲ ਸਿੰਘ ਉੱਭੀ)

ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਵਿਖੇ 'ਵਿਸ਼ਵ ਹੈਲੋ ਡੇਅ' ਮਨਾਇਆ ਗਿਆ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਪਣੀ ਮੇਲਜੋਲ ਨਾਲ ਰਹਿਣ ਲਈ ਪ੍ਰੇਰਿਤ ਕਰਨਾ ਸੀ। ਇਸ ਦੌਰਾਨ ਸਕੂਲ ਪ੍ਰਿੰਸੀਪਲ ਗਗਨਦੀਪ ਸਿੰਘ ਤੇ ਸਟਾਫ ਨਾਲ ਨੰਨ੍ਹੇ ਵਿਦਿਆਰਥੀਆਂ ਨੇ ਹਰ ਸਮੱਸਿਆ ਗੱਲਬਾਤ ਰਾਹੀਂ ਹੱਲ ਕਰਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਵਿਦਿਆਰਥੀਆਂ ਨੂੰ ਹੈਲੋ ਡੇਅ ਦੇ ਇਤਿਹਾਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਗਗਨਦੀਪ ਸਿੰਘ ਨੇ ਕਿਹਾ ਕਿ 1973 'ਚ ਇਜ਼ਰਾਈਲ ਤੇ ਮਿਸ਼ਰ ਵਿਚਕਾਰ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਸੰਘਰਸ਼ ਸਮਾਪਤ ਹੋਇਆ ਸੀ। ਇਸ ਸੰਘਰਸ਼ ਦੌਰਾਨ ਹਜ਼ਾਰਾਂ ਲੋਕ ਮਾਰੇ ਗਏ। ਇਸ ਲਈ ਗੱਲਬਾਤ ਰਾਹੀਂ ਸੰਘਰਸ਼ ਨੂੰ ਖ਼ਤਮ ਕਰਨ ਸਬੰਧੀ ਪਹਿਲ ਕੀਤੀ ਗਈ। ਇਜ਼ਰਾਈਲ ਤੇ ਮਿਸ਼ਰ ਵਿਚਕਾਰ ਸ਼ਾਂਤੀ ਸਥਾਪਿਤ ਕਰਨ ਲਈ ਜੋ ਪਹਿਲਾ ਸ਼ਬਦ ਬੋਲਿਆ ਗਿਆ ਸੀ, ਉਹ 'ਹੈਲੋ' ਸੀ। ਇਸੇ ਕਾਰਨ ਨਵੰਬਰ 1973 ਤੋਂ ਹਰ ਸਾਲ 'ਵਿਸ਼ਵ ਹੈਲੋ ਡੇਅ' ਮਨਾਇਆ ਜਾਂਦਾ ਹੈ। ਅੱਜ ਦੁਨੀਆ ਦੇ 180 ਦੇਸ਼ਾਂ 'ਚ ਇਹ ਦਿਹਾੜਾ ਮਨਾਇਆ ਜਾ ਰਿਹਾ ਹੈ। ਪ੍ਰਿੰਸੀਪਲ ਗਗਨ ਨੇ ਕਿਹਾ ਕਿ ਦੁਨੀਆ ਦੇ ਹਰ ਵੱਡੇ ਤੋਂ ਵੱਡੇ ਸੰਘਰਸ਼ ਨੂੰ ਖ਼ਤਮ ਕਰਨ ਦਾ ਤਰੀਕਾ ਸਭ ਤੋਂ ਸੌਖਾ ਤੇ ਵਧੀਆ ਉਪਾਅ ਗੱਲਬਾਤ ਹੈ। ਇਹੀ ਕਾਰਨ ਹੈ ਕਿ ਅੱਜ ਵਿਸ਼ਵ ਭਰ ਹਰ ਮਸਲੇ ਨੂੰ ਗੱਲਬਾਤ ਰਾਹੀਂ ਹੱਲ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਸਮੂਹ ਵਿਦਿਆਰਥੀਆਂ ਨੂੰ ਆਪਸੀ ਮੇਲਜੋਲ ਨਾਲ ਰਹਿਣ ਤੇ ਇਕ-ਦੂਜੇ ਨੂੰ ਹੈਲੋ ਬੋਲਣ ਲਈ ਪ੍ਰੇਰਿਆ।

# ਅਕਾਲੀ ਦਲ ਵਲੋਂ ਬੂਥ ਲੈਵਲ ਦੀਆਂ ਕਮੇਟੀਆਂ ਬਣਾਈਆਂ ਜਾਣਗੀਆਂ : ਗਿੱਲ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**- ਇੱਥੇ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਰੋਪੜ ਦੇ ਅਬਜਰਵਰ ਰਣਜੀਤ ਸਿੰਘ ਗਿੱਲ ਵਲੋਂ ਸਥਾਨਕ ਅਕਾਲੀ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆ ਉਨ੍ਹਾਂ ਦੱਸਿਆ ਕਿ ਪਿੰਡ ਪੱਧਰ ਤੇ ਆਉਣ ਵਾਲੇ ਸਮੇਂ ਵਿੱਚ ਅਕਾਲੀ ਦਲ ਬੂਥ ਲੈਵਲ ਦੀਆਂ ਕਮੇਟੀਆਂ ਬਣਾਉਣ ਜਾ ਰਿਹਾ ਹੈ, ਤੇ ਇਹ ਮੀਟਿੰਗ ਬੰਦੀ ਸਿੰਘਾਂ ਨੂੰ ਰਿਹਾਅ ਕਰਾਉਣ ਸਬੰਧੀ, ਬੂਥ ਲੈਵਲ 'ਤੇ ਕਮੇਟੀਆਂ ਗਠਨ ਕਰਨ ਸਬੰਧੀ ਅਤੇ ਵਰਕਰਾਂ ਦਾ ਮਾਣ ਸਨਮਾਨ ਕਰਨ ਸਬੰਧੀ ਉਲੀਕੀ ਗਈ ਹੈ। ਬੰਦੀ ਸਿੰਘਾਂ ਦੀ ਰਿਹਾਈ ਬਾਰੇ ਸ਼੍ਰੋਮਣੀ ਅਕਾਲੀ ਦਲ ਸ਼ੁਰੂ ਤੋਂ ਹੀ ਸੰਘਰਸ਼ ਕਰਦਾ ਆ ਰਿਹਾ ਹੈ ਅਤੇ ਅੱਗੇ ਵੀ ਕਰਦਾ ਰਹੇਗਾ। ਰੇਤੇ ਦੇ ਮੁੱਦੇ 'ਤੇ ਗਿੱਲ ਨੇ ਤੰਜ ਕਸਦਿਆਂ ਕਿਹਾ ਕਿ ਉਦੋਂ ਆਮ ਆਦਮੀ ਪਾਰਟੀ ਦੇ ਲੋਕ ਸਾਡੀ ਸਰਕਾਰ 'ਤੇ ਇਲਜ਼ਾਮ ਲਗਾਉਂਦੇ ਸਨ ਕਿ 20 ਹਜਾਰ ਕਰੋੜ ਦਾ ਰੇਤਾ ਚੋਰੀ ਹੁੰਦਾ ਹੈ ਪ੍ਰੰਤੂ ਰੇਤਾ ਤਾਂ ਅੱਜ ਵੀ ਚੋਰੀ ਹੋ ਰਿਹਾ ਹੈ। ਹੁਣ ਆਮ ਆਦਮੀ ਪਾਰਟੀ ਆਪਣੀ ਸਰਕਾਰ ਵੇਲੇ ਇਸ ਨੂੰ ਕਿਉਂ ਨਹੀ ਰੋਕਦੀ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਅਬਜਰਵਰ ਸ੍ਰੀ ਚਮਕੌਰ ਸਾਹਿਬ ਪਰਮਜੀਤ ਸਿੰਘ ਢਿੱਲੋਂ, ਅਜਮੇਰ ਸਿੰਘ ਖੇੜਾ, ਅਮਨਦੀਪ ਸਿੰਘ ਮਾਂਗਟ, ਬਲਦੇਵ ਸਿੰਘ ਹਾਫਿਜਾਬਾਦ, ਪ੍ਰਧਾਨ ਜਗੀਰ ਸਿੰਘ, ਅਮਰੀਕ ਸਿੰਘ ਸੱਲੋਮਾਜਰਾ, ਹਰਦੀਪ ਸਿੰਘ ਸੋਨੀ, ਰਜਿੰਦਰ ਸਿੰਘ, ਲਖਵੀਰ ਸਿੰਘ ਲੱਖੀ ਹਾਫਿਜਾਬਾਦ, ਅਮਨਦੀਪ ਸਿੰਘ ਢਿੱਲੋਂ, ਦਰਸ਼ਨ ਸਿੰਘ ਸਰਪੰਚ, ਕੁਲਵੀਰ ਸਿੰਘ, ਤੇਜਪਾਲ ਸਿੰਘ ਸਿੱਧੂ, ਹਰਨਾਮ ਸਿੰਘ ਕੀੜੀ ਅਤੇ ਜਗਦੇਵ ਸਿੰਘ ਸਰਪੰਚ ਜੱਸੜਾ ਆਦਿ ਹਾਜ਼ਰ ਸਨ।

# 10 ਸਾਲ ਪੂਰੇ ਹੋਣ ਦੀ ਖੁਸ਼ੀ 'ਚ ਕੇਕ ਕੱਟਿਆ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਆਮ ਆਦਮੀ ਪਾਰਟੀ ਦਫਤਰ ਭੋਗਪੁਰ ਵਿਖੇ ਆਮ ਆਦਮੀ ਪਾਰਟੀ ਦੇ ਅੱਜ 10 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਕੇਕ ਕੱਟਿਆ ਗਿਆ। ਇਸ ਮੌਕੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਅਤੇ ਸੰਜੀਵ ਅਗਰਵਾਲ ਨੇ ਕੇਕ ਕੱਟਣ ਦੀ ਰਸਮ ਅਦਾ ਕੀਤੀ। ਇਸ ਮੌਕੇ ਜੀਤ ਲਾਲ ਭੱਟੀ ਨੇ ਕਿਹਾ ਕਿ ਅੱਜ ਇਮਾਨਦਾਰ, ਵਿਕਾਸ-ਪੱਖੀ ਤੇ ਸੱਚੀ ਨੇਕ ਨੀਅਤ ਵਾਲੀ ਰਾਜਨੀਤੀ ਨੂੰ ਦੇਸ਼ 'ਚ 10 ਸਾਲ ਪੂਰੇ ਹੋ ਗਏ ਹਨ। ਆਮ ਆਦਮੀ ਪਾਰਟੀ ਦੇ ਹਰ ਵਲੰਟੀਅਰ, ਜਿਨ੍ਹਾਂ ਦੀ ਮਿਹਨਤ ਸਦਕਾ ਦੇਸ਼ ਨੂੰ ਨਵੀਂ ਉਮੀਦ ਤੇ ਬਦਲਾਅ ਮਿਲਿਆ ਹੈ, ਆਉ ਤਕੜੇ ਹੋ ਕੇ ਦੇਸ਼ ਨੂੰ ਦੁਨੀਆ ਦਾ ਮੋਹਰੀ ਦੇਸ਼ ਬਣਾਉਣ ਲਈ ਕੰਮ ਕਰੀਏ। ਇਸ ਮੌਕੇ ਰਾਕੇਸ਼ ਮਹਿਤਾ, ਸਤਨਾਮ ਸਿੰਘ, ਸੂਬੇਦਾਰ ਹੰਸ ਰਾਜ, ਰਮੇਸ ਚੰਦਰ, ਗੁਰਵਿੰਦਰ ਸਿੰਘ ਸੱਗਰਾਂਵਾਲੀ, ਸਤਨਾਮ ਸਿੰਘ ਟਾਂਡੀ, ਚੌਧਰੀ ਤਰਸੇਮ ਲਾਲ, ਭੁਪਿੰਦਰ ਸਿੰਘ ਦੇਵ, ਜਸਵਿੰਦਰ ਸਿੰਘ, ਪਰਦੀਪ ਸਿੰਘ, ਹੋਰਨਾਂ ਆਗੂਆਂ ਅਤੇ ਵਰਕਰਾਂ ਨੇ ਵਧਾਈ ਦਿੱਤੀ।

# ਸੇਂਟ ਸੋਲਜਰ ਕਾਲਜ ਆਫ ਐਜੂਕੇਸ਼ਨ ਦੇ ਬੀ ਐਡ ਦੇ ਨਤੀਜੇ ਰਹੇ ਸ਼ਾਨਦਾਰ

ਜਲੰਧਰ, (ਇਕਬਾਲ ਸਿੰਘ ਉੱਭੀ)

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਐਲਾਨੇ ਗਏ ਬੀ.ਐਡ ਦੂਜੇ ਸਮੈਸਟਰ ਦੇ ਨਤੀਜਿਆਂ 'ਚ ਸੇਂਟ ਸੋਲਜਰ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਮਾਪਿਆਂ ਅਤੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ। ਚੇਅਰਮੈਨ ਅਨਿਲ ਚੋਪੜਾ, ਕਾਲਜ ਡਾਇਰੈਕਟਰ ਡਾ. ਅਲਕਾ ਗੁਪਤਾ ਨੇ ਦੱਸਿਆ ਕਿ ਕਾਲਜ ਵਿੱਚੋਂ ਕਨਿਕਾ ਚੱਢਾ 74.73 ਫ਼ੀਸਦੀ ਅੰਕ ਲੈ ਕੇ ਪਹਿਲੇ, ਸਲੋਨੀ ਪੁਰੀ 74.31 ਫ਼ੀਸਦੀ ਅੰਕ ਲੈ ਕੇ ਦੂਜੇ, ਗੁਰਤਿੰਦਰ ਕੌਰ 73.89 ਫ਼ੀਸਦੀ ਅੰਕ ਲੈ ਕੇ ਤੀਸਰੇ, ਸਨਾ ਅਰੋੜਾ 73.68 ਫ਼ੀਸਦੀ ਅੰਕ ਲੈ ਕੇ ਚੌਥੇ, ਜੋਤੀ, ਨੇਹਾ, ਚਾਰੂ ਨੇ 72.63 ਫੀਸਦੀ ਅੰਕਾਂ ਨਾਲ ਪੰਜਵਾਂ ਸਥਾਨ ਹਾਸਲ ਕੀਤਾ। ਡਾ. ਗੁਪਤਾ ਨੇ ਦੱਸਿਆ ਕਿ ਸੰਸਥਾ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਹੈ ਅਤੇ ਸਾਰੇ ਵਿਦਿਆਰਥੀ



ਚੰਗੇ ਅੰਕ ਲੈ ਕੇ ਪਾਸ ਹੋਏ ਹਨ। ਵਿਦਿਆਰਥੀਆਂ ਨੇ ਆਪਣੀ ਸਫਲਤਾ ਦਾ ਸਿਹਰਾ ਕਾਲਜ ਮੈਨੇਜਮੈਂਟ ਅਤੇ ਅਧਿਆਪਕਾਂ ਨੂੰ ਦਿੱਤਾ। ਚੇਅਰਮੈਨ ਚੋਪੜਾ ਨੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਕਿਸਾਨ ਤੇ ਕਿਸਾਨੀ ਨੂੰ ਬਚਾਉਣ ਲਈ ਦਿਨ ਰਾਤ ਰਹਾਂਗਾ ਯਤਨਸ਼ੀਲ : ਡਾ. ਰਾਜ



ਹੁਸ਼ਿਆਰਪੁਰ (ਓ ਪੀ ਰਾਣਾ )

ਹਲਕਾ ਚੱਬੇਵਾਲ ਦੇ ਵਿਧਾਇਕ ਅਤੇ ਵਿਧਾਨ ਸਭਾ ਵਿੱਚ ਉਪਨੇਤਾ ਵਿਰੋਧੀ ਧਿਰ ਡਾ. ਰਾਜ ਕੁਮਾਰ ਨੇ ਪਿੰਡ ਹਰਮੋਇਆ ਵਿੱਚ 62 ਲੱਖ ਰੁਪਏ ਦੀ ਲਾਗਤ ਨਾਲ ਲਗਾਏ ਗਏ ਸਿੰਚਾਈ ਟਿਊਬਵੈਲ ਦਾ ਉਦਘਾਟਨ ਕੀਤਾ। ਇਸ ਮੌਕੇ ਪਿੰਡ ਨਿਵਾਸੀਆਂ ਨੇ ਡਾ. ਰਾਜ ਦਾ ਨਿੱਘਾ ਸਵਾਗਤ ਕਰਦੇ ਹੋਏ ਟਿਊਬਵੈਲ ਲਗਾਉਣ ਲਈ ਉਹਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਰਾਜ ਨੇ ਪਿੰਡ ਵਾਸੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਕਿਸਾਨਾਂ ਅਤੇ ਕਿਸਾਨੀ ਨੂੰ ਬਚਾਉਣ ਲਈ ਉਹ ਦਿਨ ਰਾਤ ਯਤਨਸ਼ੀਲ ਹਨ ਅਤੇ ਰਹਿਣਗੇ। ਉਹਨਾਂ ਨੇ ਕਿਹਾ ਕਿ ਹਰਮੋਇਆ ਵਿੱਚ ਸਿੰਚਾਈ ਲਈ ਟਿਊਬਵੈਲ ਲਗਾਉਣ ਦੀ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਅਤੇ ਉਹਨਾਂ ਦੀ ਮੰਗ ਨੂੰ ਦੇਖਦੇ ਹੋਏ ਪਿਛਲੀ ਕਾਂਗਰਸ ਸਰਕਾਰ ਦੇ ਸਮੇਂ ਵਿੱਚ ਟਿਊਬਵੈਲ ਪਾਸ ਕਰਵਾਕੇ ਇਸਦਾ ਕੰਮ ਸ਼ੁਰੂ ਕਰਵਾਇਆ ਸੀ। ਇਸ ਦੇ ਚਾਲੂ ਹੋਣ ਨਾਲ ਪਿੰਡ ਹਰਮੋਇਆ ਅਤੇ ਆਸਪਾਸ ਦੇ ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਨੂੰ ਪਾਣੀ ਮਿਲੇਗਾ, ਜਿਸ ਨਾਲ ਇਲਾਕੇ ਦੀ ਪੈਦਾਵਾਰ ਵਧੇਗੀ ਅਤੇ ਕਿਸਾਨ ਹੋਰ ਵੀ ਖੁਸ਼ਹਾਲ ਹੋਣਗੇ। ਡਾ. ਰਾਜ ਨੇ ਦੱਸਿਆ ਕਿ ਪਿਛਲੀ ਕਾਂਗਰਸ ਸਰਕਾਰ ਦੇ ਸਮੇਂ ਵਿੱਚ ਜੋ ਵਿਕਾਸ ਕਾਰਜ ਹੋਏ ਅਤੇ ਜੋ ਸ਼ੁਰੂ ਹੋਏ ਸਨ ਉਹ ਹੀ ਪੂਰੇ ਹੋਏ ਹਨ ਅਤੇ ਹੋ ਰਹੇ ਹਨ। ਪਰ ਦੁੱਖ ਦੀ ਗੱਲ ਹੈ ਕਿ ਮੌਜੂਦਾ ਆਪ ਸਰਕਾਰ ਵੱਲੋਂ ਅਜੇ ਤੱਕ ਨਵੇਂ ਕਾਰਜਾਂ ਤੇ ਕੰਮ ਸ਼ੁਰੂ ਨਹੀਂ ਕੀਤਾ ਗਿਆ। ਜਿਸਦੇ ਚਲਦੇ ਹਲਕਾ ਵਾਸੀ ਹੀ ਨਹੀਂ ਪੂਰੇ ਪੰਜਾਬ ਵਾਸੀ ਖੁਦ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਉਹਨਾਂ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਹਲਕੇ ਦੇ ਵਿਕਾਸ ਦੇ ਲਈ ਉਹਨਾਂ ਵੱਲੋਂ ਨਾ ਤਾਂ ਪਹਿਲਾਂ ਕੋਈ ਕਸਰ ਛੱਡੀ ਸੀ ਅਤੇ ਨਾ ਅੱਗੇ ਛੱਡੀ ਜਾਵੇਗੀ। ਇਸ ਮੌਕੇ ਤੇ ਸਰਪੰਚ ਹਰਮੋਇਆ ਅਮਰਜੀਤ ਸਿੰਘ, ਸਰਪੰਚ ਖੇੜਾ ਕਲਾਂ ਸੁਦੇਸ਼ ਕੁਮਾਰੀ, ਸਰਪੰਚ ਪੱਟੀ ਸ਼ਿੰਦਰ ਪਾਲ, ਸਰਪੰਚ ਫਲਾਹੀ ਸੁਰਜੀਤ ਸਿੰਘ, ਪ੍ਰੀਤਮ ਦਾਸ ਰਾਣਾ ਹਰਮੋਇਆ, ਡਾ. ਪਾਲ ਅੱਟੋਵਾਲ, ਬਲਵਿੰਦਰ ਸਿੰਘ ਮਾਨਾ, ਡਾ. ਰੋਸ਼ਨ ਲਾਲ ਬਡਲਾ, ਸਰਪੰਚ ਮਰਨਾਇਆਂ ਜਸਵਿੰਦਰ ਸਿੰਘ ਅਤੇ ਪਿੰਡ ਵਾਸੀ ਮੌਜੂਦ ਸਨ।

# ਸਰਕਾਰੀ ਐਲੀਮੈਂਟਰੀ ਸਕੂਲ ਸਪਰੋੜ ਵਿਖੇ 72ਵਾਂ ਸੰਵਿਧਾਨ ਦਿਹਾੜਾ ਮਨਾਇਆ



ਜਲੰਧਰ (ਰਾਜੇਸ਼ ਥਾਪਾ)

ਸਰਕਾਰੀ ਐਲੀਮੈਂਟਰੀ ਸਕੂਲ ਸਪਰੋੜ ਵਿਖੇ ਭਾਰਤੀ ਸੰਵਿਧਾਨ ਦਾ 72 ਵਾਂ ਸੰਵਿਧਾਨ ਦਿਹਾੜਾ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਗਣੇਸ਼ ਭਗਤ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜਦੋਂ ਦੇਸ਼ ਅਜ਼ਾਦ ਹੋ ਗਿਆ ਤਾਂ ਉਸ ਉਪਰੰਤ ਦੇਸ਼ ਨੂੰ ਚਲਾਉਣ ਲਈ ਸੰਵਿਧਾਨ ਲਿਖਣ ਦੀ ਜ਼ਰੂਰਤ ਸੀ। ਉਸ ਸਮੇਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਰਹਿਨੁਮਾਈ ਹੇਠ ਭਾਰਤੀ ਸੰਵਿਧਾਨ ਲਿਖਿਆ ਗਿਆ। ਜਿਸ ਨੂੰ ਤਿਆਰ ਕਰਨ ਲਈ ਲਗਭਗ ਤਿੰਨ ਸਾਲ ਲੱਗੇ। ਉਨ੍ਹਾਂ ਭਾਰਤੀ ਸੰਵਿਧਾਨ ਵਿੱਚ ਸਭ ਧਰਮਾਂ ਦੇ ਲੋਕਾਂ ਨੂੰ ਸਮਾਨਤਾ ਦੇ ਅਧਿਕਾਰ ਦਿੱਤੇ। ਭਾਰਤੀ ਸੰਵਿਧਾਨ ਦੁਨੀਆ ਦਾ ਸਭ ਵੱਡਾ ਤੋਂ ਸੰਵਿਧਾਨ ਲਿਖ ਕੇ ਭਾਰਤੀ ਲੋਕਾਂ ਨੂੰ ਸਮਰਪਤ ਕੀਤਾ। ਅੱਜ ਸਾਡੇ ਲਈ ਮਾਣ ਦੀ ਗੱਲ ਅਸੀਂ 72 ਵਾਂ ਸੰਵਿਧਾਨ ਦਿਹਾੜਾ ਮਨਾ ਰਹੇ ਹਾਂ। ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਦੱਬੇ-ਕੁਚਲੇ ਲੋਕਾਂ ਪ੍ਰਤੀ ਸੰਵਿਧਾਨ ਲਿਖ ਕੇ ਉਨ੍ਹਾਂ ਜੋ ਅਧਿਕਾਰ ਦਿਵਾਏ ਸਾਡੇ ਲਈ ਬੜੀ ਮਾਣ ਦੀ ਗੱਲ ਹੈ। ਇਸ ਮੌਕੇ ਪਿੰਡ ਸਪਰੋੜ ਗ੍ਰਾਮ ਪੰਚਾਇਤ ਵੱਲੋਂ ਧਰਮ ਪਾਲ ਅਤੇ ਸਮਾਜ ਸੇਵਕ ਕਮਲ ਕ੍ਰਿਸ਼ਨ ਰੱਲ੍ਹ ਹਾਜ਼ਰ ਹੋਏ। ਇਸ ਮੌਕੇ ਮੈਡਮ ਜਸਵਿੰਦਰ ਕੁਮਾਰੀ, ਮੈਡਮ ਰੀਨੂੰ ਸੰਗਘੋਤਰਾ, ਮੈਡਮ ਅੰਜੂ ਬਾਲਾ, ਮੈਡਲ ਨੀਲਮ ਅਤੇ ਪਿੰਡ ਨਿਵਾਸੀ ਹਾਜ਼ਰ ਸਨ। ਇਸ ਮੌਕੇ ਬੱਚਿਆਂ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਜੀਵਨ ਦੇ ਅਧਾਰਤ ਪ੍ਰੋਗਰਾਮ ਪੇਸ਼ ਕੀਤਾ।

# ਆਮ ਆਦਮੀ ਪਾਰਟੀ ਅਸਲ 'ਚ ਸਿਹਤ ਸਹੂਲਤਾਂ ਦੇ ਸੁਧਾਰ ਲਈ ਕਰ ਰਹੀ ਡਰਾਮਾ : ਭਾਜਪਾ ਆਗੂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਭਾਜਪਾ ਆਗੂ ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ, ਜ਼ਿਲ੍ਹਾ ਪ੍ਰਧਾਨ ਨਿਪੁਨ ਸ਼ਰਮਾ, ਜ਼ਿਲ੍ਹਾ ਜਨਰਲ ਸਕੱਤਰ ਵਿਨੋਦ ਪਰਮਾਰ, ਮੀਨੂੰ ਸੇਠੀ, ਕੌਂਸਲਰ ਸੁਰਿੰਦਰ ਪਾਲ ਭੱਟੀ, ਕੌਂਸਲਰ ਨਰਿੰਦਰ ਕੌਰ, ਕੌਂਸਲਰ ਗੀਤਿਕਾ ਅਰੋੜਾ, ਕੌਂਸਲਰ ਗੁਰਪ੍ਰੀਤ ਕੌਰ, ਸੰਜੀਵ ਅਰੋੜਾ ਸੰਜੂ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਅਸਲ ਵਿੱਚ ਸਿਹਤ ਸਹੂਲਤਾਂ ਵਿੱਚ ਸੁਧਾਰ ਕਰਨ ਲਈ ਆਪਣੀ ਪ੍ਰਚਾਰ ਨੀਤੀ ਦੇ ਹਿੱਸੇ ਵਜੋਂ ਸਿਰਫ ਡਰਾਮਾ ਕਰ ਰਹੀ ਹੈ। ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨਾਲ 16,000 ਮੁਹੱਲਾ ਕਲੀਨਿਕ ਖੋਲ੍ਹਣ ਦਾ ਵਾਅਦਾ ਕੀਤਾ ਸੀ। ਜਦੋਂ ਕਿ 1 ਸਾਲ ਵਿੱਚ ਹੀ ਪੁਰਾਣੇ ਸੁਵਿਧਾ ਕੇਂਦਰ ਦੀਆਂ ਇਮਾਰਤਾਂ ਵਿੱਚ 100 ਮੁਹੱਲਾ ਕਲੀਨਿਕ ਖੁੱਲ੍ਹ ਸਕੇ ਹਨ। ਹੁਣ ਖੁਰਾਕ ਸਪਲਾਈ ਕਰਨ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪ੍ਰਾਇਮਰੀ ਹੈਲਥ ਸੈਂਟਰਾਂ ਦਾ ਨਾਂ ਬਦਲ ਕੇ ਆਮ ਆਦਮੀ ਕਲੀਨਿਕ ਕਰਨ ਦੀ ਯੋਜਨਾ ਬਣਾਈ ਹੈ, ਜੋ ਕਿ ਪੰਜਾਬ ਦੇ ਲੋਕਾਂ ਨਾਲ ਧੋਖਾ ਹੈ। ਸ੍ਰੀ ਤੀਕਸ਼ਨ ਸੂਦ ਨੇ ਕਿਹਾ ਕਿ ਸਿਰਫ਼ ਨਾਮ ਬਦਲਣ ਨਾਲ ਕੁਝ ਨਹੀਂ ਹੋਵੇਗਾ, ਸਿਹਤ ਸਹੂਲਤਾਂ ਵਿੱਚ ਸੁਧਾਰ ਕਰੋ। ਉਨ੍ਹਾਂ ਕਿਹਾ ਕਿ ਇਸ ਸਮੇਂ ਲੋਕਾਂ ਦੀ ਮੰਗ ਹੈ ਕਿ ਆਯੂਸ਼ਮਾਨ ਯੋਜਨਾ ਨੂੰ ਪੰਜਾਬ ਵਿੱਚ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਆਯੂਸ਼ਮਾਨ ਯੋਜਨਾ ਦੇ ਕਾਰਨ ਲੱਖਾਂ ਲੋਕਾਂ ਦੀ ਜਾਨ ਬਚਾਈ ਗਈ ਹੈ ਕਿਉਂਕਿ ਲੱਖਾਂ ਗਰੀਬ ਲੋਕਾਂ ਨੂੰ 5 ਲੱਖ ਰੁਪਏ ਤੱਕ ਦੀਆਂ ਸਿਹਤ ਸਹੂਲਤਾਂ ਦਾ ਮੁਫਤ ਲਾਭ ਮਿਲਿਆ ਹੈ। ਆਮ ਆਦਮੀ ਪਾਰਟੀ ਨੂੰ ਮੁਹੱਲਾ ਕਲੀਨਿਕਾਂ ਦਾ ਡਰਾਮਾ ਕਰਨ ਦੀ ਬਜਾਏ ਪਹਿਲਾਂ ਹੀ ਚੱਲ ਰਹੇ ਸਿਹਤ ਕੇਂਦਰਾਂ ਨੂੰ ਮਜ਼ਬੂਤ ਕਰਨਾ ਹੋਵੇਗਾ ਤਾਂ ਜੋ ਗਰੀਬ ਲੋਕਾਂ ਨੂੰ ਪਹਿਲਾਂ ਵਾਂਗ ਉੱਥੇ ਮੁਫ਼ਤ ਦਵਾਈਆਂ ਅਤੇ ਸਹੀ ਇਲਾਜ ਮਿਲ ਸਕੇ। ਉਨ੍ਹਾਂ ਕਿਹਾ ਕਿ ਸਭ ਤੋਂ ਵੱਡੀ ਸਮੱਸਿਆ ਡਾਕਟਰਾਂ ਅਤੇ ਹੋਰ ਸਟਾਫ਼ ਦੀ ਘਾਟ ਹੈ, ਜਿਸ ਨੂੰ ਆਮ ਆਦਮੀ ਪਾਰਟੀ ਵੱਡਾ ਰੌਲਾ ਪਾਉਣ ਦੇ ਬਾਵਜੂਦ ਪੂਰਾ ਨਹੀਂ ਕਰ ਸਕੀ। ਭਾਜਪਾ ਆਗੂਆਂ ਨੇ ਸਥਾਨਕ ਵਿਧਾਇਕ ਤੇ ਮੰਤਰੀ ਜ਼ਿੰਪਾ ਦੇ ਉਸ ਬਿਆਨ ਨੂੰ ਲੋਕਾਂ ਨਾਲ ਬੇਰਹਿਮ ਮਜ਼ਾਕ ਕਰਾਰ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ 33 ਪ੍ਰਾਇਮਰੀ ਹੈਲਥ ਸੈਂਟਰਾਂ ਦੇ ਨਾਂ ਬਦਲ ਕੇ ਆਮ ਆਦਮੀ ਮੁਹੱਲਾ ਕਲੀਨਿਕ ਕਰਨ ਦੀ ਗੱਲ ਕੀਤੀ ਹੈ।

# ਡਾ. ਭੀਮ ਰਾਓ ਅੰਬੇਡਕਰ ਸਰਕਾਰੀ ਕਾਲਜ 'ਚ 'ਸੰਵਿਧਾਨ ਦਿਵਸ' ਸਬੰਧੀ ਸਮਾਗਮ

ਜਲੰਧਰ, (ਸੁਰਿੰਦਰ ਕੁਮਾਰ)

ਸਥਾਨਕ ਜਲੰਧਰ ਵਿੱਚ ਭਾਰਤ ਸਰਕਾਰ ਦੇ ਯੁਵਾ ਤੇ ਖੇਡ ਮੰਤਰਾਲੇ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਹਿਰੂ ਯੁਵਾ ਕੇਂਦਰ ਵਲੋਂ ਡਾ.ਭੀਮ ਰਾਓ ਅੰਬੇਡਕਰ ਸਰਕਾਰੀ ਕਾਲਜ ਵਿਖੇ 'ਸੰਵਿਧਾਨ ਦਿਵਸ' ਮੌਕੇ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਡਾ.ਗਗਨਦੀਪ ਕੌਰ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ।

ਸਮਾਗਮ ਨੂੰ ਸੰਬੋਧਨ ਕਰਦਿਆਂ ਡਾ.ਗਗਨਦੀਪ ਕੌਰ ਨੇ ਕਿਹਾ ਕਿ ਸੰਵਿਧਾਨ ਦਿਵਸ ਮਨਾਉਣ ਦਾ ਮੁੱਖ ਉਦੇਸ਼ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਨੂੰ ਪਹਿਚਾਨਣਾ ਅਤੇ ਰਾਸ਼ਟਰੀ ਏਕਤਾ ਤੇ ਅਖੰਡਤਾ ਨੂੰ ਬਣਾਈ ਰੱਖਣਾ ਹੈ। ਕਾਲਜ ਪ੍ਰਿੰਸੀਪਲ ਡਾ.ਚੰਦਰਾ ਵਲੋਂ ਬਾਬਾ ਸਾਹਿਬ ਦੁਆਰਾ ਮਹਿਲਾਵਾਂ ਦੀ ਸਿੱਖਿਆ ਅਤੇ ਭਲਾਈ ਲਈ ਕੀਤੇ ਗਏ ਅਨੇਕਾਂ ਉਪਰਾਲਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਜ਼ਿਲ੍ਹਾ ਯੁਵਾ ਅਫ਼ਸਰ ਨਿਤਿਆਨੰਦ ਯਾਦਵ ਵਲੋਂ ਸਮਾਗਮ ਦੇ ਮੁੱਖ ਮਹਿਮਾਨ ਡਾ.ਗਗਨਦੀਪ ਕੌਰ ਅਤੇ ਡਾ.ਸੁਰਿੰਦਰ ਸੈਣੀ, ਕੀਰਤੀ ਕਲਿਆਣ, ਦਲਵਿੰਦਰ ਦਿਆਲਪੁਰੀ ਅਤੇ ਹੋਰਨਾਂ ਸਖ਼ਸ਼ੀਅਤਾਂ ਦਾ ਸਵਾਗਤ ਕਰਦਿਆਂ ਨੌਜਵਾਨਾਂ ਨੂੰ ਸੰਵਿਧਾਨ ਦਿਵਸ ਮੌਕੇ ਆਪਣੇ ਅਧਿਕਾਰਾਂ ਦੇ ਨਾਲ-ਨਾਲ ਆਪਣੇ ਕਰਤੱਵਾਂ ਨਾਲ ਜੁੜਨ, ਲੋਕਤੰਤਰ ਵਿੱਚ ਵਿਸ਼ਵਾਸ ਅਤੇ ਲੋਕਤੰਤਰ ਦੀ ਮਜ਼ਬੂਤੀ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਪੇਟਿੰਗ, ਮੋਬਾਇਲ ਫੋਟੋਗ੍ਰਾਫੀ, ਭਾਸ਼ਣ ਮੁਕਾਬਲੇ ਕਰਵਾਉਣ ਤੋਂ ਇਲਾਵਾ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

# ਆਸ਼ਾ ਵਰਕਰ ਤੇ ਫੈਸੀਲੀਟੇਟਰਜ਼ ਦੇ ਵਫਦ ਵਲੋਂ ਮੰਗ ਪੱਤਰ ਨੂੰ ਭੇਜਿਆ ਮੁੱਖ ਮੰਤਰੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਆਸ਼ਾ ਵਰਕਰ ਅਤੇ ਆਸ਼ਾ ਫੈਸੀਲੀਟੇਟਰਜ਼ ਯੂਨੀਅਨ ਪੰਜਾਬ ਦੇ ਸੱਦੇ ਤੇ ਜ਼ਿਲ੍ਹਾ ਪ੍ਰਧਾਨ ਆਸ਼ਾ ਰਾਣੀ ਦੀ ਅਗਵਾਈ ਵਿੱਚ ਹੁਸ਼ਿਆਰਪੁਰ ਯੂਨਿਟ ਦੇ ਵਫਦ ਵਲੋਂ ਵਧੀਕ ਡਿਪਟੀ ਕਮਿਸ਼ਨਰ ਰਾਹੀ ਮਾਨਯੋਗ ਮੁੱਖ ਮੰਤਰੀ ਪੰਜਾਬ ਅਤੇ ਸਿਹਤ ਅਤੇ ਪਰਿਵਾਰ ਕਲਿਆਣ ਭਲਾਈ ਮੰਤਰੀ ਪੰਜਾਬ ਚੰਡੀਗੜ੍ਹ ਨੂੰ ਭੇਜਣ ਲਈ ਮੰਗ ਪੱਤਰ ਦਿੱਤਾ ਗਿਆ। ਵਫਦ ਵਿੱਚ ਸੀਮਾ ਰਾਣੀ, ਨੀਨਾ ਕੁਮਾਰੀ, ਨਿਤਿਨ ਮੇਹਰਾ, ਜੀਵਨ ਰਾਮ, ਨਿਰਮਲ ਰਾਮ ਆਦਿ ਸ਼ਾਮਲ ਸਨ। ਇਸ ਮੌਕੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆ ਸੀਮਾਂ ਰਾਣੀ ਨੇ ਦਸਿਆ ਕਿ ਕਿਸੇ ਵੀ ਵਰਕਰ ਘੱਟ ਤਨਖਾਹ ਦੇ ਕੇ ਵੱਧ ਕੰਮ ਨਹੀਂ ਲਿਆ ਜਾ ਸਕਦਾ। ਇਸ ਲਈ ਸਾਰੀ ਸਕੀਂ ਉਪਰ ਕੰਮ ਕਰ ਰਹੇ ਵਰਕਰਾਂ ਨੂੰ ਪੂਰੀ ਤਨਖਾਹ ਤੇ ਸਹੂਲਤਾਂ ਦੇਣ ਲਈ ਸਰਕਾਰ ਨੂੰ ਤੁਰੰਤ ਗਲਬਾਤ ਕਰਨ ਦੀ ਲੋੜ ਹੈ ਉਨ੍ਹਾਂ ਮੰਗ ਕੀਤੀ ਕਿ ਆਸ਼ਾ ਵਰਕਰ ਅਤੇ ਆਸ਼ਾ ਫੈਸੀਲੀਟੇਟਰਜ਼ ਪਿਛਲੇ 14 ਸਾਲ ਤੋਂ ਕੰਮ ਕਰ ਰਹੀਆਂ ਹਨ ਉਨ੍ਹਾਂ ਦੇ ਤਜਰਬੇ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਤੇ ਉਜਰਤ ਕਾਨੂੰਨ ਲਾਗੂ ਕਰਕੇ ਘੱਟੋਂ ਘੱਟ 26000/- ਰੁਪਏ ਪ੍ਰਤੀ ਮਹੀਨਾ ਤਨਖਾਹ ਦੇ ਕੇ ਰੈਗੂਲਰ ਕੀਤਾ ਜਾਵੇ। ਜੱਥੇਬੰਦੀ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਤੁਰੰਤ ਪੂਰੇ ਕੀਤੇ ਜਾਣ, 5 ਲੱਖ ਦਾ ਸਿਹਤ ਬੀਮਾਂ ਲਾਗੂ ਕੀਤਾ ਜਾਵੇ, 6 ਮਹੀਨੇ ਦੀ ਪ੍ਰਸੂਤੀ ਛੁੱਟੀ ਲਾਗੂ ਕੀਤੀ ਜਾਵੇ, ਆਸ਼ਾ ਵਰਕਰ ਅਤੇ ਆਸ਼ਾ ਫੈਸੀਲੀਟੇਟਰਜ਼ ਨੂੰ ਸਮਾਰਟ ਫੋਨ ਦਿੱਤੇ ਜਾਣ, ਆਸ਼ਾ ਫੈਸੀਲੀਟੇਟਰਜ਼ ਦਾ ਟੂਰ ਅਤੇ ਮਨੀ ਭੱਤਾ ਦੁਗਣਾ ਕੀਤਾ ਜਾਵੇ ਅਤੇ ਕੇਂਦਰ ਵਲੋਂ ਮਿਲਣ ਵਾਲੇ 1000/- ਰੁਪਏ ਪ੍ਰਤੀ ਮਹੀਨਾ ਵਾਧਾ ਕੀਤਾ ਜਾਵੇ, ਆਸ਼ਾਂ ਵਰਕਰਜ਼ ਨੂੰ ਬਿਨਾ ਵਜ੍ਹਾ ਉਨ੍ਹਾਂ ਦੀਆਂ ਸੇਵਾਵਾਂ ਤੋਂ ਖਾਰਜ ਨਾ ਕੀਤਾ ਜਾਵੇ, ਵਰਦੀ ਦਾ ਰੰਗ ਹਰਾ ਹੀ ਰੱਖਿਆਂ ਜਾਵੇ, ਵਰਦੀ ਭੱਤਾ ਵਧਾ ਕੇ 1500/- ਰੁਪਏ ਅਤੇ ਸਰਦੀ ਦਾ ਭੱਤਾ ਵੀ ਲਾਗੂ ਕੀਤਾ ਜਾਵੇ, ਟਰਾਂਸਫਰ ਮਨੀ ਤਿੰਨ ਵਿਜਿਟ 600 ਰੁਪਏ ਦੇਣਾ ਯਕੀਨੀ ਬਣਾਇਆ ਜਾਵੇ, ਆਸ਼ਾ ਵਰਕਰ ਅਤੇ ਫੈਸੀਲੀਟੇਟਰਜ਼ ਨੂੰ ਏ.ਐਨ.ਐਮ. ਅਤੇ ਵਾਰਡ ਅਟੈਂਡੈਂਟ ਦੀ ਭਰਤੀ ਸਮੇਂ ਪੰਜਾਬ ਸਰਕਾਰ ਦੀ ਗਾਈਡ ਲਾਈਨ ਦੇ ਦਿੱਤੇ ਹੋਏ ਕੋਟੇ ਅਨੁਸਾਰ ਭਰਤੀ ਕੀਤਾ ਜਾਵੇ, ਅਤੇ ਸੇਵਾ ਮੁਕਤ ਹੋਣ ਤੋਂ ਬਾਅਦ ਸੇਵਾ ਦੌਰਾਨ ਪਹਿਲੀ ਮਿਲਣ ਵਾਲੀ ਤਨਖਾਹ ਤੋਂ ਅੱਧੀ ਪੈਨਸ਼ਨ ਲਾਗੂ ਕੀਤੇ ਜਾਣ ਦੀ ਮੰਗ ਕੀਤੀ।



**ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਕਾਨਕਰੇਜ ਹਲਕੇ ਵਿਖੇ ਅਰਵਿੰਦ ਕੇਜਰੀਵਾਲ ਕਨਵੀਨਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੁਕੇਸ਼ ਭਾਈ ਠੱਕਰ ਲਈ ਡੋਰ ਟੂ ਡੋਰ ਚੋਣ ਪ੍ਰਚਾਰ ਕਰਦੇ ਹੋਏ ਦਲਜੀਤ ਸਿੰਘ ਰਾਜੂ, ਅਵਤਾਰ ਸਿੰਘ ਸਰਪੰਚ ਪੰਡਵਾਂ, ਨਵਜਿੰਦਰ ਸਿੰਘ ਬਾਹੀਆ, ਵਰੁਣ ਬੰਗੜ ਚੱਕ ਹਕੀਮ ਅਤੇ ਹੋਰ।**

(ਤਸਵੀਰ ਤੇ ਵੇਰਵਾ : ਜਸਵਿੰਦਰ ਢੱਡਾ ਫਗਵਾੜਾ)

# ਲਾਇਲਪੁਰ ਖਾਲਸਾ ਕਾਲਜ ਫਾਰ ਵਿਮੈਨ ਵਿਖੇ 'ਕੈਰੀਆ ਕਾਊਂਸਲਿੰਗ' ਵਿਸ਼ੇ 'ਤੇ ਸੈਮੀਨਾਰ

**ਜਲੰਧਰ (ਇਕਬਾਲ ਸਿੰਘ ਉੱਭੀ)**-ਲਾਇਲਪੁਰ ਖਾਲਸਾ ਕਾਲਜ ਫਾਰ ਵਿਮਨ, ਜਲੰਧਰ ਵਿਖੇ ਪੋਸਟ ਗ੍ਰੈਜੂਏਟ ਕਾਮਰਸ ਤੇ ਮੈਨੇਜਮੈਂਟ ਵਿਭਾਗ ਵੱਲੋਂ ਕੈਰੀਅਰ ਕਾਊਂਸਲਿੰਗ ਵਿਸ਼ੇ ਉੱਪਰ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਵਿਚ ਰੀਸੋਰਸ ਪਰਸਨ ਰੁਪੇਸ਼ ਅਸ਼ਵਨੀ ਸਨ, ਜੋ ਕਿ 2011 ਦੇ ਸੀ.ਏ. ਵਿਚ ਅੱਵਲ ਆਏ, ਐਮ.ਬੀ.ਏ, ਸੀ.ਐਫ.ਓ. ਆਦਿ ਡਿਗਰੀਆਂ ਦੇ ਧਾਰਨੀ ਹਨ ਤੇ ਕਈ ਪੁਸਤਕਾਂ ਦੇ ਲੇਖਕ, ਗਾਇਕ, ਗੀਤਕਾਰ ਆਦਿ ਵੀ ਹਨ। ਉਹ ਸਰਟੀਫਾਈਡ ਕੈਰੀਅਰ ਕਾਊਂਸਲਰ ਹਨ ਤੇ ਸੀ.ਈ.ਓ ਵਜੋਂ ਸ਼ਸ਼ੀਕੁੱਲ ਕੰਪਨੀ ਸੰਭਾਲ ਰਹੇ ਹਨ।

ਉਹਨਾਂ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਉਹਨਾਂ ਨੂੰ ਆਪਣੇ ਜੀਵਨ ਉਦੇਸ਼ ਬਾਰੇ ਹੋਰ ਵਧੇਰੇ ਚੇਤੰਨ ਹੋਣ ਲਈ ਪ੍ਰੇਰਿਆ। ਉਹਨਾਂ ਨੇ ਕੈਰੀਅਰ ਦੀ ਚੋਣ, ਰਸਤੇ ਵਿਚ ਆਉਂਦੀਆ ਰੁਕਾਵਟਾਂ ਦੇ ਸਮਾਧਾਨ ਤੇ ਭਵਿੱਖ ਲਈ ਬਿਹਤਰ ਤਿਆਰੀ ਦੇ ਨੁਕਤੇ ਸਮਝਾਏ। ਕਾਲਜ ਪ੍ਰਿੰਸੀਪਲ ਡਾ. ਨਵਜੋਤ ਮੈਡਮ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਹ ਸੈਸ਼ਨ ਸੱਚਮੁੱਚ ਵਿਦਿਆਰਥੀਆਂ ਵੱਲੋਂ ਭਵਿੱਖ ਦੀ ਉਸਾਰੀ ਵਿਚ ਸਹਾਇਕ ਸਿੱਧ ਹੋਵੇਗਾ।

## ਜ਼ਮੀਨ ਮਾਲਕਾਂ ਨੂੰ ਵੰਡਿਆ ਜਾ ਰਿਹੈ ਮੁਆਵਜ਼ਾ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਜ਼ਿਲ੍ਹਾ ਮਾਲ ਅਫਸਰ ਰੂਪਨਗਰ ਗੁਰਦੇਵ ਸਿੰਘ ਧੰਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰੋਜੈਕਟ ਲੁਧਿਆਣਾ ਤੋਂ ਰੂਪਨਗਰ (66+000 ਤੋਂ 86+000) ਅਧੀਨ ਤਹਿਸੀਲ ਮੋਰਿੰਡਾ, ਸ੍ਰੀ ਚਮਕੌਰ ਸਾਹਿਬ ਅਤੇ ਰੋਪੜ ਦੇ ਜਿਨ੍ਹਾਂ ਪਿੰਡਾਂ ਦੇ ਜਮੀਨ ਮਾਲਕਾਂ ਦੀ ਜਮੀਨ ਐਕੁਆਇਰ ਕੀਤੀ ਗਈ ਹੈ, ਉਹਨਾਂ ਨੂੰ ਮੁਆਵਜਾ ਵੰਡਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਮਾਲਕਾਂ ਨੂੰ ਹੁਣ ਤਕ ਐਕੁਆਇਰ ਹੋਈ ਜਮੀਨ ਦੀ ਪੈਮੇਂਟ ਨਹੀ ਹੋਈ ਹੈ, ਉਹ ਆਪਣੇ ਲੋੜੀਂਦੇ ਦਸਤਾਵੇਜ ਨਾਲ ਲੈ ਕੇ ਕਿਸੇ ਵੀ ਕੰਮ ਵਾਲੇ ਦਿਨ ਜ਼ਿਲ੍ਹਾ ਮਾਲ ਦਫਤਰ ਰੂਪਨਗਰ ਤੋਂ ਆਪਣਾ ਮੁਆਵਜਾ ਪ੍ਰਾਪਤ ਕਰ ਸਕਦੇ ਹਨ।

# 3 ਭਗੌੜੇ ਏਜੰਟ ਗ੍ਰਿਫ਼ਤਾਰ



**ਜਲੰਧਰ (ਸ਼ੈਲੀ ਐਲਬਰਟ)**-ਪੰਜਾਬ ਵਿਜੀਲੈਂਸ ਬਿਊਰੋ ਨੇ ਮੋਟਰ ਵਹੀਕਲ ਇੰਸਪੈਕਟਰ (ਐੱਮ ਵੀ ਆਈ) ਜਲੰਧਰ ਨਰੇਸ਼ ਕਲੇਰ ਦੀ ਮਿਲੀਭੁਗਤ ਨਾਲ ਵਪਾਰਕ ਅਤੇ ਨਿੱਜੀ ਵਾਹਨਾਂ ਦੀ ਜਾਂਚ ਕੀਤੇ ਬਿਨਾਂ ਮੋਟੀਆਂ ਰਿਸ਼ਵਤਾਂ ਲੈ ਕੇ ਫਿਟਨੈੱਸ ਸਰਟੀਫਿਕੇਟ ਜਾਰੀ ਕਰਨ/ਪ੍ਰਾਪਤ ਕਰਨ ਵਾਲੇ 3 ਭਗੌੜੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਬਿਊਰੋ ਨੇ ਸਾਰੇ ਮੁਲਜ਼ਮਾਂ ਦੇ ਮੋਬਾਇਲ ਫੋਨ ਅਤੇ ਸਿਮ ਕਾਰਡ ਜ਼ਬਤ ਕਰ ਲਏ ਹਨ ਅਤੇ ਇਸ ਕੇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਇਹਨਾਂ ਨੂੰ ਡਾਟਾ ਮਾਹਰਾਂ ਕੋਲ ਭੇਜਿਆ ਜਾਵੇਗਾ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਪੰਕਜ ਢੀਂਗਰਾ ਉਰਫ਼ ਭੋਲੂ ਵਾਸੀ ਨਿਊ ਕੈਲਾਸ਼ ਨਗਰ, ਸੋਡਲ ਰੋਡ ਜਲੰਧਰ, ਬ੍ਰਿਜਪਾਲ ਸਿੰਘ ਉਰਫ਼ ਰਿਕੀ ਵਾਸੀ ਕ੍ਰਿਸ਼ਨਾ ਨਗਰ, ਜਲੰਧਰ ਅਤੇ ਅਰਵਿੰਦ ਕੁਮਾਰ ਉਰਫ਼ ਬਿੰਦੂ ਵਾਸੀ ਉਪਕਾਰ ਨਗਰ, ਜਲੰਧਰ ਵਜੋਂ ਹੋਈ ਹੈ। ਬਿਊਰੋ ਵੱਲੋਂ ਐੱਮ ਵੀ ਆਈ ਜਲੰਧਰ ਦੇ ਦਫਤਰ ਦੀ ਅਚਨਚੇਤ ਚੈਕਿੰਗ ਕੀਤੀ ਗਈ ਸੀ ਅਤੇ ਪ੍ਰਾਈਵੇਟ ਏਜੰਟਾਂ ਦੀ ਮਿਲੀਭੁਗਤ ਨਾਲ ਵੱਡੇ ਪੱਧਰ 'ਤੇ ਵਾਹਨਾਂ ਲਈ ਫਿਟਨੈੱਸ ਸਰਟੀਫਿਕੇਟ ਜਾਰੀ ਕਰਨ ਲਈ ਕੀਤੇ ਜਾ ਰਹੇ ਸੰਗਠਿਤ ਭ੍ਰਿਸ਼ਟਾਚਾਰ ਦਾ ਪਰਦਾ ਫਾਸ਼ ਕੀਤਾ ਸੀ। ਬੁਲਾਰੇ ਨੇ ਦੱਸਿਆ ਕਿ ਪੁਖਤਾ ਸਬੂਤਾਂ ਦੇ ਆਧਾਰ 'ਤੇ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਮੁਕੱਦਮਾ ਬੀਤੀ 23 ਅਗਸਤ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7-ਏ ਅਤੇ ਆਈ ਪੀ ਸੀ ਦੀ ਧਾਰਾ 420, 120-ਬੀ ਅਧੀਨ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਕੁਲ 6 ਮੁਲਜ਼ਮ ਪਹਿਲਾਂ ਹੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ, ਜੋ ਕਿ ਜੇਲ੍ਹ ਵਿੱਚ ਬੰਦ ਹਨ, ਜਿਨ੍ਹਾਂ ਵਿੱਚ ਨਰੇਸ਼ ਕਲੇਰ, ਰਾਮਪਾਲ ਉਰਫ ਰਾਧੇ, ਮੋਹਨ ਲਾਲ ਉਰਫ ਕਾਲੂ, ਪਰਮਜੀਤ ਸਿੰਘ ਬੇਦੀ, ਸੁਰਜੀਤ ਸਿੰਘ ਅਤੇ ਹਰਵਿੰਦਰ ਸਿੰਘ (ਸਾਰੇ ਪ੍ਰਾਈਵੇਟ ਏਜੰਟ) ਸ਼ਾਮਲ ਹਨ।

# 40 ਹਜ਼ਾਰ ਪਰਵਾਸੀ ਪੰਛੀ ਹਰੀਕੇ ਪੱਤਣ ਪਹੁੰਚ ਗਏ

**ਹਰੀਕੇ** : ਪੰਜਾਬ ਦੀ ਹਰੀਕੇ ਜਲਗਾਹ 'ਚ ਵੱਖ-ਵੱਖ ਦੇਸ਼ਾਂ ਤੋਂ ਪਰਵਾਸੀ ਪੰਛੀ ਆਉਣੇ ਸ਼ੁਰੂ ਹੋ ਗਏ ਹਨ। ਹੁਣ ਤੱਕ 40,000 ਦੇ ਕਰੀਬ ਪਰਵਾਸੀ ਪੰਛੀ ਉੱਤਰੀ ਭਾਰਤ ਦੀ ਸਭ ਤੋਂ ਵੱਡੀ ਜਲਗਾਹ 'ਚ ਪਹੁੰਚ ਚੁੱਕੇ ਹਨ।



ਸਾਇਬੇਰੀਆ, ਮੰਗੋਲੀਆ, ਕਜ਼ਾਕਿਸਤਾਨ, ਉਜ਼ਬੇਕਿਸਤਾਨ, ਰੂਸ ਅਤੇ ਹੋਰਨਾਂ ਦੇਸ਼ਾਂ ਤੋਂ 90 ਤੋਂ ਵੱਧ ਪ੍ਰਜਾਤੀਆਂ ਦੇ 90,000 ਤੋਂ ਵੱਧ ਪਰਵਾਸੀ ਪੰਛੀ ਹਰ ਸਾਲ ਸਿਆਲਾਂ 'ਚ ਆਪਣੇ ਜੱਦੀ ਸਥਾਨਾਂ 'ਚ ਪਾਣੀ ਜੰਮ ਜਾਣ ਤੋਂ ਬਾਅਦ ਹਰੀਕੇ ਪਹੁੰਚਦੇ ਹਨ।

ਤਰਨ ਤਾਰਨ, ਫਿਰੋਜ਼ਪੁਰ ਅਤੇ ਕਪੂਰਥਲਾ ਜ਼ਿਲ੍ਹਿਆਂ 'ਚ 86 ਵਰਗ ਕਿਲੋਮੀਟਰ 'ਚ ਫੈਲੀ ਹਰੀਕੇ ਜਲਗਾਹ ਸਿਆਲਾਂ 'ਚ ਪਰਵਾਸੀ ਜਲ ਪੰਛੀਆਂ ਦੀਆਂ ਦੁਰਲੱਭ ਕਿਸਮਾਂ ਦਾ ਘਰ ਬਣ ਜਾਂਦੀ ਹੈ। ਇਹ ਜਲਗਾਹ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਸੰਗਮ 'ਤੇ ਸਥਿਤ ਹੈ। ਪੰਜਾਬ ਦੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਅਧਿਕਾਰੀ ਅਨੁਸਾਰ ਹਰੀਕੇ ਵੈਟਲੈਂਡ, ਜਿਸ ਨੂੰ 'ਹਰੀਕੇ ਪੱਤਣ' ਵੀ ਕਿਹਾ ਜਾਂਦਾ ਹੈ, 'ਤੇ ਹੁਣ ਤੱਕ 40,000 ਦੇ ਕਰੀਬ ਪਰਵਾਸੀ ਪੰਛੀ ਆ ਚੁੱਕੇ ਹਨ। ਆਉਣ ਵਾਲੇ ਹਫਤਿਆਂ 'ਚ ਪਰਵਾਸੀ ਪੰਛੀਆਂ ਦੀ ਗਿਣਤੀ ਵਧਣ ਦੀ ਉਮੀਦ ਹੈ।

# ਨਾਬਾਲਗ ਧੀ ਨਾਲ ਬਲਾਤਕਾਰ ਦੇ ਦੋਸ਼ੀ ਪਿਤਾ ਨੂੰ ਮੌਤ ਦੀ ਸਜ਼ਾ

**ਸਿਰਸਾ (ਸੁਰਿੰਦਰ ਪਾਲ ਸਿੰਘ)** : ਸਿਰਸਾ ਦੀ ਫਾਸਟ ਟ੍ਰੈਕ ਅਦਾਲਤ ਨੇ ਆਪਣੀ ਗਿਆਰਾਂ ਸਾਲਾ ਨਾਬਾਲਗ ਧੀ ਨਾਲ ਬਲਾਤਕਾਰ ਦੇ ਦੋਸ਼ੀ ਪਿਤਾ ਨੂੰ ਮੌਤ ਦੀ ਸਜ਼ਾ ਸੁਣਾਈ ਹੈ।ਦੋਸ਼ੀ ਨੇ ਆਪਣੀ ਹੀ ਬੇਟੀ ਨੂੰ ਨਸ਼ੇ ਦੀ ਹਾਲਤ 'ਚ ਹਵਸ ਦਾ ਸ਼ਿਕਾਰ ਬਣਾਇਆ ਸੀ।ਦੋ ਸਾਲਾਂ ਬਾਅਦ ਫਾਸਟ ਟਰੈਕ ਅਦਾਲਤ ਦੇ ਐਡੀਸ਼ਨਲ ਸੈਸ਼ਨ ਜੱਜ ਪ੍ਰਵੀਨ ਕੁਮਾਰ ਦੀ ਅਦਾਲਤ ਨੇ 10 ਲੱਖ ਰੁਪਏ ਦਾ ਜੁਰਮਾਨਾ ਲਾਇਆ ਹੈ।ਇਸ ਦੇ ਨਾਲ ਹੀ ਵਧੀਕ ਅਦਾਲਤ ਨੇ ਨਾਬਾਲਗ ਪੀੜਤ ਨੂੰ 5 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਹੁਕਮ ਵੀ ਜਾਰੀ ਕੀਤਾ ਹੈ। ਜ਼ਿਕਰਯੋਗ ਹੈ ਕਿ 20 ਸਤੰਬਰ 2020 ਨੂੰ ਪਿੰਡ ਭੰਗੂ ਦੇ ਵਸਨੀਕ ਜਸਪਾਲ ਸਿੰਘ ਨੇ ਆਪਣੀ ਹੀ ਨਾਬਾਲਗ ਲੜਕੀ ਨਾਲ ਬਲਾਤਕਾਰ ਕੀਤਾ ਸੀ। ਪੁਲਸ ਨੇ ਪੀੜਤਾ ਦੀ ਮਾਂ ਦੀ ਸ਼ਿਕਾਇਤ ਤੇ ਲੜਕੀ ਦੇ ਪਿਤਾ ਖਿਲਾਫ ਬਲਾਤਕਾਰ ਅਤੇ ਪੋਕਸੋ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਇਹ ਮਾਮਲਾ ਫਾਸਟ ਟਰੈਕ ਅਦਾਲਤ ਨੂੰ ਸੌਂਪ ਦਿੱਤਾ ਗਿਆ।ਲਗਭਗ ਦੋ ਸਾਲ ਤੱਕ ਚੱਲੀ ਸੁਣਵਾਈ ਤੋਂ ਬਾਅਦ ਫਾਸਟ ਟਰੈਕ ਅਦਾਲਤ ਨੇ ਦੋਸ਼ੀ ਜਸਪਾਲ ਸਿੰਘ ਨੂੰ ਆਪਣੀ ਧੀ ਨਾਲ ਬਲਾਤਕਾਰ ਕਰਨ ਦਾ ਦੋਸ਼ੀ ਠਹਿਰਾਇਆ।ਅਦਾਲਤ ਨੇ ਦੋਸ਼ੀ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਉੱਪ ਜ਼ਿਲ੍ਹਾ ਮੈਜਿਸਟਰੇਟ ਰਾਜੀਵ ਸਰਦਾਨਾ ਨੇ ਦੱਸਿਆ ਕਿ ਫਾਸਟ ਟਰੈਕ ਅਦਾਲਤ ਨੇ ਇਸ ਕੇਸ ਨੂੰ ਬਹੁਤ ਹੀ ਦੁਰਲੱਭ ਸਮਝਦਿਆਂ ਬਲਾਤਕਾਰੀ ਨੂੰ ਮੌਤ ਦੀ ਸਜ਼ਾ ਦਾ ਹੁਕਮ ਦਿੱਤਾ ਹੈ।ਉਨ੍ਹਾਂ ਦੱਸਿਆ ਕਿ 26 ਸਤੰਬਰ 2020 ਦੀ ਰਾਤ ਨੂੰ ਦੋਸ਼ੀ ਪਿਤਾ ਨੇ ਆਪਣੀ ਪਤਨੀ ਨੂੰ ਸ਼ਰਾਬ ਦੇ ਨਸ਼ੇ 'ਚ ਕੁੱਟ-ਮਾਰ ਕਰਕੇ ਘਰੋਂ ਕੱਢ ਦਿੱਤਾ ਸੀ।ਇਸ ਤੋਂ ਬਾਅਦ ਉਸ ਨੇ ਆਪਣੀ ਬੇਟੀ ਨਾਲ ਦੋ ਵਾਰ ਬਲਾਤਕਾਰ ਕੀਤਾ।ਅਗਲੀ ਸਵੇਰ ਲੜਕੀ ਨੇ ਸਾਰੀ ਗੱਲ ਆਪਣੀ ਮਾਂ ਨੂੰ ਦੱਸੀ।ਇਸ ਤੋਂ ਬਾਅਦ ਪੀੜਤਾ ਦੀ ਮਾਂ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਗਿਆ ਸੀ।ਬਚਾਅ ਪੱਖ ਦੀ ਵਕੀਲ ਚੰਦਰ ਰੇਖਾ ਨੇ ਕਿਹਾ ਕਿ ਸਾਰੇ ਵਕੀਲਾਂ ਨੇ ਮੁਲਜ਼ਮ ਦਾ ਕੇਸ ਲੜਨ ਤੋਂ ਇਨਕਾਰ ਕਰ ਦਿੱਤਾ ਸੀ।ਇਸ ਤੋਂ ਬਾਅਦ ਉਸ ਨੂੰ ਕਾਨੂੰਨੀ ਸਹਾਇਤਾ ਉਪਲਬਧ ਕਰਵਾਈ ਗਈ।ਉਨ੍ਹਾਂ ਕਿਹਾ ਕਿ ਇਹ ਫੈਸਲਾ ਬਹੁਤ ਵੱਡਾ ਹੈ ਤੇ ਉਹ ਇਸ ਦਾ ਸਵਾਗਤ ਕਰਦੇ ਹਨ।ਉਨ੍ਹਾਂ ਦੱਸਿਆ ਕਿ ਸਿਰਸਾ ਦੀ ਫਾਸਟ ਟਰੈਕ ਅਦਾਲਤ ਦਾ ਇਹ ਪਹਿਲਾ ਅਜਿਹਾ ਕੇਸ ਹੈ, ਜਿਸ ਵਿੱਚ ਕਿਸੇ ਦੋਸ਼ੀ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ।

# ਨਵੇਂ ਬਿੱਲ ਨਾਲ ਨਿੱਜਤਾ ਦੀ ਉਲੰਘਣਾ ਨਾ ਹੋਣ ਦਾ ਦਾਅਵਾ

**ਨਵੀਂ ਦਿੱਲੀ** : ਕੇਂਦਰੀ ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਰਾਜ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਕਿਹਾ ਹੈ ਕਿ ਤਜਵੀਜ਼ਸ਼ੁਦਾ ਡਾਟਾ ਸੁਰੱਖਿਆ ਕਾਨੂੰਨ ਤਹਿਤ ਸਰਕਾਰ ਨਾਗਰਿਕਾਂ ਦੀ ਨਿੱਜਤਾ ਦੀ ਉਲੰਘਣਾ ਨਹੀਂ ਕਰ ਸਕੇਗੀ ਅਤੇ ਨਿੱਜੀ ਡਾਟਾ ਜਾਂ ਵੇਰਵਿਆਂ ਤੱਕ ਸਿਰਫ ਅਸਾਧਾਰਨ ਹਾਲਤਾਂ ਵਿਚ ਹੀ ਪਹੁੰਚ ਪ੍ਰਾਪਤ ਕਰੇਗੀ। ਉਨ੍ਹਾ ਕਿਹਾ ਕਿ ਸਰਕਾਰ ਰਾਸ਼ਟਰੀ ਸੁਰੱਖਿਆ, ਮਹਾਂਮਾਰੀ ਅਤੇ ਕੁਦਰਤੀ ਆਫਤ ਵਰਗੀਆਂ ਸਥਿਤੀਆਂ 'ਚ ਹੀ ਨਾਗਰਿਕਾਂ ਦੇ ਨਿੱਜੀ ਡੇਟਾ ਤੱਕ ਪਹੁੰਚ ਕਰ ਸਕਦੀ ਹੈ। ਆਨਲਾਈਨ ਚਰਚਾ ਦੌਰਾਨ ਮੰਤਰੀ ਨੇ ਕਿਹਾ ਕਿ ਨੈਸ਼ਨਲ ਡੇਟਾ ਗਵਰਨੈਂਸ ਫਰੇਮਵਰਕ ਨੀਤੀ 'ਚ ਗੁਪਤ ਤਰੀਕੇ ਨਾਲ ਡਾਟਾ ਨੂੰ ਸੰਭਾਲਣ ਲਈ ਪ੍ਰਬੰਧ ਹਨ। ਇਹ ਖਰੜਾ ਡਿਜੀਟਲ ਪਰਸਨਲ ਡਾਟਾ ਪ੍ਰੋਟੈਕਸ਼ਨ ਬਿੱਲ-2022 ਦਾ ਹਿੱਸਾ ਨਹੀਂ ਹੈ।

# ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਵਿਰੋਧ

**ਨਵੀਂ ਦਿੱਲੀ** : ਨੀਤੀ ਆਯੋਗ ਦੇ ਉਪ ਚੇਅਰਮੈਨ ਸੁਮਨ ਬੇਰੀ ਨੇ ਕੁਝ ਰਾਜਾਂ ਵੱਲੋਂ ਪੁਰਾਣੀ ਪੈਨਸ਼ਨ ਯੋਜਨਾ ਨੂੰ ਮੁੜ ਲਾਗੂ ਕਰਨ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਇਸ ਨਾਲ ਭਵਿੱਖ ਦੇ ਟੈਕਸਦਾਤਾਵਾਂ 'ਤੇ ਅਜਿਹੇ ਸਮੇਂ ਬੋਝ ਪਵੇਗਾ, ਜਦੋਂ ਭਾਰਤ ਨੂੰ ਆਪਣੀ ਵਿੱਤੀ ਸਥਿਤੀ ਨੂੰ ਸੁਧਾਰਨ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਤ ਕਰਨ 'ਤੇ ਧਿਆਨ ਦੇਣ ਦੀ ਲੋੜ ਹੈ।

# ਬੁੱਧ ਵਿਹਾਰ ਟਰੱਸਟ ਨੇ ਸੰਵਿਧਾਨ ਦਿਵਸ ਮਨਾਇਆ



**ਜਲੰਧਰ (ਨਵਾਂ ਜ਼ਮਾਨਾ ਸਰਵਿਸ)**-ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਵੱਲੋਂ "ਸੰਵਿਧਾਨ ਦਿਵਸ" ਬਹੁਤ ਧੂਮ-ਧਾਮ ਨਾਲ ਮਨਾਇਆ ਗਿਆ। ਬੁੱਧ ਵਿਹਾਰ ਸੋਫੀ ਪਿੰਡ ਵਿਖੇ ਭਾਰਤ ਦੇ 73ਵੇਂ ਸੰਵਿਧਾਨ ਦਿਵਸ ਮੌਕੇ ਬੁੱਧ ਵੰਦਨਾ, ਤਰੀਸ਼ਰਣ ਤੇ ਪੰਚਸ਼ੀਲ ਦੇ ਪਾਠ ਕੀਤੇ ਗਏ ਅਤੇ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ ਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਯਤਨਾਂ ਉੱਪਰ ਚਰਚਾ ਕੀਤੀ। ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ ਨੇ ਕਿਹਾ ਕਿ ਭਾਰਤ ਦਾ ਸੰਵਿਧਾਨ ਵਿਸ਼ਵ ਵਿੱਚ ਸਭ ਤੋਂ ਉੱਤਮ ਹੈ, ਜਿਸ ਵਿੱਚ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਹੱਕ ਦਿੱਤੇ ਹਨ। ਇਸ ਮੌਕੇ ਲੈਕਚਰਾਰ ਸ੍ਰੀ ਚਮਨ ਦਾਸ ਸਾਂਪਲਾ, ਵਾਰੁਣ ਸਾਂਪਲਾ, ਸਿਧਾਰਥ, ਨਿਸ਼ਾਂਤ ਤੇ ਵੀਰਾਨ ਨੇ ਵੀ ਸੰਵਿਧਾਨ ਦਿਵਸ 'ਤੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਮਾਸਟਰ ਰਾਮ ਲਾਲ, ਸ੍ਰੀ ਲੈਂਬਰ ਰਾਮ ਬੰਗੜ, ਨਰੇਸ਼ ਕੁਮਾਰ, ਡਾ. ਗੁਰਪਾਲ ਸਿੰਘ, ਗੌਤਮ ਸਾਂਪਲਾ, ਗੁਲਸ਼ਨ, ਭਾਨੂੰ, ਦਿਸ਼ਾਂਤ ਕੁਮਾਰ, ਸ੍ਰੀਮਤੀ ਮੁੱਖਤਰਾ, ਊਸ਼ਾ ਅਸ਼ੀਸ਼, ਸਰਬਜੀਤ ਕੌਰ, ਬਲਦੀਸ਼ ਕੌਰ, ਰਾਜਵਿੰਦਰ ਕੌਰ, ਸ੍ਰੀਮਤੀ ਕਾਨਤਾ ਕੁਮਾਰੀ ਟੀਚਰ, ਸਿਮਰਜੀਤ ਕੌਰ, ਸੁਹਾਨੀ, ਅਰਜੁਨ ਮਾਹੀ, ਅਰੁਨ, ਮੰਨਤ ਤੇ ਹੋਰ ਬਹੁਤ ਸਾਰੇ ਉਪਾਸਕ ਹਾਜ਼ਰ ਸਨ। ਅਖੀਰ ਵਿੱਚ ਖੀਰ ਦਾ ਲੰਗਰ ਵਰਤਾਇਆ ਗਿਆ।

# ਕਾਂਗਰਸ ਭਵਨ ਫਿਰੋਜ਼ਪੁਰ ਵਿਖੇ ਮਨਾਇਆ ਸੰਵਿਧਾਨ ਦਿਵਸ

## ਬੀਬੀ ਬੰਗੜ ਨੇ ਸੰਭਾਲਿਆ ਮੀਤ ਪ੍ਰਧਾਨ ਦਾ ਅਹੁਦਾ

**ਮਮਦੋਟ (ਹਰਪਾਲ ਸਿੰਘ ਸੋਢੀ)**-ਡਾਕਟਰ ਭੀਮ ਰਾਓ ਅੰਬੇਡਕਰ ਜੀ ਦੁਆਰਾ ਲਿਖੇ ਗਏ ਭਾਰਤ ਦੇਸ਼ ਦੇ ਸੰਵਿਧਾਨ ਦਿਨ 'ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਕਾਂਗਰਸ ਭਵਨ ਵਿਖੇ ਪ੍ਰੋਗਰਾਮ ਆਯੋਜਤ ਕੀਤਾ ਗਿਆ। ਇਸ ਸਮੇਂ ਕਾਂਗਰਸ ਪਾਰਟੀ ਦੇ ਫਿਰੋਜ਼ਪੁਰ ਤੋਂ ਨਵ-ਨਿਯੁਕਤ ਜ਼ਿਲ੍ਹਾ ਮੀਤ ਪ੍ਰਧਾਨ ਬੀਬੀ ਬਲਜੀਤ ਕੌਰ ਬੰਗੜ, ਸਾਬਕਾ ਜ਼ਿਲ੍ਹਾ ਪ੍ਰਧਾਨ ਕਾਂਗਰਸ ਰਾਜਿੰਦਰ ਕੁਮਾਰ ਛਾਬੜਾ ਮੈਂਬਰ ਪੀ ਪੀ ਸੀ ਸੀ, ਤਿਲਕ ਰਾਜ ਮੈਂਬਰ ਪੀ ਪੀ ਸੀ ਸੀ, ਹਰਜਿੰਦਰ ਸਿੰਘ ਖੋਸਾ, ਗੁਰਬਖਸ਼ ਸਿੰਘ ਭਾਵੜਾ ਬਲਾਕ ਪ੍ਰਧਾਨ ਮਮਦੋਟ, ਹਰਪਾਲ ਸਿੰਘ (ਨੀਟਾ ਸੋਢੀ) ਮਮਦੋਟ, ਸੁਖਦੇਵ ਸਿੰਘ ਵਿਰਕ, ਦੇਸ ਰਾਜ ਆਹੂਜਾ, ਕੁਲਦੀਪ ਸਿੰਘ ਧੀਰਾ ਪੱਤਰਾਂ ਜ਼ਿਲ੍ਹਾ ਪ੍ਰਧਾਨ ਅਖਿਲ ਭਾਰਤੀਆਂ ਸੋਨੀਆ ਬ੍ਰਿਗੇਡ ਫਿਰੋਜ਼ਪੁਰ, ਜਿੰਦਰ ਸਿੰਘ ਖਲਚੀਆਂ ਪ੍ਰਧਾਨ ਸਰਪੰਚ ਯੂਨੀਅਨ ਫਿਰੋਜ਼ਪੁਰ, ਭੁਪਿੰਦਰ ਸਿੰਘ ਨੰਬਰਦਾਰ, ਬਲਵਿੰਦਰ ਸਿੰਘ ਸੋਢੀ ਨਗਰ, ਰਾਜਾ ਚੌਧਰੀ, ਰਵੀ ਸੋਈ, ਸਤਨਾਮ ਸਿੰਘ, ਹਰਨਾਮ ਸਿੰਘ ਨੰਬਰਦਾਰ, ਨਿੱਜੀ ਸਕੱਤਰ ਨਿਸ਼ਾਨ ਸਿੰਘ ਅਰਮਾਨਪੁਰਾ, ਇਕਬਾਲ ਸਿੰਘ, ਗੁਰਪ੍ਰੀਤ ਸੋਨੀ, ਹੰਸਾ ਸਿੰਘ, ਕਮਲ ਗਿੱਲ ਸੋਨੂੰ ਨੇ ਸੰਵਿਧਾਨ ਦਿਨ 'ਤੇ ਸਹੁੰ ਚੁੱਕੀ ਤੇ ਉਪਰੰਤ ਬੀਬੀ ਬਲਜੀਤ ਕੌਰ ਬੰਗੜ ਨੇ ਸਮੁੱਚੇ ਅਹੁਦੇਦਾਰਾਂ ਦੀ ਹਾਜ਼ਰੀ 'ਚ ਕਾਂਗਰਸ ਭਵਨ ਵਿਖੇ ਆਪਣਾ ਅਹੁਦਾ ਸੰਭਾਲਿਆ।




# ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ ਸਮਰਪਤ ਨਗਰ ਕੀਰਤਨ ਸਜਾਇਆ

**ਸਮਾਣਾ, (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਬਾ ਵਿਸ਼ਵਪ੍ਰਤਾਪ ਸਿੰਘ ਜਥੇਦਾਰ ਬੁੱਢਾ ਦਲ, ਪ੍ਰਧਾਨ ਗੁਰਦੁਆਰਾ ਥੜ੍ਹਾ ਸਾਹਿਬ ਸਮਾਣਾ ਦੀ ਅਗਵਾਈ ਵਿੱਚ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਤ ਨਗਰ ਕੀਰਤਨ ਸਜਾਇਆ ਗਿਆ, ਜਿਸ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਗਈ। ਇਹ ਨਗਰ ਕੀਰਤਨ ਗੁਰਦੁਆਰਾ ਥੜ੍ਹਾ ਸਾਹਿਬ ਤੋਂ ਰਵਾਨਾ ਹੋ ਕੇ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚੋਂ ਹੁੰਦਾ ਹੋਇਆ ਨਗਰ ਪਾਲਿਕਾ ਸਮਾਣਾ ਕੋਲ ਪਹੁੰਚਿਆ ਤਾਂ ਬੀ ਜੇ ਪੀ ਹਲਕਾ ਸਮਾਣਾ ਦੇ ਇੰਚਾਰਜ ਸੁਰਿੰਦਰ ਸਿੰਘ ਖੇੜਕੀ ਤੇ ਐਂਟੀ ਡਰਗਜ਼ ਅਤੇ ਸੋਸ਼ਲ ਵੈੱਲਫੇਅਰ ਆਰਗੇਨਾਈਜ਼ੇਸ਼ਨ ਪੰਜਾਬ ਦੇ ਚੇਅਰਮੈਨ ਸੰਜੀਵ ਗਰਗ ਵੱਲੋਂ ਨਗਰ ਕੀਰਤਨ ਦਾ ਸਵਾਗਤ ਕਰਦਿਆਂ ਪੰਜ ਪਿਆਰਿਆਂ ਨੂੰ ਸਿਰੋਪਾਓ ਭੇਟ ਕੀਤੇ ਤੇ ਸੰਗਤਾਂ ਨੂੰ ਬਿਸਕੁਟਾਂ ਦਾ (ਪੈਕਟ ਬੰਦ ) ਪ੍ਰਸ਼ਾਦ ਵੀ ਵੰਡਿਆ। ਨਗਰ ਕੀਰਤਨ 'ਚ ਸ਼ਾਮਲ ਹੋਏ ਬੀ ਜੇ ਪੀ ਦੇ ਆਗੂ ਸੁਰਿੰਦਰ ਸਿੰਘ ਖੇੜਕੀ ਤੇ ਸੰਜੀਵ ਗਰਗ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਨੂੰ ਬਚਾਉਣ ਲਈ ਦਿੱਲੀ ਵਿਖੇ ਸ਼ਹਾਦਤ ਦੇ ਕੇ ਸੰਸਾਰ ਅੰਦਰ ਵਿਲੱਖਣ ਇਤਿਹਾਸ ਦੀ ਸਿਰਜਣਾ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਪੂਰੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹੈ। ਇਸ ਮੌਕੇ ਲਵਲੀ ਸੁਖੀਜਾ, ਜਸਕਰਨ ਸਿੰਘ ਵੜੈਚਾਂ ਪੱਤੀ, ਸਮਸ਼ੇਰ ਸਿੰਘ ਬਾਦਸ਼ਾਹਪੁਰ, ਹਰਪਾਲ ਸਿੰਘ ਨੰਬਰਦਾਰ, ਲਲਿਤ ਲੱਡੂ ਭੱਲਾ, ਮਹਿੰਦਰ ਚਾਵਲਾ, ਹੈਪੀ ਮਿਆਲ, ਗੁਰਮੀਤ ਸੰਧੂ, ਬਾਬਾ ਸੁਖਦੇਵ ਸਿੰਘ ਇੰਚਾਰਜ ਪਬਲਿਕ ਸਕੂਲ ਸਮਾਣਾ, ਗੁਰਭੇਜ ਸਿੰਘ ਦਿਓਲ ਮਣੀ ਸ਼ਰਮਾ ਤੇ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ ਹਾਜ਼ਰੀ ਭਰ ਕੇ ਗੁਰੂ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕੀਤਾ।



# ਮਾਨ ਸਰਕਾਰ ਵੱਲੋਂ ਸਿਹਤ ਸਹੂਲਤਾਂ ਦੀ ਨਵੀਂ ਪਹਿਲ

**ਕਪੂਰਥਲਾ ( ਰਵਿੰਦਰ ਸਿੰਘ)**- ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਪੂਰਥਲਾ ਦਾ ਦੌਰਾ ਕੀਤਾ। ਉਨ੍ਹਾ ਮੈਡੀਕਲ ਕਾਲਜ ਵਾਸਤੇ ਜ਼ਮੀਨ ਦਾ ਜਾਇਜ਼ਾ ਲਿਆ।



ਉਨ੍ਹਾਂ ਆਖਿਆ ਕਿ ਸਰਕਾਰ ਸਿਹਤ ਸਹੂਲਤਾਂ ਲਈ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਲਈ ਵਚਨਵੱਧ ਹੈ। ਉਨ੍ਹਾਂ ਆਖਿਆ ਕਿ ਸਰਕਾਰ ਕੁੱਲ 16 ਨਵੇਂ ਮੈਡੀਕਲ ਕਾਲਜ ਖੋਲ੍ਹਣ ਜਾ ਰਹੀ ਹੈ, ਤਾਂ ਕਿ ਸਾਡੇ ਬੱਚੇ, ਡਾਕਟਰ ਬਾਹਰਲੇ ਮੁਲਕਾਂ ਵਿੱਚ ਨਾ ਜਾਣ। ਉਨ੍ਹਾਂ ਅੱਗੇ ਆਖਿਆ ਕਿ ਸਾਡੀ ਸਰਕਾਰ ਨੂੰ ਹਾਲੇ 8 ਮਹੀਨੇ ਹੀ ਹੋਏ ਹਨ, ਤਾਂ ਕੱਲ੍ਹ ਤੱਕ 20 ਹਜ਼ਾਰ 557 ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਦਿੱਤੇ ਗਏ ਹਨ। ਉਨ੍ਹਾਂ ਆਖਿਆ ਕਿ ਮੈਡੀਕਲ ਕਾਲਜਾਂ ਦੇ ਨਾਲ ਪੰਜਾਬ ਨੂੰ ਟੂਰਿਜ਼ਮ ਵੀ ਬਣਾਵਾਂਗੇ। ਉਨ੍ਹਾਂ ਅੱਗੇ ਆਖਿਆ ਕਿ ਬਹੁਤ ਜਲਦੀ ਪਟਵਾਰੀ, ਡਾਕਟਰ, ਮਾਸਟਰ ਤੇ ਬਾਕੀ 36 ਹਜ਼ਾਰ ਨੌਕਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾ ਅੱਗੇ ਆਖਿਆ ਕਿ ਕੱਲ੍ਹ ਹੀ ਪੀ ਐਸ ਪੀ ਸੀ ਐਲ ਵਿੱਚ ਜੇ ਈ, ਕਲੈਰੀਕਲ ਅਤੇ ਹੋਰ ਨਿਯੁਕਤੀ ਪੱਤਰ ਦਿੱਤੇ ਹਨ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਆਖਿਆ ਕਿ ਕਪੂਰਥਲਾ ਵਿੱਚ ਜਿਹੜਾ ਆਈ ਸੀ ਯੂ 2019 ਤੋਂ ਬੰਦ ਪਿਆ ਹੈ, ਜਲਦੀ ਹੀ ਸ਼ੁਰੂ ਕੀਤਾ ਜਾਵੇਗਾ। ਗੁਜਰਾਤ ਇਲੈਕਸ਼ਨ ਦੇ ਸੰਬੰਧ ਵਿੱਚ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਸਰਵੇ ਕੀ ਕਹਿੰਦੇ ਹਨ, ਤਾਂ ਉਨ੍ਹਾਂ ਜਵਾਬ ਦਿੱਤਾ ਕਿ ਅਸੀਂ ਸਰਵੇ ਵਿੱਚ ਨਹੀਂ ਆਉਂਦੇ, ਸਰਕਾਰ ਵਿੱਚ ਆਉਂਦੇ ਹਾਂ। ਮੁੱਖ ਮੰਤਰੀ ਦੀ ਕਪੂਰਥਲਾ ਫੇਰੀ ਨੇ ਸ਼ਹਿਰ ਵਿੱਚ ਇੱਕ ਨਵੀਂ ਜਾਗਰਤੀ ਪੈਦਾ ਕਰ ਦਿੱਤੀ ਹੈ। ਇਸ ਮੌਕੇ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵਾਲੇ ਵੀ ਉਨ੍ਹਾਂ ਨਾਲ ਸਨ।

# ਮੈਡੀਕਲ ਚੈੱਕਅੱਪ ਕੈਂਪ 'ਚ 79 ਮਰੀਜ਼ਾਂ ਦੀ ਜਾਂਚ

**ਜਲਾਲਾਬਾਦ, (ਦਰੂਜਾ)** : ਗਾਂਧੀ ਨਗਰ ਵਿਖੇ ਪਰਸਵਾਰਥ ਸਭਾ ਵੱਲੋਂ ਚੱਲ ਰਹੀ ਡਿਸਪੈਂਸਰੀ 'ਚ ਮੈਡੀਕਲ ਚੈੱਕਅਪ ਕੈਂਪ ਦੌਰਾਨ ਡਾ. ਓਮ ਪ੍ਰਕਾਸ਼ ਕੰਬੋਜ ਨੇ ਮਰੀਜ਼ਾਂ ਦਾ ਚੈੱਕਅੱਪ ਕੀਤਾ ਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਸਭਾ ਦੇ ਅਹੁਦੇਦਾਰ ਸੁਰੇਸ਼ ਚੌਹਾਨ ਨੇ ਦੱਸਿਆ ਕਿ ਅੱਜ 79 ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਹਨ।



ਉਨ੍ਹਾ ਕਿਹਾ ਕਿ ਇਹ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਹਰ ਬੁੱਧਵਾਰ ਤੇ ਐਤਵਾਰ ਲਗਾਇਆ ਜਾਂਦਾ ਹੈ, ਜਿਸ ਦਾ ਫਾਇਦਾ ਹਜ਼ਾਰਾਂ ਦੀ ਗਿਣਤੀ 'ਚ ਮਰੀਜ਼ ਉਠਾ ਚੁੱਕੇ ਹਨ ਤੇ ਉਠਾ ਰਹੇ ਹਨ। ਉਨ੍ਹਾ ਕਿਹਾ ਕਿ ਲੋੜਵੰਦ ਤੇ ਗਰੀਬ ਪਰਵਾਰਾਂ ਦੇ ਲੋਕ ਹਫਤੇ 'ਚ 2 ਵਾਰ ਮਾਹਰ ਡਾਕਟਰਾਂ ਵੱਲੋਂ ਮੁਫ਼ਤ ਚੈੱਕਅਪ ਦਾ ਫਾਇਦਾ ਉਠਾ ਸਕਦੇ ਹਨ। ਇਸ ਮੌਕੇ ਪਰਸਵਾਰਥ ਸਭਾ ਦੇ ਅਹੁਦੇਦਾਰ ਮੋਹਨ ਲਾਲ ਕੁੱਕੜ, ਵਿਜੇ ਬਾਘਲਾ, ਗੁਰਚਰਨ ਕਮੀਰਿਆ, ਸੁਰੇਸ਼ ਚੌਹਾਨ, ਮੈਡਮ ਕੀਰਤੀ ਵਾਟਸ ਆਦਿ ਹਾਜ਼ਰ ਸਨ।

# ਸਟੱਡੀ ਸਰਕਲ ਵੱਲੋਂ ਸ਼ਹੀਦੀ ਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ

**ਸੰਗਰੂਰ (ਪ੍ਰਵੀਨ)**-ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਤ ਸਥਾਨਕ ਸੰਤ ਅਤਰ ਸਿੰਘ ਕਾਲੋਨੀ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਵੱਲੋਂ ਸਮਾਗਮ ਕਰਵਾਇਆ ਗਿਆ। ਲਾਭ ਸਿੰਘ ਡਿਪਟੀ ਚੀਫ ਆਰਗੇਨਾਈਜ਼ਰ, ਗੁਰਨਾਮ ਸਿੰਘ ਪ੍ਰਧਾਨ ਸੰਗਰੂਰ ਯੂਨਿਟ, ਦਰਸ਼ਨ ਸਿੰਘ, ਨਛੱਤਰ ਸਿੰਘ ਜੱਸੀ ਦੀ ਦੇਖ-ਰੇਖ ਹੇਠ ਹੋਏ ਸਮਾਗਮ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਸੰਗਤੀ ਰੂਪ ਵਿੱਚ ਅਜਮੇਰ ਸਿੰਘ ਡਿਪਟੀ ਡਾਇਰੈਕਟਰ ਦੀ ਅਗਵਾਈ ਵਿੱਚ ਕੀਤੀ ਗਈ। ਭਾਈ ਹਰਭਜਨ ਸਿੰਘ ਭੱਟੀ ਨੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਤੇ ਵੱਖ ਵੱਖ ਸਾਖੀਆਂ ਦੀ ਰੌਸ਼ਨੀ ਵਿੱਚ ਮਿਲਦੀਆਂ ਪ੍ਰੇਰਨਾਵਾਂ ਬਾਰੇ ਸੁੰਦਰ ਢੰਗ ਨਾਲ ਵਿਚਾਰਾਂ ਦੀ ਸਾਂਝ ਕੀਤੀ। ਸੁਰਿੰਦਰ ਪਾਲ ਸਿੰਘ ਸਿਦਕੀ, ਮਨਦੀਪ ਸਿੰਘ ਦੇ ਜਥੇ ਨੇ 'ਬਾਂਹਿ ਜਿਨ੍ਹਾਂ ਦੀ ਪਕੜੀਏ' ਦੇ ਸ਼ਬਦ ਦਾ ਰਸਭਿੰਨਾ ਕੀਰਤਨ ਤੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਬਾਰੇ ਵਿਖਿਆਨ ਕੀਤਾ। ਇਸ ਸਮਾਗਮ ਲਈ ਪ੍ਰੋ: ਨਰਿੰਦਰ ਸਿੰਘ, ਸੁਖਮੀਤ ਸਿੰਘ, ਹਰਕੀਰਤ ਕੌਰ, ਅਮਨਦੀਪ ਕੌਰ ਨੇ ਵੱਖ ਵੱਖ ਸੇਵਾਵਾਂ ਨਿਭਾਈਆਂ। ਸਟੱਡੀ ਸਰਕਲ ਵੱਲੋਂ ਸਮਾਗਮ ਸਹਿਯੋਗੀਆਂ ਨੂੰ ਲਾਭ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਨਛੱਤਰ ਸਿੰਘ, ਹਰਵਿੰਦਰ ਕੌਰ ਸਕੱਤਰ ਜ਼ੋਨਲ ਇਸਤਰੀ ਕੌਂਸਲ ਆਦਿ ਨੇ ਸਨਮਾਨਤ ਕੀਤਾ। ਇਸ ਮੌਕੇ ਹਰਦੀਪ ਸਿੰਘ, ਮੇਵਾ ਸਿੰਘ ਪ੍ਰਧਾਨ ਕਲੋਨੀ, ਜਸਵੀਰ ਸੀਰਾ, ਮਨਪ੍ਰੀਤ ਸਿੰਘ, ਕੁਲਦੀਪ ਸਿੰਘ, ਲਵਪ੍ਰੀਤ ਸਿੰਘ ਬਡਰੁੱਖਾਂ, ਹਰਵਿੰਦਰ ਕੌਰ ਆਦਿ ਸਮੇਤ ਕਲੋਨੀ ਨਿਵਾਸੀ ਹਾਜ਼ਰ ਸਨ।



# ਭਲਕ ਦੀ ਰੈਲੀ 'ਤੇ ਜਾਣ ਲਈ ਪੈਨਸ਼ਨਰਾਂ ਨੇ ਵਚਨਬੱਧਤਾ ਦੁਹਰਾਈ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪ੍ਰਮਿੰਦਰ ਸਿੰਘ ਮੋਨੂੰ)** : ਤਹਿਸੀਲ ਖੰਨਾ ਦੀ ਜ਼ਿਲ੍ਹਾ ਪੁਲਸ ਖੰਨਾ ਦੇ ਪੈਨਸ਼ਨਰਜ਼ ਐਸੋਸੀਏਸ਼ਨ ਸਾਥੀਆਂ ਦੀ ਮੀਟਿੰਗ ਬਲਬੀਰ ਚੰਦ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪੈਨਸ਼ਨਰਜ਼ ਵੱਲੋਂ ਮਹਾਸੰਘ ਪੰਜਾਬ ਵੱਲੋਂ 29 ਨਵੰਬਰ 2022 ਦੀ ਰੈਲੀ 'ਤੇ ਜਾਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਹਾਜ਼ਰ ਮੈਂਬਰਾਂ ਵੱਲੋਂ ਸਰਕਾਰ ਦੀ ਪੈਨਸ਼ਨਰਜ਼ ਪ੍ਰਤੀ ਅਪਣਾਈ ਜਾ ਰਹੀ ਬੇਰੁਖੀ ਨੀਤੀ ਦੀ ਨਿਖੇਧੀ ਕੀਤੀ ਗਈ। ਵਰਤਮਾਨ ਆਪ ਸਰਕਾਰ ਨੂੰ ਚੇਤੇ ਕਰਵਾਇਆ ਗਿਆ ਤੇ ਚੋਣਾਂ ਸਮੇਂ ਕੀਤੇ ਗਏ ਵਾਅਦਿਆਂ ਅਨੁਸਾਰ ਪੈਨਸ਼ਨਰਜ਼ ਐਸੋਸੀਏਸ਼ਨ ਮਹਾਸੰਘ ਪੰਜਾਬ ਨਾਲ ਗੱਲਬਾਤ ਕਰਨ ਦੀ ਅਪੀਲ ਕੀਤੀ ਗਈ। ਮੀਟਿੰਗ ਵਿੱਚ 29 ਨਵੰਬਰ 2022 ਦੀ ਰੈਲੀ 'ਤੇ ਜਾਣ ਲਈ ਵਚਨਬੱਧਤਾ ਦੁਹਰਾਈ ਗਈ ਅਤੇ ਕਿਹਾ ਕਿ ਮੋਹਾਲੀ ਲਈ ਬੱਸ ਖੰਨਾ ਤੋਂ ਸਾਢੇ 9 ਵਜੇ ਚੱਲੇਗੀ। ਇਸ ਮੌਕੇ ਸਰਪ੍ਰਸਤ ਰਾਏ ਸਿੰਘ, ਭੁਪਿੰਦਰ ਸਿੰਘ, ਪਲਵਿੰਦਰ ਸਿੰਘ, ਬਲਵੰਤ ਰਾਏ, ਬਿਸੰਬਰ ਦਾਸ, ਮਨਜੀਤ ਸਿੰਘ, ਦਰਬਾਰਾ ਸਿੰਘ, ਭੋਲਾ ਸਿੰਘ, ਚਰਨ ਸਿੰਘ ਭੱਟੀ, ਸਾਗਰ ਸਿੰਘ, ਹਰਮਿੰਦਰ ਸਿੰਘ ਮੋਹਨਪੁਰ, ਅਸ਼ੋਕ ਕੁਮਾਰ, ਕੇਵਲ ਸ਼ਰਮਾ, ਜਸਪਾਲ ਸਿੰਘ, ਸ਼ਾਮ ਲਾਲ, ਸਾਗਰ ਮੁਹੰਮਦ, ਰਾਮ ਸਰੂਪ, ਚੰਦਨ ਨੇਗੀ, ਰਣਜੀਤ ਸਿੰਘ, ਗੁਰਮੇਲ ਸਿੰਘ ਕੈਸ਼ੀਅਰ, ਰਾਮ ਲਾਲ, ਕੇਵਲ ਸਿੰਘ ਆਦਿ ਪੈਨਸ਼ਨਰਜ਼ ਹਾਜ਼ਰ ਹੋਏ।



# ਕਿੱਕ ਬੌਕਸਿੰਗ 'ਚ ਸਿਲਵਰ ਮੈਡਲ ਜੇਤੂ ਅਕਾਸ਼ ਭੁੱਲਰ ਦਾ ਸਨਮਾਨ

**ਧਨੌਲਾ (ਕਰਮਜੀਤ ਸਿੰਘ ਸਾਗਰ)**-ਕਿੱਕ ਬੌਕਸਿੰਗ ਦੇ ਦਿੱਲੀ 'ਚ ਹੋਏ ਗਹਿਗਚ ਮੁਕਾਬਲਿਆਂ 'ਚ ਸਿਲਵਰ ਮੈਡਮ ਜਿੱਤ ਕੇ ਪਿੰਡ ਬਡਬਰ ਦਾ ਨਾਮ ਰੋਸ਼ਨ ਕਰਨ ਦੇ ਨਾਲ ਜ਼ਿਲ੍ਹਾ ਬਰਨਾਲਾ ਤੇ ਪੰਜਾਬ ਦਾ ਮਾਣ ਵਧਾਉਣ ਵਾਲੇ ਅਕਾਸ਼ ਭੁੱਲਰ ਦਾ ਪਿੰਡ ਵਾਸੀਆਂ ਵੱਲੋਂ ਕੱਪ ਦੇ ਕੇ ਗਲ ਹਾਰ ਪਾ ਕੇ ਸਵਾਗਤ ਕੀਤਾ ਗਿਆ। ਪਿੰਡ ਬਡਬਰ ਦੇ ਜਮਪਲ ਮਾਤਾ ਕੁਲਵਿੰਦਰ ਕੌਰ ਦੀ ਕੁੱਖੋਂ ਜਨਮ ਲੈਣ ਵਾਲੇ ਅਕਾਸ਼ ਭੁੱਲਰ ਪੁੱਤਰ ਜਸਵੀਰ ਸਿੰਘ ਨੇ ਆਪਣੇ ਦਾਦੇ ਬਲਦੇਵ ਸਿੰਘ ਦੇ ਦਿੱਤੇ ਸੰਦੇਸ਼ਾਂ 'ਤੇ ਚੱਲਦਿਆਂ ਖੇਡਾਂ ਵੱਲ ਰੁਚੀ ਵਧਾਉਣ ਕਰਕੇ ਕਿੱਕ ਬੌਕਸਿੰਗ 'ਚ ਜ਼ਿਲ੍ਹਾ, ਪੰਜਾਬ ਤੋਂ ਜਿੱਤ ਹਾਸਲ ਕਰਦਿਆਂ ਦਿੱਲੀ 'ਚ ਹੋਏ ਮੁਕਾਬਲਿਆਂ, ਜਿਸ 'ਚ ਕਈ ਦੇਸ਼ਾਂ ਦੇ ਨੌਜਵਾਨਾਂ ਨੇ ਭਾਗ ਲਿਆ, ਵਿੱਚ ਅਕਾਸ਼ ਭੁੱਲਰ ਬਡਬਰ ਨੇ ਸਿਲਵਰ ਮੈਡਲ ਜਿੱਤ ਕੇ ਪੂਰੇ ਭਾਰਤ ਦਾ ਨਾਮ ਚਮਕਾਇਆ। ਇਸ ਮੌਕੇ ਬਲਵੀਰ ਸਿੰਘ, ਮਿੱਠੂ ਸਿੰਘ ਫੌਜੀ, ਹਰਦੀਪ ਸਿੰਘ, ਸਿੰਦਰੀ ਰੌਕੀ ਬਾਂਸਲ, ਜਤਿੰਦਰ ਫੌਜੀ, ਵਿਕਰਮ ਸਿੰਘ, ਗੁਲਸ਼ਨ ਤੇ ਸੋਨੂ ਅਦਿ ਨੇ ਨੌਜਵਾਨਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਅਕਾਸ਼ ਭੁੱਲਰ ਵਾਂਗੂ ਖੇਡਾਂ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।



# ਇੰਟਰਨੈਸ਼ਨਲ ਸੰਸਥਾ ਰੋਟਰੀ ਕਲੱਬ ਨੇ ਬੂਟੇ ਲਗਾਏ

**ਜਗਰਾਉਂ, (ਅਮਿਤ ਖੰਨਾ)**-ਇੰਟਰਨੈਸ਼ਨਲ ਸੰਸਥਾ ਰੋਟਰੀ ਕਲੱਬ ਜਗਰਾਓਂ ਵੱਲੋਂ ਪ੍ਰਧਾਨ ਕਰਨਲ ਮੁਖਤਿਆਰ ਸਿੰਘ ਦੀ ਯੋਗ ਅਗਵਾਈ ਹੇਠ ਰੋਟਰੀ ਕਲੱਬ ਜਗਰਾਓਂ ਅਤੇ ਮੇਨ ਰੋਡ 'ਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਵੱਖ ਵੱਖ ਤਰ੍ਹਾਂ ਦੇ ਬੂਟੇ ਲਗਾਏ ਗਏ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਲਈ ਸਭ ਨੂੰ ਬੂਟੇ ਲਗਾਉਣੇ ਚਾਹੀਦੇ ਨੇ। ਇਹ ਸਾਡੀ ਆਉਣ ਵਾਲੀ ਪੀੜ੍ਹੀ ਲਈ ਬਹੁਤ ਜ਼ਰੂਰੀ ਹੈ। ਇਸ ਮੌਕੇ ਦਿਨੇਸ਼ ਮਲਹੋਤਰਾ ਨੇ ਕਿਹਾ ਕਿ ਕਲੱਬ ਵੱਲੋਂ ਜਲਦੀ ਹੀ ਜ਼ਰੂਰਤਮੰਦ ਬਜ਼ੁਰਗਾਂ ਲਈ ਵੀ ਪ੍ਰੋਜੈਕਟ ਲਗਾਏ ਜਾਣਗੇ। ਇਸ ਮੌਕੇ ਵਿਸ਼ੇਸ਼ ਰੂਪ ਵਿੱਚ ਪਹੁੰਚੇ ਸਵੱਛ ਭਾਰਤ ਅਭਿਆਨ ਜਗਰਾਓਂ ਦੇ ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ ਨੇ ਵੀ ਸਵੱਛ ਭਾਰਤ ਦੀ ਮੁਹਿੰਮ ਵਿੱਚ ਸਾਥ ਦੇਣ ਲਈ ਅਪੀਲ ਕਰਦੇ ਹੋਏ ਬੂਟੇ ਲਗਾਏ। ਇਸ ਮੌਕੇ ਰੋਟਰੀ ਕਲੱਬ ਦੇ ਪ੍ਰਧਾਨ ਕਰਨਲ ਮੁਖਤਿਆਰ ਸਿੰਘ ਤੋਂ ਇਲਾਵਾ ਐਡਵੋਕੇਟ ਯੋਗੇਸ਼ ਸ਼ਰਮਾ, ਰਮੇਸ਼ ਵਰਮਾ (ਲੱਖੇ ਵਾਲੇ), ਦਿਨੇਸ਼ ਮਲਹੋਤਰਾ, ਸਵਰਨਜੀਤ ਸਹਿਗਲ, ਵਰਿੰਦਰ ਬਾਂਸਲ, ਚੰਦਰ ਮੋਹਨ, ਹਰੀ ਰਤਨ (ਬੱਬੂ), ਨਰਿੰਦਰ ਅਰੋੜਾ, ਮੰਗਤ ਰਾਮ ਬਾਂਸਲ, ਕੈਪਟਨ ਨਰੇਸ਼ ਵਰਮਾ ਤੇ ਡਾ. ਨਰਿੰਦਰ ਸਿੰਘ ਹਾਜ਼ਰ ਸਨ।




## ...ਸਫ਼ਾ 3 ਦੇ ਬਾਕੀ

### ਗੁਰਪ੍ਰੀਤ ਸਿੰਘ ਗੰਡੀਵਿੰਡ...

ਪਿਲਖਣੀ ਵੱਲੋਂ ਪੁਰਾਣੀ ਕਮੇਟੀ ਭੰਗ ਕਰਨ ਉਪਰੰਤ ਪੰਜਾਬ ਏਟਕ ਦੇ ਸੂਬਾ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਅਗਲੇ ਦੋ ਸਾਲ ਲਈ 13 ਮੈਂਬਰੀ ਸੂਬਾ ਕਮੇਟੀ ਦਾ ਪੈਨਲ, ਜਿਸ ਵਿੱਚ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ , ਜਨਰਲ ਸਕੱਤਰ ਸੁਰਿੰਦਰਪਾਲ ਲਾਹੌਰੀਆ ਅਤੇ ਖਜ਼ਾਨਚੀ ਬਲਜੀਤ ਕੁਮਾਰ ਸਮੇਤ ਬਾਕੀ ਅਹੁਦੇਦਾਰਾਂ ਦੀ ਟੀਮ ਸ਼ਾਮਲ ਹੈ, ਨੂੰ ਗਰਮਜੋਸ਼ੀ ਨਾਲ ਨਾਅਰੇ ਮਾਰ ਕੇ ਸਰਬਸੰਮਤੀ ਨਾਲ ਮਨਜ਼ੂਰ ਕੀਤਾ।

ਉਪਰੰਤ ਡੈਲੀਗੇਟ ਹਾਊਸ ਨੂੰ ਸੰਬੋਧਨ ਕਰਦਿਆਂ ਨਿਰਮਲ ਸਿੰਘ ਧਾਲੀਵਾਲ ਨੇ ਨਵੀਂ ਚੁਣੀ ਸੂਬਾ ਕਮੇਟੀ ਨੂੰ ਮੁਬਾਰਕਬਾਦ ਦਿੰਦਿਆਂ ਪੂੰਜੀਪਤੀਆਂ ਦੇ ਇਸ਼ਾਰਿਆਂ 'ਤੇ ਹਾਕਮ ਜਮਾਤਾਂ ਵੱਲੋਂ ਖੜੀਆਂ ਕੀਤੀਆਂ ਚੁਣੌਤੀਆਂ ਦੇ ਟਾਕਰੇ ਲਈ ਮਜ਼ਦੂਰ ਜਮਾਤ ਦੇ ਹਿੱਤਾਂ ਦੀ ਪਹਿਰੇਦਾਰੀ ਕਰਨ ਲਈ ਸੰਘਰਸ਼ਾਂ ਦੇ ਪਿੜ ਮੱਲਣ ਦਾ ਸੱਦਾ ਦਿੱਤਾ।

ਅਖੀਰ 'ਤੇ ਨਵੀਂ ਚੁਣੀ ਸੂਬਾਈ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਡੈਲੀਗੇਟਾਂ ਅਤੇ ਸਮੁੱਚੀ ਆਗੂ ਟੀਮ ਦਾ ਧੰਨਵਾਦ ਕਰਦਿਆਂ ਸਮੁੱਚੀ ਸੂਬਾ ਕਮੇਟੀ ਦੀ ਤਰਫੋਂ ਜਥੇਬੰਦੀ ਨੂੰ ਮਜ਼ਬੂਤ ਕਰਨ ਦਾ ਅਹਿਦ ਲੈਂਦਿਆਂ ਕਾਮਰੇਡ ਭਗਵਾਨ ਸਿੰਘ ਅਣਖੀ ਦੀ 31ਵੀਂ ਬਰਸੀ, ਜੋ ਹਰੇਕ ਸਾਲ ਦੀ ਤਰ੍ਹਾਂ 6 ਦਸੰਬਰ ਨੂੰ ਅਣਖੀ ਯਾਦਗਾਰੀ ਭਵਨ ਪਟਿਆਲਾ ਵਿਖੇ ਮਨਾਈ ਜਾ ਰਹੀ ਹੈ, ਨੂੰ ਪੂਰੀ ਤਨਦੇਹੀ ਨਾਲ ਕਾਮਯਾਬ ਕਰਨ ਦਾ ਸੱਦਾ ਦਿੱਤਾ।

### ਸਬ-ਡਵੀਜ਼ਨਲ, ਤਹਿਸੀਲ ...

ਕਿਹਾ ਕਿ ਇਸ ਨਾਲ ਇਨ੍ਹਾਂ ਦਫਤਰਾਂ ਵਿੱਚ ਕੰਮ ਕਰਨ ਵਾਲੇ ਸਟਾਫ ਨੂੰ ਬਿਹਤਰ ਕੰਮ ਕਰਨ ਦੀ ਥਾਂ ਯਕੀਨੀ ਬਣਾਉਣ ਦੇ ਨਾਲ-ਨਾਲ ਲੋਕਾਂ ਨੂੰ ਨਿਰਵਿਘਨ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣਗੀਆਂ। ਉਹਨਾ ਕਿਹਾ ਕਿ ਇਹ ਕੰਪਲੈਕਸ ਲੋਕਾਂ ਦੀ ਸਹੂਲਤ ਲਈ ਆਧੁਨਿਕ ਲੀਹਾਂ 'ਤੇ ਉਸਾਰੇ ਜਾਣਗੇ। 80 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀਆਂ ਇਮਾਰਤਾਂ ਵਿੱਚੋਂ ਦਿੜ੍ਹਬਾ ਵਿਖੇ ਸਬ-ਡਵੀਜ਼ਨ ਕੰਪਲੈਕਸ ਦੀ ਉਸਾਰੀ 'ਤੇ 16.06 ਕਰੋੜ ਰੁਪਏ, ਚੀਮਾ ਵਿਖੇ ਸਬ-ਤਹਿਸੀਲ ਕੰਪਲੈਕਸ 'ਤੇ 4.46 ਕਰੋੜ ਰੁਪਏ, ਬਾਲਿਆਂਵਾਲੀ ਵਿਖੇ ਸਬ-ਤਹਿਸੀਲ ਕੰਪਲੈਕਸ 'ਤੇ 1.42 ਕਰੋੜ ਰੁਪਏ, ਗੋਨਿਆਣਾ ਮੰਡੀ ਵਿਖੇ ਸਬ-ਤਹਿਸੀਲ ਕੰਪਲੈਕਸ 'ਤੇ 1.04 ਕਰੋੜ ਰੁਪਏ ਖਰਚ ਕੀਤੇ ਜਾਣਗੇ। ਏਸੇ ਤਰ੍ਹਾਂ ਸਬ-ਤਹਿਸੀਲ ਕੰਪਲੈਕਸ ਨਥਾਣਾ 'ਤੇ 1.47 ਕਰੋੜ ਰੁਪਏ, ਸਬ-ਤਹਿਸੀਲ ਕੰਪਲੈਕਸ ਦਸੂਹਾ 'ਤੇ 4.49 ਕਰੋੜ ਰੁਪਏ, ਸਬ-ਤਹਿਸੀਲ ਕੰਪਲੈਕਸ ਕਲਾਨੌਰ 'ਤੇ 6.49 ਕਰੋੜ ਰੁਪਏ, ਨਵੇਂ ਪ੍ਰਬੰਧਕੀ ਕੰਪਲੈਕਸ ਸੁਲਤਾਨਪੁਰ ਲੋਧੀ 'ਤੇ 5.80 ਕਰੋੜ ਰੁਪਏ, ਫਗਵਾੜਾ ਵਿਖੇ ਪ੍ਰਸ਼ਾਸਨਿਕ ਕੰਪਲੈਕਸ ਵਿਖੇ 3.96 ਕਰੋੜ ਰੁਪਏ, ਅਹਿਮਦਗੜ੍ਹ ਵਿਖੇ ਤਹਿਸੀਲ ਕੰਪਲੈਕਸ 'ਤੇ 5.95 ਕਰੋੜ ਰੁਪਏ, ਅਮਰਗੜ੍ਹ ਵਿਖੇ ਤਹਿਸੀਲ ਕੰਪਲੈਕਸ 'ਤੇ 6.69 ਕਰੋੜ ਰੁਪਏ, ਬੱਸੀ ਪਠਾਣਾਂ ਵਿਖੇ ਪ੍ਰਬੰਧਕੀ ਕੰਪਲੈਕਸ 'ਤੇ 8.61 ਕਰੋੜ, ਅਬੋਹਰ ਵਿਖੇ ਸਬ-ਡਵੀਜ਼ਨ/ ਤਹਿਸੀਲ ਕੰਪਲੈਕਸ 'ਤੇ 3.50 ਕਰੋੜ ਰੁਪਏ, ਬਨੂੜ ਵਿਖੇ ਸਬ-ਤਹਿਸੀਲ ਕੰਪਲੈਕਸ 'ਤੇ 3.05 ਕਰੋੜ ਰੁਪਏ, ਸਬ-ਤਹਿਸੀਲ ਕੰਪਲੈਕਸ ਮਾਜਰੀ 'ਤੇ 0.5 ਕਰੋੜ ਰੁਪਏ, ਸਬ-ਤਹਿਸੀਲ ਕੰਪਲੈਕਸ ਜ਼ੀਰਕਪੁਰ 'ਤੇ 0.5 ਕਰੋੜ ਰੁਪਏ ਅਤੇ ਸ੍ਰੀ ਚਮਕੌਰ ਸਾਹਿਬ ਵਿਖੇ ਸਬ-ਤਹਿਸੀਲ ਕੰਪਲੈਕਸ 'ਤੇ 5.14 ਕਰੋੜ ਰੁਪਏ ਖਰਚੇ ਜਾਣਗੇ। ਮਾਨ ਨੇ ਕਿਹਾ ਕਿ ਇਨ੍ਹਾਂ ਕੰਪਲੈਕਸਾਂ ਦਾ ਕੰਮ ਛੇਤੀ ਹੀ ਸ਼ੁਰੂ ਹੋ ਜਾਵੇਗਾ ਅਤੇ ਤੈਅ ਸਮੇਂ ਅੰਦਰ ਮੁਕੰਮਲ ਕਰ ਲਿਆ ਜਾਵੇਗਾ।

# ਸਰਕਾਰ ਵੱਲੋਂ ਸੰਵਿਧਾਨ ਨੂੰ ਖਤਮ ਕਰਨ ਦੀਆਂ ਕੋਝੀਆਂ ਚਾਲਾਂ ਖਿਲਾਫ ਮਜ਼ਦੂਰ ਸੰਘਰਸ਼ ਲਈ ਤਿਆਰ ਬਰ ਤਿਆਰ ਰਹਿਣ : ਸਮਾਓਂ, ਬਹਾਦਰਪੁਰ

## ਏ ਡੀ ਸੀ ਵਿਕਾਸ ਦਫਤਰ ਅੱਗੇ ਪੱਕਾ ਮਜ਼ਦੂਰ ਮੋਰਚਾ ਜਾਰੀ

**ਮਾਨਸਾ (ਆਤਮਾ ਸਿੰਘ ਪਮਾਰ)**-ਸਰਕਾਰ ਵੱਲੋਂ ਸੰਵਿਧਾਨ ਨੂੰ ਖਤਮ ਕਰਨ ਦੀਆਂ ਕੋਝੀਆਂ ਚਾਲਾਂ ਦੇ ਖਿਲਾਫ ਸੰਘਰਸ਼ ਕਰਨ ਲਈ ਮਜ਼ਦੂਰ ਵਰਗ ਤਿਆਰ ਬਰ ਤਿਆਰ ਰਹੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਨਸਾ ਦੇ ਏ ਡੀ ਸੀ ਵਿਕਾਸ ਦਫਤਰ ਅੱਗੇ ਚੱਲ ਰਹੇ ਦਿਨ-ਰਾਤ ਦੇ ਪੱਕੇ ਮਜ਼ਦੂਰ ਮੋਰਚੇ ਦੇ 114ਵੇਂ ਦਿਨ ਅਤੇ ਸੰਵਿਧਾਨ ਦਿਵਸ ਉੱਪਰ ਜੁੜੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਤੇ ਨਿੱਕਾ ਸਿੰਘ ਬਹਾਦਰਪੁਰ ਨੇ ਕੀਤਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਵੱਲੋਂ ਲਿਖੇ ਭਾਰਤੀ ਸੰਵਿਧਾਨ ਵਿੱਚ ਦੇਸ਼ ਦੇ ਹਰ ਇੱਕ ਵਿਅਕਤੀ ਨੂੰ ਮਿਲਦੇ ਲੋਕਤੰਤਰਿਕ ਹੱਕ ਤੇ ਜ਼ਿੰਦਗੀ ਜਿਉਣ ਦੇ ਮਿਲਦੇ ਮੁੱਢਲੇ ਸਿੱਖਿਆ ਰੁਜ਼ਗਾਰ ਅਤੇ ਬਰਾਬਰੀ ਦੇ ਅਧਿਕਾਰਾਂ ਰਾਹੀਂ ਹੀ ਭਾਰਤ ਦੇ ਸਦੀਆਂ ਤੋਂ ਜਾਤੀ, ਧਾਰਮਿਕ, ਸਮਾਜਿਕ ਤੇ ਹਰ ਤਰ੍ਹਾਂ ਦੇ ਵਿਤਕਰੇ ਦਾ ਸ਼ਿਕਾਰ ਦਲਿਤ ਬੇਜ਼ਮੀਨੇ ਗਰੀਬ ਅੱਜ ਧਨਾਢਾਂ ਤੇ ਜਗੀਰਦਾਰਾਂ ਦੀ ਅੱਖ ਵਿੱਚ ਅੱਖ ਪਾ ਕੇ ਗੱਲ ਕਰ ਸਕਦੇ ਹਨ। ਇਹ ਬਾਬਾ ਸਾਹਿਬ ਦੇ ਲਿਖੇ ਸੰਵਿਧਾਨਕ ਹੱਕਾਂ ਦੀ ਬਦੌਲਤ ਹੀ ਦਲਿਤ ਅਤੇ ਪਿੱਛੜੇ ਵਰਗ ਦੇ ਲੋਕ ਵੱਡੀਆਂ ਕੁਰਸੀਆਂ ਤੱਕ ਪਹੁੰਚੇ ਹਨ, ਪਰ 2014 ਵਿੱਚ ਸੱਤਾ ਅੰਦਰ ਆਈ ਆਰ ਐੱਸ ਐੱਸ ਦੀ ਪੈਦਾਇਸ਼ ਭਾਜਪਾ ਮੋਦੀ ਸਰਕਾਰ ਨੂੰ ਦਲਿਤਾਂ ਤੇ ਗਰੀਬਾਂ ਨੂੰ ਉੱਚਾ ਚੁੱਕਣ ਵਾਲਾ ਸੰਵਿਧਾਨ ਰਾਸ ਨਹੀਂ ਆ ਰਿਹਾ। ਇਸ ਦਾ ਹੀ ਨਤੀਜਾ ਹੈ ਕਿ ਮੋਦੀ ਸਰਕਾਰ ਸੰਵਿਧਾਨ ਦੀਆਂ ਮੂਲ ਧਾਰਾਵਾਂ ਨੂੰ ਖਤਮ ਕਰਕੇ ਮੰਨੂਵਾਦੀ ਸੰਵਿਧਾਨ ਲਾਗੂ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਜ਼ਦੂਰ ਕੱਟੜਪੰਥੀ ਜਾਤੀ ਦੇ ਨਾਂਅ 'ਤੇ ਪਾੜਾ ਪਾਉਣ ਵਾਲੀਆਂ ਤਾਕਤਾਂ ਦੇ ਮਗਰ ਲੱਗਣ ਦੀ ਥਾਂ ਪੰਜਾਬ ਵਿੱਚ ਸ਼ਹੀਦਾਂ ਦੇ ਸੁਪਨਿਆਂ ਤੇ ਬਰਾਬਰੀ ਵਾਲਾ ਬਦਲ ਉਸਾਰਨ ਲਈ ਲਾਲ ਝੰਡੇ ਦੀਆਂ ਤਾਕਤਾਂ ਨਾਲ ਖੜਨ। ਇਸ ਸਮੇਂ ਉਨ੍ਹਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ 30 ਨਵੰਬਰ ਨੂੰ ਮਜ਼ਦੂਰ ਸੰਗਰੂਰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਵਿੱਚ ਸ਼ਾਮਲ ਹੋਣ। ਇਸ ਸਮੇਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਸਕੱਤਰ ਵਿਜੈ ਕੁਮਾਰ ਭੀਖੀ, ਕਮਲਜੀਤ ਕੌਰ ਝੁਨੀਰ, ਸੁਖਜੀਤ ਰਾਮਾਨੰਦੀ, ਜਰਨੈਲ ਸਿੰਘ ਮਾਨਸਾ, ਗਗਨਦੀਪ ਖੜਕ ਸਿੰਘ ਵਾਲਾ, ਮੇਲਾ ਸਿੰਘ ਕੈਂਚੀਆਂ ਸਮੇਤ ਆਦਿ ਸਾਥੀ ਸ਼ਾਮਲ ਸਨ।



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

28-Nov-PAGE-11.qxd 11/27/2022 9:27 PM Page 1



# ਕਿਸਾਨ-ਮਜ਼ਦੂਰ ਜਥੇਬੰਦੀ ਦੇ ਡੀ ਸੀ ਦਫਤਰਾਂ ਅੱਗੇ ਧਰਨੇ ਦੂਜੇ ਦਿਨ ਵੀ ਰਹੇ ਜਾਰੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਦਿੱਲੀ ਮੋਰਚੇ ਦੀ ਦੂਜੀ ਵਰ੍ਹੇਗੰਢ 'ਤੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਅਤੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਿੱਚ ਡੀ ਸੀ ਦਫਤਰਾਂ 'ਤੇ ਸ਼ੁਰੂ ਕੀਤੇ ਗਏ ਪੰਜਾਬ ਪੱਧਰੀ ਮੋਰਚੇ ਦੂਜੇ ਦਿਨ ਵੀ ਜਾਰੀ ਰਹੇ। ਡੀ ਸੀ ਦਫਤਰ ਅੰਮ੍ਰਿਤਸਰ ਮੋਰਚੇ 'ਤੇ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਨੰਗੇ ਧੜ ਹੋ ਕੇ ਸਰਕਾਰਾਂ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਪ੍ਰਦਰਸ਼ਨ ਕੀਤਾ ਗਿਆ ਮੋਰਚੇ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਬਹਾਨੇਬਾਜ਼ੀਆਂ ਤੇ ਝੂਠ ਬੋਲਣ ਵਿਚ ਮੋਦੀ ਸਰਕਾਰ ਨੂੰ ਵੀ ਮਾਤ ਪਾ ਰਹੀ ਹੈ ਅਤੇ ਸੁਪਰੀਮ ਕੋਰਟ ਦੇ ਬਿਆਨ ਦੀ ਆੜ ਹੇਠ ਹਮਾਤੜ ਗਰੀਬ ਲੋਕਾਂ ਦੀ ਜ਼ਮੀਨ ਹੜੱਪਣ ਦੀ ਕੋਸ਼ਿਸ਼ ਕਰ ਰਹੀ ਹੈ। ਸਰਕਾਰ ਨੂੰ ਸੁਪਰੀਮ ਕੋਰਟ ਦੇ ਸਿਰਫ ਉਹ ਫੈਸਲੇ ਹੀ ਦਿਖਾਈ ਦਿੰਦੇ ਹਨ ਜਿਨ੍ਹਾਂ ਨੂੰ ਵੱਖਰੇ ਤਰੀਕੇ ਨਾਲ ਅਧਾਰ ਬਣਾ ਕੇ ਲੋਕ ਹਿੱਤਾਂ ਦਾ ਘਾਣ ਕੀਤਾ ਜਾ ਸਕੇ ਪਰ ਜਥੇਬੰਦੀ ਲੋਕ ਹਿੱਤਾਂ ਦੇ ਪੱਖ ਵਿਚ ਸਰਕਾਰ ਦੇ ਇਸ ਫੈਸਲੇ ਦੇ ਵਿਰੁੱਧ ਖੜੀ ਰਹੇਗੀ। ਧਰਨੇ 'ਚ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਰਮਨਜੀਤ ਸਿੰਘ ਬੰਡਾਲਾ, ਲਖਵਿੰਦਰ ਸਿੰਘ ਡਾਲਾ, ਗੁਰਦੇਵ ਸਿੰਘ ਗੱਗੋਮਾਹਲ, ਬਾਜ ਸਿੰਘ ਸਾਰੰਗੜਾ, ਕੰਵਰਦਲੀਪ ਸੈਦੋਲੇਹਲ, ਅੰਗਰੇਜ਼ ਸਿੰਘ ਸਹਿੰਸਰਾ, ਗੁਰਲਾਲ ਸਿੰਘ ਕੱਕੜ, ਸੁਖਜਿੰਦਰ ਸਿੰਘ ਹਰੜ, ਪ੍ਰਭਜੋਤ ਸਿੰਘ ਗੁੱਜਰਪੁਰਾ, ਸਾਬ੍ਹ ਸਿੰਘ ਕੱਕੜ, ਕੁਲਬੀਰ ਸਿੰਘ ਲੋਪੋਕੇ, ਗੁਰਦਾਸ ਸਿੰਘ ਵਿਛੋਆ, ਕੁਲਵੰਤ ਸਿੰਘ ਰਾਜਾਤਾਲ, ਜਸਮੀਤ ਸਿੰਘ ਰਾਣੀਆਂ, ਗੁਰਤੇਜ ਸਿੰਘ ਜਠੌਲ, ਹੋਰ ਸੀਨੀਅਰ ਜ਼ੋਨ ਆਗੂਆਂ ਨੇ ਅਗਵਾਹੀ ਕੀਤੀ ਅਤੇ ਮੀਟਿੰਗਾਂ ਵਿਚ ਭਰਪੂਰ ਗਿਣਤੀ ਵਿਚ ਕਿਸਾਨ, ਮਜ਼ਦੂਰ ਅਤੇ ਬੀਬੀਆਂ ਨੇ ਹਾਜ਼ਰੀ ਭਰੀ।

# ਹਜ਼ਾਰਾਂ ਮਿਹਨਤਕਸ਼ਾਂ ਵੱਲੋਂ ਹੱਕਾਂ ਲਈ ਪੱਕਾ ਮੋਰਚਾ ਸ਼ੁਰੂ : ਸਿੱਧਵਾਂ, ਮਾਣੋਚਾਹਲ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨਾਂ, ਮਜ਼ਦੂਰਾਂ, ਬੀਬੀਆਂ ਤੇ ਨੌਜਵਾਨਾਂ ਵੱਲੋਂ ਬਿਜਲੀ ਵੰਡ ਰੂਲਜ਼ - 2022 ਰੱਦ ਕਰਨ, ਐੱਮਐੱਸਪੀ ਦੀ ਗਰੰਟੀ, ਨਸ਼ਾ ਮੁਕਤੀ, ਭ੍ਰਿਟਾਚਾਰ, ਨੌਜਵਾਨਾਂ ਨੂੰ ਰੋਜ਼ਗਾਰ ਆਦਿ ਮੰਗਾਂ ਨੂੰ ਲੈ ਕੇ ਡੀਸੀ ਦਫਤਰ ਤਰਨਤਾਰਨ ਅੱਗੇ ਪੱਕਾ ਮੋਰਚਾ ਸ਼ੁਰੂ ਕੀਤਾ ਗਿਆ। ਸਟੇਜ ਦੀ ਸ਼ੁਰੂਆਤ ਦਿੱਲੀ ਮੋਰਚੇ ਸਮੇਤ ਕਿਸਾਨ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ। ਸੰਬੋਧਨ ਕਰਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਦਿਆਲਾ ਸਿੰਘ ਮੀਆਂਵਿੰਡ, ਹਰਬਿੰਦਰ ਸਿੰਘ ਕੰਗ, ਰੇਸ਼ਮ ਸਿੰਘ ਘੁਰਕਵਿੰਡ, ਜਰਨੈਲ ਸਿੰਘ ਨੂਰਦੀ, ਧੰਨਾ ਸਿੰਘ ਲਾਲੂਘੁਮਣ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਰਣਯੋਧ ਸਿੰਘ ਗੱਗੋਬੂਹਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਨਾਲ ਕਿਰਤੀਆਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਚੁੱਕੀ ਹੈ। ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਕਰਨ ਵਾਲੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ, 2022 ਬਿਜਲੀ ਵੰਡ ਰੂਲ ਰੱਦ ਕੀਤਾ ਜਾਵੇ, ਪ੍ਰਾਈਵੇਟ ਕੰਪਨੀਆਂ ਦਾ ਨਹਿਰੀ ਪ੍ਰੋਜੈਕਟ ਰੱਦ ਕੀਤਾ ਜਾਵੇ ਤੇ ਪਾਣੀ



ਪਿੰਡਾ ਤੱਕ ਪੁਚਾਇਆ ਜਾਵੇ, ਭਾਖੜਾ ਬਿਆਸ ਮੈਨੇਜਮੈਂਟ ਵਿੱਚੋਂ ਪੰਜਾਬ ਦਾ ਹੱਕ ਖੋਣ ਵਾਲਾ ਕਾਨੂੰਨ ਰੱਦ ਕੀਤਾ ਜਾਵੇ, ਨਸ਼ੇ ਦੇ ਸੌਦਾਗਰਾਂ ਨੂੰ ਨੱਥ ਪਾਈ ਜਾਵੇ, ਲਖੀਮਪੁਰੀ ਕਾਂਡ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆ ਜਾਣ। ਇਸ ਮੌਕੇ ਮੁਖਤਿਆਰ ਸਿੰਘ, ਅਜੀਤ ਸਿੰਘ ਚੰਬਾ, ਨਿਰਵੈਲ ਸਿੰਘ ਧੁੰਨ, ਕਲਵੰਤ ਸਿੰਘ ਭੈਲ, ਜਵਾਰ ਸਿੰਘ ਟਾਂਡਾ, ਇਕਬਾਲ ਸਿੰਘ ਵੜਿੰਗ, ਸਤਨਾਮ ਸਿੰਘ ਖੋਜਕੀਪੁਰ, ਪਾਖਰ ਸਿੰਘ ਲਾਲਪੁਰ, ਭਗਵਾਨ ਸਿੰਘ, ਲਖਬੀਰ ਸਿੰਘ ਵੈਰੋਵਾਲ, ਹਰਜਿੰਦਰ ਸਿੰਘ ਸਿੱਧਵਾਂ, ਵਲੰਟੀਅਰ ਫਤਿਹ ਸਿੰਘ ਪਿੱਦੀ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਫਸਲਾਂ ਦੀ ਰਹਿੰਦ-ਖੂੰਹਦ ਦੀ ਸੁਚੱਜੇ ਢੰਗ ਨਾਲ ਸਾਂਭ-ਸੰਭਾਲ ਸੰਬੰਧੀ ਸੈਮੀਨਾਰ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਸੂਚਨਾ, ਸਿੱਖਿਆ ਅਤੇ ਸੰਚਾਰ ਪ੍ਰੋਗਰਾਮ ਤਹਿਤ ਸ੍ਰੀ ਗੁਰੂ ਗੋਬਿੰਦ ਸਿੰਘ ਸਰਕਾਰੀ ਹਾਈ ਸਮਾਰਟ ਸਕੂਲ (ਲੜਕੇ) ਕੈਰੋਂ ਵਿਖੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬਲਾਕ ਪੱਟੀ ਵੱਲੋਂ ਫਸਲਾਂ ਦੀ ਰਹਿੰਦ-ਖੂੰਹਦ ਦੀ ਸੁਚੱਜੇ ਢੰਗ ਨਾਲ ਸਾਂਭ-ਸੰਭਾਲ ਸਬੰਧੀ ਸੈਮੀਨਾਰ ਲਗਾਇਆ ਗਿਆ। ਮੁੱਖ ਖੇਤੀਬਾੜੀ ਅਫਸਰ ਤਰਨਤਾਰਨ ਡਾ. ਸੁਰਿੰਦਰ ਸਿੰਘ, ਬਲਾਕ ਖੇਤੀਬਾੜੀ ਅਫ਼ਸਰ ਪੱਟੀ ਡਾ. ਭੁਪਿੰਦਰ ਸਿੰਘ ਅਤੇ ਖੇਤੀਬਾੜੀ ਵਿਕਾਸ ਅਫਸਰ ਡਾ. ਸੰਦੀਪ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਮੁੱਖ ਮਹਿਮਾਨ ਡਾ. ਸੁਰਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸੇ ਵੀ ਦੇਸ਼ ਜਾਂ ਸਮਾਜ ਦਾ ਨੌਜਵਾਨ ਵਰਗ, ਉਸ ਦੇਸ਼-ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਸਾਡਾ ਆਉਣ ਵਾਲਾ ਭਵਿੱਖ ਨੌਜਵਾਨਾਂ ਦੀ ਸੋਚ ਤੇ ਉਨ੍ਹਾਂ ਦੇ ਪ੍ਰਦਰਸ਼ਨ 'ਤੇ ਹੀ ਨਿਰਭਰ ਕਰਦਾ ਹੈ। ਨੌਜਵਾਨਾਂ ਵਿੱਚ ਜੋਸ਼ ਤੇ ਉਤਸ਼ਾਹ ਦੀ ਕੋਈ ਘਾਟ ਨਹੀਂ ਹੁੰਦੀ। ਉਹਨਾਂ ਚੰਗੇ ਭਵਿੱਖ ਲਈ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਰਹਿੰਦ-ਖੂੰਹਦ ਪਰਬੰਧਨ ਲਈ ਚਲਾਈ ਜਾ ਰਹੀ ਮੁਹਿੰਮ ਵਿੱਚ ਵੱਧ-ਚੜ੍ਹ ਕੇ ਸਹਿਯੋਗ ਕਰਨ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ ਭੁਪਿੰਦਰ ਸਿੰਘ ਨੇ ਦੱਸਿਆ ਕਿ ਖੇਤੀ ਕੁਦਰਤ ਤੇ ਨਿਰਭਰ ਹੈ। ਮਨੁੱਖੀ ਸੱਭਿਅਤਾ ਦੇ ਵਿਕਾਸ ਲਈ ਕੁਦਰਤ ਦੇ ਅਹਿਮ ਅੰਗ ਮਿੱਟੀ, ਪਾਣੀ, ਹਵਾ ਅਤੇ ਜੈਵਿਕ ਵੰਨ-ਸੁਵੰਨਤਾ ਦੀ ਹਿਫਾਜ਼ਤ ਕਰਨਾ ਬਹੁਤ ਜ਼ਰੂਰੀ ਹੈ। ਇਸ ਮੌਕੇ ਭਾਸ਼ਣ, ਕਵੀਸ਼ੀ, ਕਵਿਤਾ, ਪੋਸਟਰ ਮੇਕਿੰਗ ਤੇ ਸੁੰਦਰ




ਲਿਖਾਈ ਵਾਲੇ ਬੱਚਿਆਂ ਨੂੰ ਵਧੀਆ ਪੇਸ਼ਕਾਰੀ ਲਈ ਇਨਾਮ ਦਿੱਤੇ ਗਏ। ਇਸ ਦੌਰਾਨ ਪਰਾਲੀ ਪਰਬੰਧਨ ਕਰਨ ਵਾਲੇ ਸੂਝਵਾਨ ਕਿਸਾਨ ਬਲਕਾਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਸਵਕ ਚੇਅਰਮੈਨ ਕਰਮ ਸਿੰਘ ਢਿੱਲੋਂ, ਅਧਿਆਪਕ ਸਵਿੰਦਰ ਸਿੰਘ, ਸੁਰਿੰਦਰ ਨਾਥ, ਮੈਡਮ ਮਿਨਾਕਸ਼ੀ ਧਵਨ, ਅਮਰਪ੍ਰੀਤ ਸਿੰਘ, ਗੁਰਬਿੰਦਰ ਸਿੰਘ, ਅਕਾਸ਼ਰੂਪ ਸਿੰਘ, ਲਵਦੀਪ ਸਿੰਘ, ਕੁਲਪ੍ਰੀਤ ਸਿੰਘ, ਰਾਜਨਪ੍ਰੀਤ ਸਿੰਘ, ਮੈਡਮ ਅਮਨਦੀਪ, ਰੁਪਿੰਦਰ ਸਿੰਘ ਅਤੇ ਵਿਵੇਕ ਕੁਮਾਰ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਤਹਿਸੀਲ ਕੰਪਲੈਕਸ ਬਣਿਆ ਅੱਜਕੱਲ੍ਹ ਕੂੜੇ ਦਾ ਡੰਪ

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਤਹਿਸੀਲ ਕੰਪਲੈਕਸ ਵਿਚ ਸਾਫ ਸਫਾਈ ਨਾ ਹੋਣ ਕਾਰਨ ਜਗ੍ਹਾ ਜਗ੍ਹਾ ਕੂੜੇ ਦੇ ਢੇਰ ਲੱਗੇ ਹੋਏ ਹਨ। ਨਗਰ ਕੌਂਸਲ ਬਿਮਾਰੀਆਂ ਦੇ ਫੈਲਣ ਦੀ ਉਡੀਕ 'ਚ ਹੈ। ਪੱਟੀ ਦੇ ਤਹਿਸੀਲਦਾਰ ਦਫਤਰ ਤੇ ਐੱਸਡੀਐੱਮ ਦਫਤਰਾਂ ਦੇ ਬਾਹਰ ਜਿਥੇ ਸੈਂਕੜੇ ਲੋਕਾਂ ਤੇ ਸਰਕਾਰੀ ਕਰਮਚਾਰੀਆਂ ਦਾ ਆਉਣਾ ਜਾਣਾ ਰਹਿੰਦਾ ਹੈ ਉਥੇ ਬੀਤੇ ਕਈ ਮਹੀਨਿਆਂ ਤੋਂ ਜਗ੍ਹਾ-ਜਗ੍ਹਾ ਕੂੜੇ ਦੇ ਢੇਰਾਂ ਤੋਂ ਲੋਕ ਤੇ ਦਫਤਰ ਦੇ ਕਰਮਚਾਰੀ ਡਾਢੇ ਪਰੇਸ਼ਾਨ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਇਕ ਪਾਸੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਨੂੰ ਸਾਫ ਸੁਥਰਾ ਰੱਖਣ ਲਈ ਸਵੱਛ ਅਭਿਆਨ ਚਲਾਇਆ ਜਾ ਰਿਹਾ ਤਾਂ ਦੂਸਰੇ ਪਾਸੇ ਸਰਕਾਰੀ ਕਰਮਚਾਰੀ ਸਰਕਾਰੀ ਹੁਕਮਾਂ ਨੂੰ ਟਿੱਚ ਜਾਣਦੇ ਦਿਖਾਈ ਦੇ ਰਹੇ ਹਨ। ਸੂਬਾ ਸਰਕਾਰ ਤੇ ਸਿਹਤ ਵਿਭਾਗ ਵੱਲੋਂ ਜਾਗਰੂਕਤਾ ਮੁਹਿੰਮ ਚਲਾ ਕੇ ਆਪਣੇ ਆਲੇ ਦੁਆਲੇ ਦੀ ਸਾਫ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਤਾਂ ਦੂਸਰੇ ਪਾਸੇ ਸਰਕਾਰੀ ਮਹਿਕਮੇ ਆਪਣੀ ਹੀ ਸਰਕਾਰ ਦਾ ਮਜ਼ਾਕ ਉਡਾਉਂਦੇ ਦਿਖਾਈ ਦੇ ਰਹੇ ਹਨ। ਜੇਕਰ ਗੱਲ ਨਗਰ ਕੌਂਸਲ ਦੇ ਕਰਮਚਾਰੀਆਂ ਦੀ ਕਰੀਏ ਤਾਂ ਸਥਾਨਕ ਸ਼ਹਿਰ ਅੰਦਰ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਜਗ੍ਹਾ ਜਗ੍ਹਾ ਤੇ ਬੈਨਰ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਪਰ ਇਹ ਨਿਯਮ ਨਗਰ ਕੌਂਸਲ ਦੇ ਕਰਮਚਾਰੀਆਂ 'ਤੇ ਲਾਗੂ ਨਹੀਂ ਹੁੰਦੇ। ਜਦੋਂ ਇਸ ਮਾਮਲੇ ਸਬੰਧੀ ਨਗਰ ਦੀ ਪ੍ਰਧਾਨ ਬੀਬੀ ਲਖਬੀਰ ਕੌਰ ਨਾਲ ਫੋਨ 'ਤੇ ਰਾਬਤਾ ਕਾਇਮ ਕੀਤਾ ਗਿਆ ਤਾਂ ਉਨ੍ਹਾਂ ਆਖਿਆ ਕਿ ਉਹ ਜਲਦੀ ਤਹਿਸੀਲ ਕੰਪਲੈਕਸ ਅੰਦਰ ਲੱਗੇ ਕੂੜੇ ਦੇ ਢੇਰਾਂ ਤੋਂ ਨਿਜਾਤ ਦਿਵਾਉਣਗੇ। ਅਫਸੋਸ ਚਾਰ ਦਿਨ ਪਹਿਲਾਂ ਨਗਰ ਕੌਂਸਲ ਦੇ ਕਰਮਚਾਰੀਆਂ ਦੇ ਧਿਆਨ ਵਿਚ ਲਿਆਉਣ ਦੇ ਬਾਵਜੂਦ ਅੱਜ ਵੀ ਪਰਨਾਲਾ ਉਥੇ ਦਾ ਉਥੇ ਹੀ ਹੈ। ਕਰਮਚਾਰੀ ਨੀਂਦ ਤਿਆਗ ਕੇ ਤਹਿਸੀਲ ਕੰਪਲੈਕਸ 'ਚ ਲੱਗੇ ਕੂੜੇ ਦੇ ਢੇਰਾਂ ਤੋਂ ਲੋਕਾਂ ਨੂੰ ਕਦੋਂ ਨਿਜਾਤ ਦਿਵਾਉਣਗੇ, ਇਹ ਵੇਖਣਾ ਅਜੇ ਬਾਕੀ ਹੈ।

# ਵੈੱਲਫੇਅਰ ਐਸੋਸੀਏਸ਼ਨ ਨੇ ਜ਼ਿਲ੍ਹਾ ਪ੍ਰਧਾਨ ਤੇ ਜਨਰਲ ਸਕੱਤਰ ਥਾਪੇ



**ਮਜੀਠਾ (ਮਨਮੋਹਨ ਸਿੰਘ ਢਿੱਲੋਂ)**-ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਐਸੋਸੀਏਸ਼ਨ ਦੇ ਸੂਬਾ ਚੇਅਰਮੈਨ ਬਲਕਾਰ ਸਿੰਘ ਸਫਰੀ, ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਸਿੰਘ ਗਿੱਲ, ਮੁੱਖ ਸਲਾਹਕਾਰ ਮਨਜੀਤ ਸਿੰਘ ਵਿਰਕ ਅਤੇ ਸੂਬਾ ਪ੍ਰੈੱਸ ਸਕੱਤਰ ਹਰਵਿੰਦਰ ਸਿੰਘ ਰਾਣਾ (ਖ਼ੁਸ਼ੀਪੁਰ) ਵੱਲੋਂ ਜਥੇਬੰਦਕ ਸ਼ਿੱਦਤ ਨਾਲ ਸੇਵਾ ਨਿਭਾਉਣ ਕਰਕੇ ਸੁਖਦੇਵ ਸਿੰਘ ਨੂੰ ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਐਸੋਸੀਏਸ਼ਨ ਦਾ ਜ਼ਿਲ੍ਹਾ ਪ੍ਰਧਾਨ ਤਰਨਤਾਰਨ ਅਤੇ ਕਸ਼ਮੀਰ ਸਿੰਘ ਨੂੰ ਜ਼ਿਲ੍ਹਾ ਜਨਰਲ ਸਕੱਤਰ ਥਾਪਿਆ ਗਿਆ। ਉਪਰੋਕਤ ਦੋਵਾਂ ਆਗੂਆਂ ਨੇ ਭਰੋਸਾ ਦਿਵਾਇਆ ਕਿ ਉਹ ਤਨਦੇਹੀ ਨਾਲ ਜਥੇਬੰਦਕ ਸੇਵਾਵਾਂ ਨਿਭਾਉਣਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਤਵਿੰਦਰ ਸਿੰਘ ਸਰਕਾਰੀਆ ਅੰਮ੍ਰਿਤਸਰ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਮੀਤ ਪ੍ਰਧਾਨ ਮਾਸਟਰ ਮਨਜੀਤ ਸਿੰਘ ਸੋਹੀਆਂ ਖੁਰਦ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸੂਬਾਈ ਕਾਰਜਕਾਰੀ ਕਮੇਟੀ ਮੈਂਬਰ ਸਰਪੰਚ ਜਸਵੰਤ ਸਿੰਘ ਲੁੱਧੜ ਆਦਿ ਆਗੂ ਵੀ ਹਾਜ਼ਰ ਸਨ।

## ਸਰਹਾਲੀ ਕਲਾਂ 'ਚ ਹਾਈ ਵੋਲਟੇਜ ਦੀਆਂ ਨੀਵੀਆਂ ਤਾਰਾਂ ਕਾਰਨ ਵਾਪਰ ਸਕਦੈ ਵੱਡਾ ਹਾਦਸਾ

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਕਸਬਾ ਸਰਹਾਲੀ ਕਲਾਂ ਅੰਦਰ ਬਿਜਲੀ ਦੇ ਬਕਸਿਆਂ ਨੂੰ ਸਪਲਾਈ ਲਈ ਜਾਂਦੀਆਂ ਨੀਵੀਆਂ ਤੇ ਨੰਗੀਆਂ ਤਾਰਾਂ ਕਾਰਨ ਕਿਸੇ ਵੇਲੇ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਦੱਸਣਯੋਗ ਹੈ ਕਿ ਕਸਬਾ ਇਤਿਹਾਸਕ ਹੋਣ ਕਰਕੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਪੰਜਾਬ ਭਰ 'ਚੋਂ ਸੰਗਤਾਂ ਆਉਂਦੀਆਂ ਹਨ ਪਰ ਮਜਬੂਰੀ ਵੱਸ ਉਨ੍ਹਾਂ ਨੂੰ ਆਪਣੇ ਵਾਹਨ ਪਿੰਡ ਤੋਂ ਬਾਹਰ ਹੀ ਖੜੇ ਕਰਨੇ ਪੈਂਦੇ ਹਨ ਕਿਉਂਕਿ ਵਾਹਨ ਪਿੰਡ ਦੇ ਅੰਦਰ ਲਿਆ ਕੇ ਕੌਣ ਆਪਣੀ ਜਾਨ ਤੋਂ ਹੱਥ ਧੋਵੇ। ਸਕੂਲ ਬੱਸਾਂ ਦੀ ਉਚਾਈ ਜ਼ਿਆਦਾ ਹੋਣ ਕਾਰਨ ਤਾਰਾਂ ਬੱਸਾਂ ਲਈ ਅੜਿੱਕਾ ਬਣਦੀਆਂ ਹਨ। ਪੱਤਰਕਾਰਾਂ ਵੱਲੋਂ ਪਿੰਡ ਦਾ ਦੌਰਾ ਕਰਨ 'ਤੇ ਸਾਹਮਣੇ ਆਇਆ ਕਿ ਤਾਰਾਂ ਨੂੰ ਪੋਲਾਂ ਦੀ ਬਜਾਏ ਘਰਾਂ ਦੀਆਂ ਕੰਧਾਂ ਦੇ ਸਹਾਰੇ ਰੱਸੀਆਂ ਨਾਲ ਬੰਨ੍ਹ ਡੰਗ ਟਪਾਇਆ ਜਾ ਰਿਹੈ। ਪਿੰਡ ਵਾਸੀਆਂ ਨੇ ਦੱਸਿਆ ਇਨ੍ਹਾਂ ਮੁਸ਼ਕਿਲਾਂ ਨੂੰ ਅਨੇਕਾਂ ਵਾਰ ਪਾਵਰਕਾਮ ਦੇ ਸਬੰਧਤ ਕਰਮਚਾਰੀਆਂ ਦੇ ਧਿਆਨ ਵਿਚ ਲਿਆਂਦਾ ਗਿਆ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਇਸ ਸਬੰਧੀ ਐੱਸਈ ਤਰਨ ਤਾਰਨ ਗੁਰਸ਼ਰਨ ਸਿੰਘ ਖਹਿਰਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਪਹਿਲਾਂ ਵੀ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਅਤੇ ਤਾਰਾਂ ਨੂੰ ਠੀਕ ਕਰਨ ਦੇ ਹੁਕਮ 2 ਮਹੀਨੇ ਪਹਿਲਾਂ ਉਪ ਮੰਡਲ ਸਰਹਾਲੀ ਕਲਾਂ ਦੇ ਅਧਿਕਾਰੀਆਂ ਨੂੰ ਦਿੱਤੇ ਗਏ ਸਨ ਅਤੇ ਅਧਿਕਾਰੀਆਂ ਨੇ ਕੰਮ ਮੁਕੰਮਲ ਹੋਣ ਦੀ ਜਾਣਕਾਰੀ ਉਨ੍ਹਾਂ ਨੂੰ ਦਿੱਤੀ ਸੀ ਪਰ ਜਦ ਐੱਸਈ ਨੂੰ ਕੰਮ ਨਾ ਹੋਣ ਦੀ ਜਾਣਕਾਰੀ ਦਿੱਤੀ ਤਾਂ ਉਨ੍ਹਾਂ ਕਿਹਾ ਕਿ ਸਬੰਧਤ ਕਰਮਚਾਰੀਆਂ ਖਿਲਾਫ ਵਿਭਾਗੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

# ਬੁੱਢਾ ਦਲ ਪਬਲਿਕ ਸਕੂਲ 'ਚ ਸ਼ਹੀਦੀ ਦਿਵਸ ਮਨਾਇਆ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਬੁੱਢਾ ਦਲ ਪਬਲਿਕ ਸਕੂਲ ਪਟਿਆਲਾ ਵਿਖੇ ਨੌਵੇਂ ਪਾਤਸਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਬੜੇ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ਼ਹੀਦੀ ਦਿਹਾੜੇ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਹੋਈ। ਵਿਦਿਆਰਥੀਆਂ ਨੇ ਗੁਰੂ ਸਾਹਿਬਾਨ ਦੇ ਜੀਵਨ ਤੋਂ ਲੈ ਕੇ ਉਨ੍ਹਾਂ ਦੀ ਸ਼ਹਾਦਤ ਤੱਕ ਦਾ ਸਫਰ ਭਾਸ਼ਣ ਅਤੇ ਪੰਜਾਬੀ ਨਾਟਕ ਰਾਹੀਂ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ। ਵਿਦਿਆਰਥੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦਾ ਪਾਠ ਅਤੇ ਵਿਆਖਿਆ ਬਹੁਤ ਹੀ ਸ਼ਰਧਾ ਤੇ ਪਿਆਰ ਨਾਲ ਉਚਾਰਨ ਕੀਤੀ। ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਮੂਲ ਮੰਤਰ ਦਾ ਜਾਪ ਕਰ ਕੇ ਗੁਰੂ ਸਾਹਿਬਾਨ ਦੀ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਮੌਕੇ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਤਿਆਗ ਤੇ ਭਗਤੀ ਵਾਲੇ ਜੀਵਨ ਤੋਂ ਪ੍ਰੇਰਿਆ। ਸਕੂਲ ਦੇ ਮੁੱਖ ਸਰਪ੍ਰਸਤ ਸਿੰਘ ਸਾਹਿਬ ਜੱਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਵੀ ਇਸ ਮੌਕੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ ਇੱਕ ਚੰਗਾ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੱਤਾ।

# ਸਰਕਾਰੀ ਐਲੀਮੈਂਟਰੀ ਸਕੂਲ ਚਾਵਾਂ ਨੂੰ ਅਪਗ੍ਰੇਡ ਕਰਨ ਦੀ ਮੰਗ

**ਗੁਰਦਾਸਪੁਰ (ਜਨਕ ਮਹਾਜਨ)**-ਪਿੰਡ ਚਾਵਾਂ ਦੇ ਸਰਕਾਰੀ ਐਲੀਮੈਂਟਰੀ ਸਕੂਲ ਚਾਵਾਂ ਨੂੰ ਇਲਾਕੇ ਦੇ ਲੋਕਾਂ ਨੇ ਅਪਗ੍ਰੇਡ ਕਰਨ ਦੀ ਮੰਗ ਕੀਤੀ ਹੈ। ਸੇਵਾਮੁਕਤ ਪ੍ਰਿੰ. ਪ੍ਰਵਾਸੀ ਭਾਰਤੀ ਅਮਰਜੀਤ ਸਿੰਘ ਲੁਬਾਣਾ ਨੇ ਦੱਸਿਆ ਕਿ ਉਕਤ ਸਕੂਲ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ ਅਤੇ ਇਸ ਏਰੀਏ ਅੰਦਰ ਸਰਕਾਰੀ ਹਾਈ ਸਕੂਲ ਕੋਈ ਵੀ ਨਹੀਂ ਹੈ ਅਤੇ ਲੋਕਾਂ ਨੂੰ ਦੂਰ ਦੁਰਾਡੇ ਪੜ੍ਹਨ ਵਾਸਤੇ ਜਾਣਾ ਪੈਂਦਾ ਹੈ ਅਤੇ ਇਸ ਨੂੰ ਇਕ ਦਰਜਨ ਤੋ ਵੱਧ ਪਿੰਡ ਲੱਗਦੇ ਹਨ ਜਿਨ੍ਹਾਂ ਵਿਚ ਨਵਾ ਪਿੰਡ ਬਹਾਦਰ, ਨੌਸ਼ਹਿਰਾ, ਨਵਾਂ ਸ਼ਾਲਾ, ਪੁੱਲ ਤਿੱਬੜੀ, ਚਾਵਾਂ, ਨਵਾਂ ਨੌਸ਼ਹਿਰਾ, ਨੰਗਲ ਲਮੀਣ ਕਰਾਲ ਤੋਂ ਇਲਾਵਾ ਕੋਟਲੀ ਸੈਣੀਆਂ ਵੀ ਸ਼ਾਮਿਲ ਹਨ। ਉਨ੍ਹਾਂ ਨੇ ਪੰਜਾਬ ਦੇ ਸਿੱਖਿਆ ਮੰਤਰੀ ਪਾਸੋਂ ਮੰਗ ਕੀਤੀ ਹੈ ਕਿ ਪਿੰਡ ਚਾਵਾਂ ਦੇ ਐਲੀਮੈਂਟਰੀ ਸਕੂਲ ਨੂੰ ਫੌਰੀ ਤੌਰ 'ਤੇ ਅਪਗ੍ਰੇਡ ਕਰਨ ਵਾਸਤੇ ਵਿਉਂਤਬੰਦੀ ਬਣਾਈ ਜਾਵੇ ਜਿਸ ਨਾਲ ਸਿੱਖਿਆ ਦੇ ਖੇਤਰ ਵਿਚ ਦਰਜਨ ਪਿੰਡਾਂ ਦੇ ਵਿਦਿਆਰਥੀਆਂ ਨੂੰ ਲਾਭ ਮਿਲ ਸਕੇ।

# ਬਾਕਸਿੰਗ ਮੁਕਾਬਲੇ 'ਚ ਖਾਲਸਾ ਕਾਲਜ ਦਾ ਓਵਰ ਆਲ ਟਰਾਫ਼ੀ 'ਤੇ ਕਬਜ਼ਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਆਫ਼ ਫ਼ਿਜ਼ੀਕਲ ਐਜੂਕੇਸ਼ਨ ਨੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਵੱਲੋਂ ਸਰਕਾਰੀ ਆਰਟਸ ਐਂਡ ਸਪੋਰਟਸ ਕਾਲਜ਼ ਜਲੰਧਰ ਵਿਖੇ ਕਰਵਾਈ ਗਈ ਇੰਟਰ ਕਾਲਜ (ਲੜਕੇ-ਲੜਕੀਆਂ) ਬਾਕਸਿੰਗ ਚੈਂਪੀਅਨਸ਼ਿਪ 'ਚ ਲੜਕੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਹੋਇਆਂ ਓਵਰ ਆਲ ਚੈਂਪੀਅਨ ਟਰਾਫ਼ੀ ਹਾਸਲ ਕਰਕੇ ਕਾਲਜ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਉਕਤ ਖਿਡਾਰਣਾਂ ਨੂੰ ਵਧਾਈ ਦਿੰਦਿਆਂ ਡਾਇਰੈਕਟਰ ਖੇਡਾਂ ਅਤੇ ਕਾਲਜ ਪ੍ਰਿੰਸੀਪਲ ਡਾ. ਕੰਵਲਜੀਤ ਸਿੰਘ ਦੇ ਯਤਨਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਦੀ ਦੇਖ-ਰੇਖ 'ਚ ਕਾਲਜ ਦਿਨ-ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ। ਇਸ ਸਬੰਧੀ ਕਾਲਜ ਪ੍ਰਿੰਸੀਪਲ ਡਾ. ਕੰਵਲਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 2 ਰੋਜ਼ਾ ਕਰਵਾਈ ਗਈ ਇੰਟਰ ਕਾਲਜ ਬਾਕਸਿੰਗ ਚੈਂਪੀਅਨਸ਼ਿਪ 'ਚ ਕਾਲਜ ਦੀਆਂ ਲੜਕੀਆਂ ਨੇ ਓਵਰਆਲ ਚੈਂਪੀਅਨ ਟਰਾਫ਼ੀ ਪ੍ਰਾਪਤ ਕੀਤੀ ਹੈ ਜਦਕਿ ਇਸ ਦੇ ਇਲਾਵਾ 1 ਗੋਲਡ ਅਤੇ 5 ਸਿਲਵਰ ਮੈਡਲ ਹਾਸਲ ਕੀਤੇ ਹਨ। ਉਨ੍ਹਾਂ ਕਿਹਾ ਕਿ ਕਾਲਜ ਦੇ ਲੜਕਿਆਂ ਨੇ 2 ਚਾਂਦੀ ਅਤੇ 3 ਕਾਂਸੀ ਦੇ ਤਮਗੇ ਪ੍ਰਾਪਤ ਕੀਤੇ ਹਨ।

# ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਸਾਲਾਨਾ ਖੇਡਾਂ ਹੋਈਆਂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਗੁਰੂ ਗੋਬਿੰਦ ਸਿੰਘ (ਜੀ.ਜੀ.ਐੱਸ.)-ਮਾਡਰਨ ਸਕੂਲ ਬਖਤਪੁਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਸਾਲਾਨਾ ਖੇਡਾਂ ਕਰਵਾਈਆਂ ਗਈਆਂ। ਇਸ ਬਾਬਤ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਸਕੂਲ ਵਿੱਚ ਬਣੇ ਲੀਗਲ ਲਿਟਰੇਸੀ ਕਲੱਬ ਅਤੇ ਬੱਡੀ ਗਰੁੱਪ ਵੱਲੋਂ ਕਰਵਾਈਆਂ ਗਈਆਂ ਇਨ੍ਹਾਂ ਖੇਡਾਂ ਵਿੱਚ ਬਨਾਨਾ ਰੇਸ ਵਿੱਚੋਂ ਅਰਮਾਨ ਗਿੱਲ, ਸੁਖਮਨ ਤੇ ਪੁਨੀਤ ਨੇ ਪਹਿਲਾ ਸਥਾਨ, ਹਰਗੁਣ, ਮਨਰਾਜ ਤੇ ਹਰਸੀਰਤ ਨੇ ਦੂਜਾ ਅਤੇ ਚਾਹਤ, ਆਰਵ ਤੇ ਨਮਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 100 ਮੀ: ਰੇਸ ਲੜਕੇ ਤੇ ਲੜਕੀਆਂ ਵਿੱਚੋਂ ਜਸਵਿੰਦਰ ਗਿੱਲ, ਸੀਰਤ, ਮੁਹੰਮਦ ਆਰਿਫ, ਹਰਸਿਮਰਨਜੀਤ, ਜਸਕਰਨ ਤੇ ਹਰਮਨਜੋਤ ਨੇ ਪਹਿਲਾ ਸਥਾਨ, ਰਾਜਵੀਰ, ਮਾਹੀ, ਕਰਨਬੀਰ, ਰਿੰਪਲ, ਤਰਮਨ ਤੇ ਦਿਲਰਾਜ ਨੇ ਦੂਜਾ ਅਤੇ ਮਨਵੀਰ, ਨਿਤਾਸ਼, ਦਿਵਿਆ, ਗੁਰਨੂਰ, ਜਤਿਨ, ਜਸਮੀਤ, ਨਵਪ੍ਰੀਤ ਤੇ ਗੁਰਪ੍ਰੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 200 ਮੀ: ਰੇਸ ਵਿੱਚ ਲੜਕੇ ਦੇ ਜੂਨੀਅਰ ਸੀਨੀਅਰ ਗਰੁੱਪ ਵਿੱਚੋਂ ਤਰਮਨਜੋਤ, ਸਿਨੇਹਾ, ਹਰਮਨਪ੍ਰੀਤ, ਜਸਕਰਨਪ੍ਰੀਤ, ਪਲਵਿੰਦਰ ਤੇ ਬਲਜਿੰਦਰ ਨੇ ਪਹਿਲਾ ਸਥਾਨ, ਹਰਪ੍ਰੀਤ, ਪ੍ਰਨੀਤ, ਜੈਸਪ੍ਰੀਤ, ਮੁਹੰਮਦ ਆਰਿਫ, ਪ੍ਰਨੀਤ, ਰਿੰਪਲ ਤੇ ਰਾਜਬੀਰ ਨੇ ਦੂਜਾ ਅਤੇ ਨਵਪ੍ਰੀਤ, ਮਨਪ੍ਰੀਤ, ਸਿਮਰਨਦੀਪ, ਸਹਿਜਪ੍ਰਤਾਪ, ਮਨਪ੍ਰੀਤ ਤੇ ਅਨਮੋਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ।



400 ਮੀ: ਰੇਸ ਲੜਕੇ ਤੇ ਲੜਕੀਆਂ ਵਿੱਚੋਂ ਗੁਰਨੂਰ, ਹਰਲੀਨ, ਬਿਪਨਸਵਰੂਪ, ਰਮਨਦੀਪ ਤੇ ਰੋਹਿਤ ਨੇ ਪਹਿਲਾ, ਰਣਜੋਧਵੀਰ, ਸਿਮਰਨਜੀਤ, ਮਨਿੰਦਰ ਗਿੱਲ, ਪ੍ਰਾਵਿਤ, ਜਸਮੀਤ ਤੇ ਸਹਿਜਪ੍ਰਤਾਪ ਨੇ ਦੂਜਾ ਅਤੇ ਹਰਪ੍ਰੀਤ, ਸਿਮਰਨਜੀਤ, ਅੰਮ੍ਰਿਤਪਾਲ, ਗੁਰਲੀਨ ਤੇ ਹਰਪ੍ਰਤਾਪ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 1600 ਮੀ: ਰੇਸ ਲੜਕੇ ਤੇ ਲੜਕੀਆਂ ਮੁਹੰਮਦ ਆਰਿਫ, ਰਮਨਦੀਪ ਤੇ ਸਿਨੇਹਾ ਨੇ ਪਹਿਲਾ, ਕਰਨਬੀਰ, ਗਗਨ, ਪਲਵਿੰਦਰ ਤੇ ਸੁਖਮਨਦੀਪ ਨੇ ਦੂਜਾ ਅਤੇ ਅੰਮ੍ਰਿਤਪਾਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੌਂਗ ਜੰਪ ਵਿੱਚ ਮਨਿੰਦਰ ਗਿੱਲ, ਰਮਨਦੀਪ, ਮੁਹੰਮਦ ਆਰਿਫ, ਮਹਿਕਦੀਪ, ਹਰਪ੍ਰੀਤ ਤੇ ਸਿਨੇਹਾ ਨੇ ਪਹਿਲਾ, ਸਾਰਥਿਕ, ਪੁਨੀਤ, ਜਸਨਪ੍ਰੀਤ, ਜਸਮੀਤ, ਤਰਮਨਜੋਤ ਤੇ ਹਰਮਨਪ੍ਰੀਤ ਨੇ ਦੂਜਾ, ਬਿਪਨਸਵਰੂਪ, ਹਸਰਤਪ੍ਰੀਤ, ਹਰਪ੍ਰਤਾਪ, ਪਲਕ ਰਾਏ, ਦਿਲਰਾਜ ਤੇ ਮਨਪ੍ਰੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸ਼ਾਟਪੁੱਟ ਵਿੱਚ ਪਲਵਿੰਦਰ, ਸਿਨੇਹਾ, ਬਿਪਨਸਵਰੂਪ, ਸਿਮਰਨਜੀਤ, ਅੰਮ੍ਰਿਤਨੂਰ ਤੇ ਹਰਮਨਜੋਤ ਨੇ ਪਹਿਲਾ, ਰਮਨਪ੍ਰੀਤ, ਸੁਖਮਨੀ, ਗਓਗਓਨ, ਮਨਿੰਦਰ ਗਿੱਲ, ਮੁਹੰਮਦ ਆਰਿਫ ਤੇ ਨਵਪ੍ਰੀਤ ਨੇ ਦੂਜਾ ਅਤੇ ਚਾਹਤ, ਜਸਮੀਤ, ਹਰਮਨਪ੍ਰੀਤ, ਅੰਮ੍ਰਿਤਪਾਲ, ਸਹਿਜ ਤੇ ਮਹਾਵੀਰਪ੍ਰਤਾਪ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਰੱਸਾ ਕੱਸੀ ਅਤੇ ਵਾਲੀਬਾਲ ਦੇ ਫਸਵੇਂ ਮੁਕਾਬਲੇ ਵਿੱਚ ਹਰਮਨਜੋਤ ਤੇ ਦੀਆਂ ਗੁਰਜੀਤ ਟੀਮਾਂ ਨੇ ਜਿੱਤ ਪ੍ਰਾਪਤ ਕੀਤੀ। ਸਕੂਲ ਡਾਇਰੈਕਟਰ ਮਹਿੰਦਰਪਾਲ ਸਿੰਘ ਕਲੇਰ,ਪ੍ਰਧਾਨ ਮੈਡਮ ਰਣਜੀਤ ਕੌਰ, ਡਾ: ਸਰਨਜੀਤ ਸਿੰਘ ਅਤੇ ਡਾ: ਕਮਲਪ੍ਰੀਤ ਕੌਰ ਨੇ ਜੇਤੂ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਅਗਾਂਹ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਚਿੱਤਰਕਾਰ ਸੋਭਾ ਸਿੰਘ ਦੇ ਜਨਮਦਿਨ ਨੂੰ ਸਮਰਪਿਤ ਸਮਾਗਮ

**ਬਟਾਲਾ (ਤਰਲੋਕ ਬੱਗਾ)**-ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਸਾਹਿਲ-ਏ-ਬਿਆਸ ਖੇਡ, ਸੱਭਿਆਚਾਰਕ ਅਤੇ ਭਲਾਈ ਸੁਸਾਇਟੀ ਵੱਲੋਂ ਚਿੱਤਰਕਾਰ ਸੋਭਾ ਸਿੰਘ ਦੇ 122ਵੇਂ ਜਨਮਦਿਨ ਨੂੰ ਸਮਰਪਿਤ ਇੱਕ ਪ੍ਰਭਾਵਸ਼ਾਲੀ ਸਮਾਗਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵਿਦਿਆਰਥੀਆਂ ਦੇ ਚਿੱਤਰਕਲਾ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਸਮਾਗਮ ਦੌਰਾਨ ਇਕੱਤਰ ਹੋਏ ਨਗਰ ਨਿਵਾਸੀਆਂ, ਬੁੱਧੀਜੀਵੀਆਂ ਦੇ ਇਕੱਠ ਨੇ ਸੋਭਾ ਸਿੰਘ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਆਪਣੇ ਵਿਰਸੇ ਅਤੇ ਸਭਿਆਚਾਰ ਨੂੰ ਸਾਂਭਣ ਦਾ ਸੁਨੇਹਾ ਦਿੱਤਾ। ਇਸ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫਸਰ ਇੰਦਰਜੀਤ ਸਿੰਘ ਬਾਜਵਾ ਨੇ ਇਸ ਮਹਾਨ ਸ਼ਖਸੀਅਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਦੱਸਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਨਗਰ ਕੌਂਸਲ ਪ੍ਰਧਾਨ ਨਵਦੀਪ ਸਿੰਘ ਪੰਨੂੰ ਨੇ ਨਗਰ ਸ੍ਰੀ ਹਰਗੋਬਿੰਦਪੁਰ ਸਾਹਿਬ ਵਿੱਚ ਤਲਵਾੜਾ ਚੌਂਕ ਦਾ ਨਾਮ ਸੋਭਾ ਸਿੰਘ ਦੇ ਨਾਮ 'ਤੇ ਰੱਖਣ ਸਬੰਧੀ ਜਾਣਕਾਰੀ ਦਿੰਦਿਆਂ ਮਹਾਨ ਚਿੱਤਰਕਾਰ ਦੇ ਜੱਦੀ ਘਰ ਅਤੇ ਉਨ੍ਹਾਂ ਦੀ ਯਾਦ ਵਿੱਚ ਪੰਜਾਬ ਸਰਕਾਰ ਦੁਆਰਾ ਬਣਵਾਈ ਆਰਟ ਗੈਲਰੀ ਤੇ ਲਾਇਬ੍ਰੇਰੀ ਨੂੰ ਮੁੜ ਸੁਰਜੀਤ ਕਰਨ ਹਿੱਤ ਯੋਗ ਉਪਰਾਲੇ ਕਰਨ ਬਾਰੇ ਭਰੋਸਾ ਦਿਵਾਇਆ।

# ਗੁਜਰਾਤ ਦੇ ਲੋਕ ਹੁਣ ਬਦਲਾਅ ਚਾਹੁੰਦੇ : ਰੁਪਿੰਦਰ ਕੌਰ



**ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)**-ਗੁਜਰਾਤ ਦੇ ਵਿਧਾਨ ਸਭਾ ਹਲਕਾ ਪੋਰਬੰਦਰ ਵਿਖੇ ਜ਼ਿਲ੍ਹਾ ਤਰਨਤਾਰਨ ਤੋਂ ਚੋਣ ਪ੍ਰਚਾਰ ਕਰਨ ਪਹੁੰਚੇ ਆਮ ਆਦਮੀ ਪਾਰਟੀ ਯੂਥ ਦੇ ਜ਼ਿਲ੍ਹਾ ਮੀਤ ਪ੍ਰਧਾਨ ਰੁਪਿੰਦਰ ਕੌਰ ਸੰਧੂ ਨੇ ਦੱਸਿਆ ਕਿ ਏਥੋਂ ਦੇ ਲੋਕ ਬਹੁਤ ਸਾਰੀਆਂ ਮੌਲਿਕ ਲੋੜਾਂ ਤੋਂ ਵੀ ਵਾਂਝੇ ਹਨ ਅਤੇ ਪਿਛਲੇ ਲੰਬੇ ਸਮੇਂ ਤੋਂ ਚਲਦੀਆਂ ਆ ਰਹੀਆਂ ਰਵਾਇਤੀ ਪਾਰਟੀਆਂ ਤੋਂ ਬਹੁਤ ਤੰਗ-ਪ੍ਰੇਸ਼ਾਨ ਹਨ। ਹਲਕਾ ਪੋਰਬੰਦਰ ਵਿਖੇ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨੇ ਘਰ-ਘਰ ਜਾ ਕੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਬਾਰੇ ਦੱਸਿਆ ਅਤੇ ਉਨ੍ਹਾਂ ਨੂੰ ਅਰਵਿੰਦ ਕੇਜਰੀਵਾਲ ਦੀਆਂ ਗਾਰੰਟੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਲੋਕਾਂ ਨੇ ਬਹੁਤ ਜੋਸ਼ ਨਾਲ ਵਿਸ਼ਵਾਸ ਦਿਵਾਇਆ ਕਿ ਉਹ ਇਸ ਵਾਰ ਆਪਣਾ ਵੋਟ ਸਿਰਫ ਤੇ ਸਿਰਫ ਆਮ ਆਦਮੀ ਪਾਰਟੀ ਨੂੰ ਹੀ ਦੇਣਗੇ। ਇਸ ਮੌਕੇ ਉਨ੍ਹਾਂ ਦੇ ਨਾਲ ਦਿਲਬਾਗ ਸਿੰਘ, ਤਰਨਤਾਰਨ ਤੋਂ ਮਨਪ੍ਰੀਤ ਸਿੰਘ ਸੰਧੂ, ਸੁਖਵਿੰਦਰ ਸਿੰਘ ਝੰਡੇਰ, ਲਖਵਿੰਦਰ ਸਿੰਘ, ਗੁਰਦੇਵ ਸਿੰਘ ਜੰਡੋਕੇ ਅਤੇ ਪੋਰਬੰਦਰ ਤੋਂ ਬਹੁਤ ਸਾਰੇ ਪਾਰਟੀ ਵਰਕਰ ਹਾਜ਼ਰ ਸਨ।

# ਸੱਤਿਅਮ ਇੰਸਟੀਚਿਊਟ 'ਚ ਲੱਗਾ ਦੋ ਦਿਨਾ ਟੈਕਨੋ ਮੇਲਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਸੱਤਿਅਮ ਇੰਸਟੀਚਿਊਟ ਰਾਮ ਤੀਰਥ ਵਿਖੇ ਦੋ ਦਿਨ ਦਾ ਟੈਕਨੋ ਮੇਲਾ ਕਰਵਾਇਆ ਗਿਆ । ਇਸ ਮੌਕੇ ਐੱਸਬੀਐੱਸ ਗਰੁਪ ਆਫ ਐਜੂਕੇਸ਼ਨ ਦੇ ਐੱਮ. ਡੀ. ਡਾ. ਰਾਜੇਸ਼ ਭਾਰਦਵਾਜ ਅਤੇ ਡਾਇਰੈਕਟਰ ਸੱਤਿਅਮ ਭਾਰਦਵਾਜ ਨੇ ਸ਼ਮ੍ਹਾ ਰੁਸ਼ਨਾ ਕੇ ਮੇਲੇ ਦੀ ਆਰੰਭਤਾ ਕੀਤੀ। ਇਸ ਮੌਕੇ ਸੁਰਿੰਦਰ ਪਾਲ ਸਿੰਘ ਏ. ਡੀ. ਸੀ. ਅੰਮ੍ਰਿਤਸਰ ਨੇ ਮੁੱਖ ਮਹਿਮਾਨ ਅਤੇ ਜਗਸੀਰ ਸਿੰਘ ਤਹਿਸੀਲਦਾਰ, ਲੋਪੋਕੇ ਨੇ ਗੈਸਟ.ਆਫ.ਆਨਰ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡਾ. ਰਾਜੇਸ਼ ਭਾਰਦਵਾਜ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਇਸ ਮੇਲੇ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਬੱਚਿਆਂ ਨੂੰ ਇਸ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਕਿਹਾ। ਮੁੱਖ ਮਹਿਮਾਨ ਸੁਰਿੰਦਰ ਪਾਲ ਸਿੰਘ ਨੇ ਸਭ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਉਣ ਨਾਲ ਵਿਦਿਆਰਥੀਆਂ ਦੀ ਸ਼ਖ਼ਸੀਅਤ ਅਤੇ ਆਤਮਵਿਸ਼ਵਾਸ 'ਚ ਵਾਧਾ ਹੋਵੇਗਾ।




ਇਸ ਮੇਲੇ ਵਿੱਚ ਤਕਰੀਬਨ 25 ਸਕੂਲਾਂ/ਕਾਲਜਾਂ ਦੇ 600 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਨੇ ਭੰਗੜਾ, ਗਿੱਧਾ, ਗਰੁਪ ਡਾਂਸ, ਸੋਲੋ ਡਾਂਸ, ਫੋਟੋਗਰਾਫੀ, ਗਰੁੱਪ ਗਾਇਨ, ਸੋਲੋ ਗਾਇਨ ਐਕਟਿੰਗ ਅਤੇ ਦੂਸਰੇ ਪਾਸੇ ਵੈੱਬ ਡਵੈਲਪਮੈਂਟ, ਆਈ .ਟੀ. ਕੁਇਜ਼, ਸਾਇੰਸ ਕੁਇਜ਼, ਪ੍ਰੋਜੈਕਟ ਡਿਸਪਲੇ, ਪੋਸਟਰ ਮੇਕਿੰਗ, ਡੈਕਲਾਮੇਸ਼ਨ ਵਰਗੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਉਪਰੰਤ ਆਏ ਹੋਏ ਜੱਜ ਸਹਿਬਾਨ ਨੇ ਸਾਰੀਆਂ ਟੀਮਾਂ ਦਾ ਜਾਇਜ਼ਾ ਲਿਆਂ ਅਤੇ ਜੇਤੂ ਟੀਮਾਂ ਦਾ ਨਤੀਜਾ ਕੱਢਿਆ ਜਿਸ ਵਿੱਚ ਸਮੁੱਚੀ ਟਰਾਫੀ ਬਰਾਈਟ ਲੈਂਡ ਸਕੂਲ ਅੰਮ੍ਰਿਤਸਰ ਨੂੰ ਮਿਲੀ। ਉਪਰੰਤ ਏਡੀਸੀ ਸੁਰਿੰਦਰ ਪਾਲ ਸਿੰਘ ਅਤੇ ਡਾ. ਰਾਜੇਸ਼ ਭਾਰਦਵਾਜ ਵਲੋਂ ਜੇਤੂ ਰਹੀਆਂ ਟੀਮਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

# ਹੈਰੋਇਨ ਤੇ 860 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਪੁਲਸ ਨੇ ਪਿੰਡ ਪਨਿਆੜ ਤੋਂ 10 ਗ੍ਰਾਮ ਹੈਰੋਇਨ ਤੇ 860 ਨਸ਼ੀਲੀਆਂ ਗੋਲੀਆਂ ਸਮੇਤ ਨਸ਼ਾ ਤਸਕਰ ਨੂੰ ਕਾਬੂ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਦੀਨਾਨਗਰ ਦੇ ਐੱਸਐੱਚਓ ਮੇਜਰ ਸਿੰਘ ਨੇ ਦੱਸਿਆ ਕਿ ਏਐੱਸਆਈ ਯੂਸਫ ਮਸੀਹ ਵਲੋਂ ਪੁਲਸ ਪਾਰਟੀ ਨਾਲ ਪਿੰਡ ਪਨਿਆੜ ਦੇ ਸ਼ਮਸ਼ਾਨਘਾਟ ਨੇੜਿਓਂ ਸੂਰਜ ਉਰਫ ਰੋੜੀ ਨੂੰ ਸ਼ੱਕ ਦੀ ਬਿਨਾਹ 'ਤੇ ਕਾਬੂ ਕਰਕੇ ਉਸਦੀ ਤਲਾਸ਼ੀ ਕੀਤੀ ਗਈ ਸੀ। ਉਕਤ ਮੁਲਜ਼ਮ ਕੋਲੋਂ 10 ਗ੍ਰਾਮ ਹੈਰੋਇਨ ਤੇ 860 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਐੱਨਡੀਪੀਐੱਸ ਐਕਟ ਅਧੀਨ ਮਾਮਲਾ ਦਰਜ ਕਰ ਕੇ ਮੁਲਜ਼ਮ ਨੂੰ ਹਿਰਾਸਤ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਕੀਤਾ ਨਾਂਅ ਰੌਸ਼ਨ

**ਚੋਹਲਾ ਸਾਹਿਬ (ਹਰਪ੍ਰੀਤ ਸਿੰਘ ਚੰਬਾ, ਰਮਨ ਚੱਢਾ)**

ਗੁਰਦੁਆਰਾ ਭਗਤ ਨਾਮਦੇਵ ਜੀ, ਸ਼ਹਿਰ ਪੱਟੀ ਵਿਖੇ ਸ੍ਰੀ ਸਹਿਜ ਪਾਠ ਲਹਿਰ ਅੰਮ੍ਰਿਤਸਰ ਅਤੇ ਸ਼੍ਰੋਮਣੀ ਭਗਤ ਨਾਮਦੇਵ ਜੀ ਨੌਜਵਾਨ ਸਭਾ ਪੱਟੀ ਵੱਲੋਂ ਜ਼ਿਲ੍ਹਾ ਪੱਧਰੀ ਧਾਰਮਿਕ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਕਈ ਸਕੂਲਾਂ ਨੇ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਮੈਡਲ, ਟਰੌਫੀਆਂ ਅਤੇ ਸਰਟੀਫਿਕੇਟ ਹਾਸਿਲ ਕੀਤੇ ਜਿਸ ਵਿੱਚ ਕੁਇਜ਼ ਜੂਨੀਅਰ ਗਰੁੱਪ ਵਿੱਚ ਸਤਵੀਂ ਜਮਾਤ ਦੀ ਮਨਬੀਰ ਕੌਰ, ਸਨੇਹਪ੍ਰੀਤ ਕੌਰ ਅਤੇ ਹਰਸਿਮਰਨਪ੍ਰੀਤ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਸੀਨੀਅਰ ਗਰੁੱਪ ਵਿੱਚ ਦਸਵੀਂ ਜਮਾਤ ਦੀ ਅਮਰਬੀਰ ਕੌਰ, ਕੋਮਲਪ੍ਰੀਤ ਕੌਰ, ਗੁਰਲੀਨ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਗੁਰਬਾਣੀ ਕਥਾ ਜੂਨੀਅਰ ਗਰੁੱਪ ਵਿੱਚ ਅੱਠਵੀਂ ਜਮਾਤ ਦੀ ਸ਼ੋਭਨੀਕ ਕੌਰ ਨੇ ਦੂਸਰਾ ਸਥਾਨ ਹਾਸਿਲ ਕੀਤਾ। ਗੁਰਬਾਣੀ ਕਥਾ ਸੀਨੀਅਰ ਗਰੁੱਪ ਵਿੱਚ ਜਸਕਰਨ ਸਿੰਘ ਅਤੇ ਹਰਮਨਦੀਪ ਕੌਰ ਨੇ ਪਹਿਲਾ ਅਤੇ ਲੈਕਚਰ ਸੀਨੀਅਰ ਗਰੁੱਪ ਜਮਾਤ ਦਸਵੀਂ ਵਿੱਚੋਂ ਹਰਵਿੰਦਰ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਕਵਿਤਾ ਜੂਨੀਅਰ ਗਰੁੱਪ ਵਿੱਚ ਸਤਵੀਂ ਜਮਾਤ ਦੀ ਰਵਨੀਤ ਕੌਰ ਨੇ ਤੀਸਰਾ ਦਰਜਾ ਹਾਸਿਲ ਕੀਤਾ। ਕਵਿਤਾ ਸੀਨੀਅਰ ਗਰੁੱਪ ਵਿੱਚ ਬਾਰਵੀਂ ਕਲਾਸ ਦੀ ਕੋਮਲਪ੍ਰੀਤ ਕੌਰ ਨੇ ਦੂਸਰਾ ਸਥਾਨ ਹਾਸਿਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਸੰਤ ਬਾਬਾ ਸੁੱਖਾ ਸਿੰਘ ਨੇ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਕੂਲ ਦੇ ਡਾਇਰੈਕਟਰ ਸਤੀਸ਼ ਕੁਮਾਰ ਦੁੱਗਲ ਅਤੇ ਕਾਰਜਕਾਰੀ ਪ੍ਰਿੰ. ਯੁਗੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਸਕੂਲ ਪਹੁੰਚਣ 'ਤੇ ਸਨਮਾਨਿਤ ਕੀਤਾ। ਇਸ ਦੌਰਾਨ ਸਕੂਲ ਦਾ ਸਾਰਾ ਸਟਾਫ ਅਤੇ ਵਿਦਿਆਰਥੀ ਵੀ ਹਾਜ਼ਰ ਸਨ।



# ਤਹਿਸੀਲਦਾਰ ਖੁੱਲਰ ਨੇ ਪਾਰਕ 'ਚ ਲਗਵਾਈ ਨਵੀਂ ਫੁੱਲਵਾੜੀ

**ਮਜੀਠਾ (ਸੋਇਮ ਆਨੰਦ)**

ਬੀਤੇ ਦਿਨੀਂ ਐੱਸਡੀਐੱਮ ਦਫਤਰ ਮਜੀਠਾ ਦੀ ਪਾਰਕ ਵਿੱਚੋਂ ਕੁਝ ਅਣਪਛਾਤੇ ਸ਼ਰਾਰਤੀ ਅਨਸਰਾਂ ਵੱਲੋਂ ਲੱਗੇ ਦਰੱਖਤਾਂ ਨੂੰ ਸਿਰਿਆਂ ਤੋਂ ਵੱਢ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਤਹਿਸੀਲਦਾਰ ਮਜੀਠਾ ਰਤਨਜੀਤ ਖੁੱਲਰ ਨੇ ਇਸ ਬਾਰੇ ਗੱਲ ਸਾਂਝੀ ਕਰਦਿਆਂ ਦੱਸਿਆ ਕਿ ਪਿਛਲੇ ਸ਼ਨੀਵਾਰ ਤੇ ਐਤਵਾਰ ਛੁੱਟੀ ਵਾਲੇ ਦਿਨਾਂ ਵਿੱਚ ਕੁਝ ਅਣਪਛਾਤੇ ਸ਼ਰਾਰਤੀ ਅਨਸਰਾਂ ਵੱਲੋਂ ਦਫਤਰ ਵਿੱਚ ਬਣੀ ਪਾਰਕ ਵਿੱਚ ਲੱਗੇ ਦਰੱਖਤ ਜਿਹੜੇ ਵੱਡੇ ਹੋ ਰਹੇ ਸਨ, ਨੂੰ ਮੁੱਢ ਤੋਂ ਵੱਢ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪਤਾ ਲਗਾਇਆ ਜਾ ਰਿਹਾ ਹੈ। ਜਿਸ ਵਿਅਕਤੀ ਨੇ ਇਹ ਸ਼ਰਾਰਤ ਕੀਤੀ ਹੈ ਉਸ ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਹੁਣ ਪਾਰਕ ਵਿੱਚ ਸੁੰਦਰਤਾ ਵਧਾਉਣ ਵਾਸਤੇ ਖੂਬਸੂਰਤ ਫੁੱਲਾਂ ਵਾਲੇ ਬੂਟੇ ਲਗਾਏ ਗਏ ਹਨ ਅਤੇ ਇਸ ਦੇ ਨਾਲ ਹੀ ਇਸ ਪਾਰਕ ਦੇ ਚਾਰ ਚੁਫੇਰੇ ਗਰਿੱਲਾਂ ਲਗਾ ਦਿੱਤੀਆਂ ਜਾਣਗੀਆਂ। ਲੋਕਾਂ ਦੇ ਬੈਠਣ ਵਾਸਤੇ ਵਧੀਆ ਬੈਂਚ ਬਣਵਾਏ ਜਾਣਗੇ ਤਾਂ ਕਿ ਦਫਤਰ ਦੀ ਖੂਬਸੂਰਤੀ ਵਿੱਚ ਵਾਧਾ ਹੋ ਸਕੇ। ਇਸ ਮੌਕੇ ਤਹਿਸੀਲਦਾਰ ਰਤਨਜੀਤ ਖੁੱਲਰ ਦੇ ਨਾਲ ਐੱਸਡੀਐੱਮ ਦੇ ਰੀਡਰ ਦੀਪਕ ਕੁਮਾਰ, ਇਲਿਆਸ ਮਸੀਹ, ਤਹਿਸੀਲਦਾਰ ਦੇ ਰੀਡਰ ਵਰਿੰਦਰ ਭਾਟੀਆ, ਸੰਜੀਵ ਕੁਮਾਰ ਅਤੇ ਪਵਨ ਕੁਮਾਰ ਆਦਿ ਵੀ ਹਾਜ਼ਰ ਸਨ।



# ਵਾਤਾਵਰਣ ਪ੍ਰਦੂਸ਼ਿਤ ਹੋਣ ਨਾਲ ਸੜਕੀ ਦੁਰਘਟਨਾਵਾਂ ਤੇ ਸਿਹਤ ਸੰਬੰਧੀ ਸਮੱਸਿਆਵਾਂ 'ਚ ਵਾਧਾ ਹੁੰਦੈ: ਡਾ. ਭੁਪਿੰਦਰ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਜਿਥੇ ਜ਼ਮੀਨ ਵਿਚ ਪਾਏ ਜਾਂਦੇ ਖੁਰਾਕੀ ਤੱਤ ਅਤੇ ਫਸਲਾਂ ਲਈ ਲਾਭਦਾਇਕ ਮਿੱਤਰ ਜੀਵਾਂ ਦਾ ਨੁਕਸਾਨ ਹੁੰਦਾ ਹੈ ਉਥੇ ਵਾਤਾਵਰਣ ਪ੍ਰਦੂਸ਼ਿਤ ਹੋਣ ਨਾਲ ਸੜਕੀ ਦੁਰਘਟਨਾਵਾਂ ਤੇ ਸਿਹਤ ਸਬੰਧੀ ਸਮੱਸਿਆਵਾਂ ਵੱਧ ਜਾਂਦੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਨੇ ਸੂਚਨਾ, ਸਿੱਖਿਆ ਅਤੇ ਸੰਚਾਰ ਪ੍ਰੋਗਰਾਮ ਤਹਿਤ ਸਰਕਾਰੀ ਸਮਾਰਟ ਸੈਕੰਡਰੀ ਸਕੂਲ, ਕੋਟ ਬੁੱਢਾ ਵਿਖੇ ਕੀਤਾ। ਉਨ੍ਹਾਂ ਪਿੰਡ ਦੇ ਸੂਝਵਾਨ ਕਿਸਾਨਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਮਿਹਨਤ ਸਦਕਾ ਲੱਗਭੱਗ 90 ਪ੍ਰਤੀਸ਼ਤ ਖੇਤਾਂ ਵਿੱਚ ਅੱਗ ਲਗਾਉਣ ਤੋਂ ਬਗੈਰ ਕਣਕ ਦੀ ਖੇਤੀ ਗਈ ਹੈ। ਉਨ੍ਹਾਂ ਮਿਹਨਤੀ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਚੰਗੇ ਭਵਿੱਖ ਲਈ ਉਹ ਵੀ ਬਣਦਾ ਸਹਿਯੋਗ ਕਰਨ। ਉਨ੍ਹਾਂ ਖੇਤੀਬਾੜੀ ਵਿਭਾਗ ਅਤੇ ਸੂਝਵਾਨ ਕਿਸਾਨਾਂ ਦੀ ਸਮੁੱਚੀ ਟੀਮ ਵਲੋਂ ਨਿਰੰਤਰ ਕੀਤੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਜਿਸ ਸਦਕਾ ਤਰਨਤਾਰਨ ਜਿਲ੍ਹਾ ਜਿਥੇ ਵੱਡੇ ਖੇਤਰ ਵਿੱਚ ਕਣਕ ਝੋਨੇ ਦੀ ਹੀ ਖੇਤੀ ਹੋਣ ਦੇ ਬਾਵਜੂਦ ਉਪਗ੍ਰਹਿ ਅਧਾਰਿਤ ਅਗਜ਼ਨੀ ਦੀਆਂ ਘਟਨਾਵਾਂ ਪਹਿਲਾਂ ਦੇ ਮੁਕਾਬਲੇ ਘੱਟ ਹੋਣ ਨਾਲ ਰਾਜ ਭਰ ਵਿਚੋਂ ਸੱਤਵੇਂ ਨੰਬਰ 'ਤੇ ਆਇਆ ਹੈ ਜੋ ਕਿ ਸ਼ਲਾਘਾਯੋਗ ਉੱਦਮ ਹੈ। ਇਸ ਮੌਕੇ ਵਿਦਿਆਰਥੀਆਂ ਨੇ ਵਾਤਾਵਰਣ ਦੀ ਸੰਭਾਲ ਵਿਸ਼ੇਸ਼ ਤੌਰ ਤੇ ਪਰਾਲੀ ਪ੍ਰਬੰਧਨ ਸਬੰਧੀ ਕਵਿਤਾਵਾਂ, ਭਾਸ਼ਣ, ਪੋਸਟਰ ਮੇਕਿੰਗ ਅਤੇ ਸੁੰਦਰ ਲਿਖਾਈ ਦੀ ਪੇਸ਼ਕਾਰੀ ਕੀਤੀ । ਪ੍ਰਬੰਧਕਾਂ ਦੁਆਰਾ ਵਧੀਆ ਪੇਸ਼ਕਾਰੀ ਕਰਨ ਵਾਲੇ ਵਿਦਿਆਰਥੀਆਂ ਅਤੇ ਸੂਝਵਾਨ ਕਿਸਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ। ਇਸ ਮੌਕੇ ਸਰਕਲ ਇੰਚਾਰਜ ਅਮਰਿੰਦਰ ਸਿੰਘ ਏਈਓ ਨੇ ਸਰਕਾਰ ਵਲੋਂ ਪਰਾਲੀ ਪਰਬੰਧਨ ਲਈ ਦਿੱਤੀ ਜਾ ਰਹੀ ਮਸ਼ੀਨਰੀ ਬਾਰੇ ਜਾਣਕਾਰੀ ਦਿੱਤੀ। ਸਟੇਜ ਸੰਚਾਲਨ ਬਾਖੂਬੀ ਨਿਭਾਉਂਦੇ ਹੋਏ ਮੈਡਮ ਸੰਦੀਪ ਕੌਰ ਅਤੇ ਪੂਨਮ ਬਜਾਜ ਨੇ ਹਾਜ਼ਰੀਨ ਨਾਲ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਚੇਅਰਮੈਨ ਸੁਖਵੰਤ ਸਿੰਘ, ਸਰਪੰਚ ਮੁਖਤਿਆਰ ਸਿੰਘ, ਭੋਲਾ ਸਿੰਘ ਆਗੂ ਆਮ ਆਦਮੀ ਪਾਰਟੀ, ਬੂਰਾ ਪਹਿਲਵਾਨ, ਠੇਕੇਦਾਰ ਸਤਨਾਮ ਸਿੰਘ ਸਭਰਾਂ, ਦਿਲਬਾਗ ਸਿੰਘ ਮੀਡੀਆ ਇੰਚਾਰਜ ਕਿਸਾਨ ਜਥੇਬੰਦੀ, ਡਾ. ਹਰਗਿਆਨ ਸਿੰਘ, ਸਕੂਲ ਅਧਿਅਪਕ ਗੁਰਸੇਵਕ ਸਿੰਘ , ਉਪਕਾਰ ਸਿੰਘ, ਸਤੀਸ਼ ਕੁਮਾਰ, ਗੁਰਮੀਤ ਸਿੰਘ, ਰਵੀ ਕੁਮਾਰ, ਮੈਡਮ ਪ੍ਰਿਆ ਵਧਵਾ, ਪੂਜਾ, ਸੁਪ੍ਰਿਆ ਅਤੇ ਗੁਰਦੇਵ ਸਿੰਘ ਮਾਣਕਪੁਰਾ ਤਕਨੀਕੀ ਸਹਾਇਕ ਪ੍ਰਬੰਧਕ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਨੌਵੇਂ ਪਾਤਸ਼ਾਹ ਦਾ ਸ਼ਹੀਦੀ ਗੁਰਪੁਰਬ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਚੀਫ਼ ਖਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੀ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਬੱਚਿਆਂ ਦੁਆਰਾ ਗੁਰਬਾਣੀ ਦਾ ਰਸ-ਭਿੰਨਾ ਕੀਰਤਨ ਗਾਇਨ ਕੀਤਾ ਗਿਆ। ਉਪਰੰਤ ਨੌਵੀਂ ਜਮਾਤ ਦੀ ਵਿਦਿਆਰਥਣ ਤਜਿੰਦਰ ਕੌਰ ਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਨਾਲ ਸਬੰਧਤ ਕਵਿਤਾ ਪੇਸ਼ ਕੀਤੀ ਗਈ।



ਮੈਡਮ ਪਰਮਿੰਦਰ ਕੌਰ ਨੇ ਗੁਰੂ ਜੀ ਦੀ ਲਾਸਾਨੀ ਸ਼ਹਾਦਤ ਦੇ ਇਤਿਹਾਸ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਨਾਲ ਸਬੰਧਤ ਐਕਟੀਵਿਟੀ ਕਰਵਾਈ ਗਈ। ਸਕੂਲ ਪ੍ਰਿੰਸੀਪਲ ਉਰਮਿੰਦਰ ਕੌਰ ਦੁਆਰਾ ਵਿਦਿਆਰਥੀਆਂ ਨੂੰ ਗੁਰੂ ਜੀ ਦੇ ਪਾਏ ਪੂਰਨਿਆਂ ਉਪਰ ਚੱਲ ਕੇ ਜੀਵਨ ਬਿਤਾਉਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਅਤੇ ਰਮਣੀਕ ਸਿੰਘ ਫਰੀਡਮ ਨੇ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਕਿਹਾ। ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਜਗਦੀਪ ਸਿੰਘ ਮਛਰਾਲਾ ਦੀ ਕਿਤਾਬ 'ਨਾਦ ਸੁਰ ਸੰਗਮ' ਰਿਲੀਜ਼

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮ)**

ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਵਿਖੇ ਜਗਦੀਪ ਸਿੰਘ ਗਿੱਲ ਮਛਰਾਲੇ ਵਾਲਿਆਂ ਵੱਲੋਂ ਲਿਖੀ ਗਈ ਸੰਗੀਤ ਦੀ ਕਿਤਾਬ ਨਾਦ ਸੁਰ ਸੰਗਮ ਵੱਖ-ਵੱਖ ਧਾਰਮਿਕ ਤੇ ਸਮਾਜ ਸੇਵੀ ਆਗੂਆਂ ਵੱਲੋਂ ਰਿਲੀਜ਼ ਕੀਤੀ ਗਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਗਦੀਪ ਸਿੰਘ ਨੇ ਦੱਸਿਆ ਕਿ ਇਹ ਕਿਤਾਬ ਲਿਖਣ ਵਿੱਚ ਉਨ੍ਹਾਂ ਦਾ 7 ਸਾਲ ਦੇ ਕਰੀਬ ਸਮਾਂ ਲੱਗਿਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਸ ਤੋਂ ਪਹਿਲਾਂ ਕਈ ਲੋਕਾਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ ਪਰ ਸੰਗੀਤ ਉੱਤੇ ਕਿਤਾਬ ਲਿਖਣ ਵਾਲੇ ਉਹ ਸਰਹੱਦੀ ਇਲਾਕੇ ਦੇ ਇਕਲੌਤੇ ਨੌਜਵਾਨ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਤਿੰਨ ਰਾਗ ਲਿਖ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਹ ਕਿਤਾਬ ਲਿਖਣ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਸਰ ਵਿਖੇ ਧਾਰਮਿਕ ਸੰਗੀਤ ਮੁਕਾਬਲੇ ਕਰਵਾਏ ਗਏ ਸਨ ਜਿਨ੍ਹਾਂ ਮੁਕਾਬਲਿਆ ਵਿੱਚ ਮੇਰੇ ਸਿਖਿਆਰਥੀਆਂ ਨੇ ਵੀ ਭਾਗ ਲਿਆ ਸੀ ਜਿਨ੍ਹਾਂ ਨੇ ਇਨ੍ਹਾਂ ਮੁਕਾਲਿਆਂ ਵਿੱਚ ਪਹਿਲੀ ਪੁਜ਼ੀਸ਼ਨ ਹਾਸਲ ਕਰਕੇ ਮੇਰਾ ਮਨੋਬਲ ਹੋਰ ਉਚਾ ਕੀਤਾ ਜਿਸ ਕਾਰਨ ਅੱਜ ਮੈਂ ਇਹ ਕਿਤਾਬ ਲਿਖਣ ਦੇ ਯੋਗ ਬਣ ਸਕਿਆ ਹਾਂ। ਉਨ੍ਹਾਂ ਕਿਹਾ ਕਿ ਇਸ ਕਿਤਾਬ ਲਿਖਣ ਦਾ ਮੁੱਖ ਮਕਸਦ ਇਸ ਸਰਹੱਦੀ ਇਲਾਕੇ ਦੇ ਬੱਚੇ ਬੱਚੀਆਂ ਨੂੰ ਸੰਗੀਤ ਨਾਲ ਜੋੜਨਾ ਹੈ। ਇਸ ਮੌਕੇ ਵੱਖ-ਵੱਖ ਧਾਰਮਿਕ ਤੇ ਸਮਾਜ ਸੇਵੀ ਆਗੂਆਂ ਵੱਲੋਂ ਵੀ ਸੰਬੋਧਨ ਕੀਤਾ ਗਿਆ। ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਨੇ ਕਿਹਾ ਕਿ ਇਸ ਹੋਣਹਾਰ ਨੌਵਜਵਾਨ ਨੇ ਛੋਟੀ ਉਮਰੇ ਵੱਡੀਆਂ ਪੁਲਾਂਘਾਂ ਪੁੱਟਦਿਆਂ ਗਿੱਲ ਪਰਿਵਾਰ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਭਾਈ ਸੁਖਵਿੰਦਰ ਸਿੰਘ ਅਗਵਾਨ ਮੁਖ ਸੇਵਾਦਾਰ ਗੁਰਦੁਆਰਾ ਯਾਦਗਰ ਏ ਸ਼ਹੀਦਾਂ, ਮਹੰਤ ਬਾਬਾ ਮਨਜੀਤ ਸਿੰਘ ਮਛਰਾਲਾ, ਬਾਬਾ ਗੁਰਸੇਵਕ ਸਿੰਘ ਮਛਰਾਲਾ, ਕਿਸਾਨ ਆਗੂ ਚੇਅਰਮੈਨ ਕੰਵਲਜੀਤ ਸਿੰਘ ਖੁਸ਼ਹਾਲਪੁਰ, ਚੇਅਰਮੈਨ ਹਰਦੀਪ ਸਿੰਘ ਗੁਰਾਇਆ, ਮਨਜੀਤ ਸਿੰਘ ਅਡੀਸਨਲ ਐੱਸਐੱਚਓ, ਮਾਸਟਰ ਚਰਨਜੀਤ ਸਿੰਘ ਬੇਦੀ, ਹੈੱਡਮਾਸਟਰ ਹਰਭਜਨ ਲਾਲ, ਮਾਸਟਰ ਪਲਵਿੰਦਰ ਸਿੰਘ, ਜਗਦੀਪ ਸਿੰਘ ਸਮਰਾ, ਸਾਬਕਾ ਸਰਪੰਚ ਰਛਪਾਲ ਸਿੰਘ ਮਛਰਾਲਾ, ਦਿਲਬਾਗ ਸਿੰਘ ਮਛਰਾਲਾ, ਗੁਰਪਾਲ ਸਿੰਘ ਰੀਡਰ ਡੀਐੱਸਪੀ, ਸਮੇਤ ਕਈ ਧਾਰਮਿਕ ਤੇ ਸਮਾਜ ਸੇਵੀ ਆਗੂ ਹਾਜ਼ਰ ਸਨ।







ਇਟਲੀ ਦੇ ਦੱਖਣੀ ਦੀਪ ਇਸਚਿਆ 'ਚ ਮੀਂਹ ਅਤੇ ਤੂਫ਼ਾਨ ਤੋਂ ਬਾਅਦ ਕਈ ਜਗ੍ਹਾ ਪਾਣੀ ਭਰ ਗਿਆ ਤੇ ਸੜਕਾਂ 'ਤੇ ਮਲਬਾ ਆ ਗਿਆ ਜਿਸ ਨਾਲ ਉਥੇ ਜਨਜੀਵਨ ਅਸਤ ਵਿਆਸਥ ਹੋ ਗਿਆ। ਸੜਕਾਂ ਤੋਂ ਮਲਬਾ ਹਟਾਉਂਦੇ ਹੋਏ ਬਚਾਅ ਦਲ ਦੇ ਮੁਲਾਜ਼ਮ। ਇਸ ਦੌਰਾਨ 12 ਲੋਕ ਲਾਪਤਾ ਦੱਸੇ ਜਾ ਰਹੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ 8 ਲੋਕਾਂ ਦੀ ਮੌਤ ਹੋ ਗਈ ਹੈ, ਪਰ ਬਾਅਦ 'ਚ ਗ੍ਰਹਿ ਮੰਤਰੀ ਨੇ ਕਿਹਾ ਕਿ ਕਿਸੇ ਦੇ ਮਰਨ ਦੀ ਕੋਈ ਖ਼ਬਰ ਨਹੀਂ ਹੈ, ਪਰ 10 ਤੋਂ 12 ਲੋਕ ਲਾਪਤਾ ਜ਼ਰੂਰ ਹਨ। ਗ੍ਰਹਿ ਮੰਤਰੀ ਨੇ ਕਿਹਾ ਕਿ ਸਥਿਤੀ ਬਹੁਤ ਗੰਭੀਰ ਹੈ, ਸ਼ਾਇਦ ਗੁੰਮ ਲੋਕਾਂ 'ਚ ਕੁਝ ਮਿੱਟੀ 'ਚ ਦੱਬੇ ਹੋ ਸਕਦੇ ਹਨ। ਘੱਟੋ ਘੱਟ 10 ਘਰ ਪੂਰੀ ਤਰ੍ਹਾਂ ਪਾਣੀ 'ਚ ਬਹਿ ਗਏ।

## ਜਨਮ ਦਿਨ ਮੁਬਾਰਕ



ਹਾਰਦਾਇਕ ਨੰਦਾ



ਜਸਮੀਤ ਕੌਰ, ਤਰਨ ਤਾਰਨ

# ਸ੍ਰੀਮਦ ਭਾਗਵਤ ਕਥਾ ਦੇ ਚੌਥੇ ਦਿਨ ਸ੍ਰੀ ਕ੍ਰਿਸ਼ਨ ਦੀ ਝਾਕੀ

**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ)**

ਇਲਾਕੇ ਦੀਆਂ ਵੱਖ-ਵੱਖ ਸਮਾਜਕ ਅਤੇ ਧਾਰਮਕ ਸੰਸਥਾਵਾਂ ਦੇ ਸਹਿਯੋਗ ਨਾਲ ਪ੍ਰਾਚੀਨ ਸ਼ਿਵ ਮੰਦਰ ਵਿਖੇ ਕਰਵਾਈ ਜਾ ਰਹੀ ਸ੍ਰੀਮਦ ਭਾਗਵਤ ਕਥਾ ਦੇ ਚੌਥੇ ਦਿਨ ਦੇ ਚਰਨ ਵਿੱਚ ਸ਼ਰਧਾਲੂਆਂ ਵੱਲੋਂ ਸ੍ਰੀ ਕ੍ਰਿਸ਼ਨ ਜੀ ਦੇ ਸਰੂਪ ਵਿਚ ਇਕ ਛੋਟੇ ਬੱਚੇ ਦਾ ਸ਼ਿੰਗਾਰ ਕਰਕੇ ਉਸ ਨੂੰ ਟੋਕਰੇ ਵਿੱਚ ਰੱਖ ਕੇ ਸਿਰ 'ਤੇ ਉਠਾਉਂਦੇ ਹੋਏ ਇੱਕ ਝਾਕੀ ਦੇ ਰੂਪ ਵਿੱਚ ਪੰਡਾਲ 'ਚ ਲਿਆਂਦਾ ਗਿਆ ਜਿਥੇ ਸ੍ਰੀ ਸ੍ਰੀ 1008 ਸੰਤ ਸ੍ਰੀ ਸਿਪਰਾ ਗਿਰੀ ਜੀ ਮਹਾਰਾਜ ਨੇ ਉਸ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ੍ਰੀਮਦ ਭਾਗਵਤ ਕਥਾ ਵਿੱਚ ਆਪਣੀ ਹਾਜ਼ਰੀ ਲਗਵਾਉਣ ਪਹੁੰਚੇ ਸਨਾਤਨ ਧਰਮ ਸਭਾ ਦੇ ਪ੍ਰਧਾਨ ਦੀਪਕ ਬਹਿਲ, ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ, ਗੁਰਮੁਖ ਸਿੰਘ ਨਾਮਧਾਰੀ ਅਤੇ ਹੋਰ ਸੰਗਤ ਨੇ ਪੰਡਾਲ 'ਚ ਪਹੁੰਚੀ ਸ੍ਰੀ ਕ੍ਰਿਸ਼ਨ ਝਾਕੀ ਦਾ ਫੁੱਲਾਂ ਨਾਲ ਸਵਾਗਤ ਕਰਦੇ ਹੋਏ ਮਹਾਰਾਜ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕੇ ਮੋਹ-ਮਾਇਆ, ਅਹੰਕਾਰ ਤੇ ਛਲ-ਕਪਟ ਦਾ ਤਿਆਗ ਕਰਕੇ ਜਿਹੜੇ ਇਨਸਾਨ ਸਤਿਗੁਰੂ ਦੇ ਨਾਮ ਦਾ ਧਿਆਨ ਆਭਿਆਸ ਰੋਜ਼ਾਨਾ ਕਰਦੇ ਹਨ ਉਹ ਇਨਸਾਨ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਆਪਣੇ ਅੰਦਰੋਂ ਦਰਸ਼ਨ ਕਰਕੇ ਹਮੇਸ਼ਾ ਲਈ ਇਸ 84 ਦੇ ਗੇੜ ਤੋਂ ਛੁਟਕਾਰਾ ਪਾ ਲੈਂਦੇ ਹਨ। ਉਨਾਂ ਆਪਣੇ ਪ੍ਰਵਚਨਾਂ ਰਾਹੀਂ ਇਹ ਵੀ ਕਿਹਾ ਕਿ ਆਪਣੀ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਆਪਣੀ ਕਿਰਤ ਕਮਾਈ ਦਾ ਕੁਝ ਹਿੱਸਾ ਲੋੜਵੰਦ ਗਰੀਬਾਂ ਅਤੇ ਜ਼ਰੂਰਤਮੰਦ ਬੇਸਹਾਰਾ ਲੋਕਾਂ ਦੀ ਮਦਦ ਕਰਨ ਲਈ ਜ਼ਰੂਰ ਖਰਚ ਕਰੋ ਤਾਂ ਜੋ ਇਹ ਲੇਖਾ ਜੋਖਾ ਤੁਹਾਡੇ ਕਰਮਾ ਵਿੱਚ ਜਮ੍ਹਾਂ ਹੋ ਸਕੇ। ਦੇਰ ਰਾਤ ਤੱਕ ਦਾ ਅਤੁੱਟ ਲੰਗਰ ਵਰਤਾਇਆ ਗਿਆ।





ਜਰਨੈਲ ਸਿੰਘ ਪੀ.ਈ.ਐਸ. ਨੇ ਬਤੌਰ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:) ਜਲੰਧਰ ਦਾ ਚਾਰਜ ਸੰਭਾਲ ਲਿਆ। ਇਸ ਮੌਕੇ ਜ਼ਿਲ੍ਹੇ ਦੇ ਸਮੂਹ ਬੀ.ਪੀ.ਈ.ਓਜ਼ ਬਾਲ ਕਿਸ਼ਨ ਮਹਿਮੀ, ਬਾਲ ਕ੍ਰਿਸ਼ਨ, ਰਾਕੇਸ਼ ਚੰਦਰ, ਰਮੇਸ਼ਵਰ ਲਾਡੀ, ਅਧਿਆਪਕ ਯੂਨੀਅਨ ਦੇ ਨੁਮਾਇੰਦੇ ਤਰਸੇਮ ਲਾਲ, ਸ਼ਿਵ ਰਾਜ ਅਤੇ ਦਫਤਰੀ ਸਟਾਫ ਵਿਚੋਂ ਵਿਸ਼ੇਸ਼ ਤੌਰ 'ਤੇ ਰਾਜਿੰਦਰ ਸਿੰਘ, ਅਮਨਪ੍ਰੀਤ ਸਿੰਘ, ਮਨੀਸ਼ ਕੁਮਾਰ ਹਾਜ਼ਰ ਹੋਏ।

## 'ਗੁਜਰਾਤ 'ਚ ਲੋਕਾਂ ਦਾ ਜੋਸ਼ ਬਿਲਕੁਲ ਪੰਜਾਬੀਆਂ ਵਰਗਾ, ਆਪ ਦੀ ਜਿੱਤ ਯਕੀਨੀ'

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਗੁਜਰਾਤ 'ਚ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਉਨ੍ਹਾਂ ਦੀ ਟੀਮ ਵੱਲੋ ਵੱਖ-ਵੱਖ ਇਲਾਕਿਆਂ ਵਿੱਚ ਚੋਣ ਪ੍ਰਚਾਰ ਦੌਰਾਨ ਆਮ ਆਦਮੀ ਪਾਰਟੀ ਨੂੰ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ। ਦਿਲਬਾਗ ਸਿੰਘ ਪੀ. ਏ., ਨਛੱਤਰ ਸਿੰਘ ਰਾੜੀਆ ਅਤੇ ਬਿੱਲਾ ਜੋਸਨ ਨੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਖਿਆ ਕਿ ਗੁਜਰਾਤ ਸੂਬੇ ਵਿੱਚ 27 ਸਾਲਾਂ ਤੋਂ ਭਾਜਪਾ ਇਸ ਲਈ ਕਾਬਜ਼ ਸੀ ਕਿਉਂਕਿ ਉਥੇ ਕੋਈ ਹੋਰ ਬਦਲ ਨਹੀਂ ਸੀ ਜਿਸ ਕਾਰਨ ਲੋਕ ਨਾ ਚਾਹੁੰਦੇ ਹੋਏ ਵੀ ਮਜਬੂਰਨ ਭਾਜਪਾ ਨੂੰ ਵੋਟ ਪਾਉਂਦੇ ਸਨ। ਪੰਤੂ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਹੁਣ ਸੂਬੇ ਦੇ ਲੋਕਾਂ ਨੂੰ ਵਿਕਲਪ ਮਿਲ ਗਿਆ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਦੇ ਲੋਕ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ ਗਰੰਟੀਆਂ ਤੇ ਯਕੀਨ ਕਰਦੇ ਹਨ ਕਿਉਂਕਿ ਭਗਵੰਤ ਮਾਨ ਨੇ ਪੰਜਾਬ ਵਿੱਚ ਜੋ ਕਿਹਾ ਉਹ ਕਰਕੇ ਵਿਖਾਇਆ ਹੈ। ਗੁਜਰਾਤ ਵਾਸੀ 'ਆਪ' ਨੂੰ ਇਕ ਆਸ ਦੇ ਰੂਪ ਵਿੱਚ ਵੇਖ ਰਹੇ ਹਨ। ਉਨ੍ਹਾਂ ਕਿਹਾ ਕਿ ਗੁਜਰਾਤੀਆਂ 'ਚ ਬਿਲਕੁਲ ਪੰਜਾਬੀਆਂ ਵਰਗਾ ਹੀ ਜੋਸ਼ ਹੈ ਅਤੇ 'ਆਪ' ਦੀ ਜਿਤ ਯਕੀਨੀ ਹੈ ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਗੁਜਰਾਤ ਵਾਸੀਆਂ ਨੂੰ ਮੁਫ਼ਤ ਸਿਹਤ, ਸਿੱਖਿਆ ਸਮੇਤ ਅਤੇ ਹੋਰ ਕਈ ਸਹੂਲਤਾਂ ਮਿਲਣਗੀਆਂ। ਇਸ ਮੌਕੇ ਐਡਵੋਕੇਟ ਜਗਦੀਪ ਮਹਿਤਾ, ਦਿਲਬਾਗ ਸਿੰਘ ਪੀਏ, ਰਜਿੰਦਰ ਸਿੰਘ ਉਸਮਾ, ਰਾਜਬੀਰ ਸਿੰਘ ਆੜ੍ਹਤੀਆ, ਬਲਜਿੰਦਰ ਸਿੰਘ, ਗੁਰਲਾਲ ਸਿੰਘ ਆੜ੍ਹਤੀਆ, ਗੁਰਚਰਨ ਸਿੰਘ ਆੜ੍ਹਤੀਆ ਸਰਹਾਲੀ ਮੰਡਾ, ਮਨਜਿੰਦਰ ਸਿੰਘ ਦਾਸੂਵਾਲ, ਐਡਵੋਕੇਟ ਸ਼ਿਵ ਮਹਿਤਾ, ਮਹਿਲਾ ਵਿੰਗ ਯੂਥ ਪ੍ਰਧਾਨ ਰੁਪਿੰਦਰ ਕੌਰ, ਅੰਮ੍ਰਿਤਪਾਲ ਢੋਟੀਆਂ, ਹਰਜਿੰਦਰ ਸਿੰਘ, ਡਾਕਟਰ ਜਗਦੀਸ਼, ਸੁਰਿੰਦਰਪਾਲ ਸਿੰਘ, ਬਲਵਿੰਦਰ ਸਿੰਘ ਭੱਗੂਪੁਰ, ਸੰਦੀਪ ਸਿੰਘ ਸੇਰੋਂ, ਗੁਰਵਿੰਦਰ ਸਿੰਘ ਸਭਰਾ, ਲਵ, ਅਰਮਾਨ, ਰਣਜੀਤ ਸਿੰਘ, ਕੁਲਦੀਪ ਸਿੰਘ ਅਵਤਾਰ ਸਿੰਘ, ਸਾਬ ਸਿੰਘ, ਬਲਵਿੰਦਰ ਸਿੰਘ ਨੱਥੂਪੁਰ, ਜੱਗਾ ਕੈਰੋਂ, ਲਵ ਕੈਰੋਂ, ਮਨਜੀਤ ਸਿੰਘ, ਜਰਮਨਜੀਤ ਖਾਰਾ, ਅਸ਼ਵਨੀ ਆੜ੍ਹਤੀਆ ਤੂਤ, ਰੇਸ਼ਮ ਸਿੰਘ, ਲਖਵਿੰਦਰ ਸਿੰਘ, ਯੋਧਾ ਉਬੋਕੇ, ਬਿਕਰਮ ਰੱਖ ਸੇਰੋਂ, ਨਿਸ਼ਾਨ ਸਿੰਘ ਹਰੀਕੇ ਪਰਗਟ ਸਿੰਘ ਆਦਿ ਹਾਜ਼ਰ ਸਨ।

# ਭੋਜਰਾਜ ਦੀ ਪੰਚਾਇਤ ਵੱਲੋਂ ਜ਼ਿਲ੍ਹਾ ਪੱਧਰੀ ਖੇਡਾਂ 'ਚ ਮੱਲਾਂ ਮਾਰਨ ਵਾਲੇ ਖਿਡਾਰੀ ਸਨਮਾਨਤ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਭੋਜਰਾਜ (ਬਲਾਕ ਧਾਰੀਵਾਲ-2) ਦੇ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਮੱਲਾਂ ਮਾਰ ਕੇ ਆਪਣੇ ਸਕੂਲ ਅਤੇ ਮਾਤਾ-ਪਿਤਾ ਦਾ ਨਾਂ ਰੌਸ਼ਨ ਕੀਤਾ ਹੈ। ਇਹ ਜੇਤੂ ਖਿਡਾਰੀ ਹੁਣ ਰੋਪੜ ਵਿਖੇ 3 ਦਸੰਬਰ ਤੋਂ 8 ਦਸੰਬਰ ਤੱਕ ਹੋ ਰਹੇ ਸੂਬਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਜ਼ਿਲ੍ਹਾ ਗੁਰਦਾਸਪੁਰ ਵਲੋਂ ਖੇਡਣਗੇ। ਜੇਤੂ ਖਿਡਾਰੀਆਂ ਨੂੰ ਪਿੰਡ ਭੋਜਰਾਜ ਦੀ ਪੰਚਾਇਤ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਬੰਧੀ ਸਕੂਲ ਮੁਖੀ ਸੁਖਦੇਵ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫਸਰ ਐਲੀ: ਅਮਰਜੀਤ ਸਿੰਘ ਭਾਟੀਆ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀ: ਬਲਬੀਰ ਸਿੰਘ ਦੀ ਅਗਵਾਈ ਹੇਠ ਬੀਤੇ ਦਿਨੀਂ ਘੁੰਮਣ ਖੁਰਦ ਦੇ ਮੈਦਾਨ ਵਿੱਚ ਹੋਈਆਂ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਭੋਜਰਾਜ ਦੇ ਲੜਕਿਆਂ ਦੀ ਖੋ-ਖੋ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਦੀ ਤੀਸਰੀ ਜਮਾਤ ਦੇ ਵਿਦਿਆਰਥੀ ਆਸ਼ਿਸ਼ ਮਸੀਹ ਨੇ ਲੰਮੀ ਛਾਲ ਵਿੱਚ ਜ਼ਿਲ੍ਹੇ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਇਨ੍ਹਾਂ ਜੇਤੂ ਖਿਡਾਰੀਆਂ ਨੂੰ ਪਿੰਡ ਦੇ ਸਰਪੰਚ ਅਮਰਜੀਤ ਕੌਰ, ਪੰਚ ਗੁਰਪ੍ਰੀਤ ਸਿੰਘ, ਮੈਂਬਰ ਜ਼ਿਲ੍ਹਾ ਪ੍ਰੀਸ਼ਦ ਸਤਪਾਲ, ਪੰਚ ਹਰਭਜਨ ਸਿੰਘ, ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ, ਸੀ. ਐੱਚ. ਟੀ. ਸੁਖਵਿੰਦਰ ਪਾਲ ਐੱਸ. ਐੱਮ. ਸੀ. ਕਮੇਟੀ ਮੈਂਬਰ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਮੁਖੀ ਸੁਖਦੇਵ ਸਿੰਘ, ਅਧਿਆਪਕ ਪਰਮਜੀਤ ਸਿੰਘ, ਗੁਰਪ੍ਰੀਤ ਕੌਰ ਆਦਿ ਵੀ ਹਾਜ਼ਰ ਸਨ।



# ਜੀ ਡੀ ਗੋਇਨਕਾ ਸਕੂਲ 'ਚ ਸਾਲਾਨਾ ਖੇਡ ਮੇਲਾ ਧੂਮਧਾਮ ਨਾਲ ਸੰਪੰਨ

**ਕਪੂਰਥਲਾ, (ਹਨੀ)**

ਜੀ. ਡੀ. ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਸਾਲਾਨਾ ਖੇਡ ਮੇਲੇ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ । ਖੇਡ ਮੇਲੇ ਦਾ ਉਦਘਾਟਨ ਬਤੌਰ ਮੁੱਖ ਮਹਿਮਾਨ ਵਜੋਂ ਪਹੁੰਚੇ ਸੱਜਣ ਸਿੰਘ ਚੀਮਾ ਵੱਲੋਂ ਕੀਤਾ ਗਿਆ । ਇਸ ਮੌਕੇ ਡੀ. ਐਸ. ਪੀ ਸਬ ਡਵੀਜਨ ਕਪੂਰਥਲਾ ਮਨਿੰਦਰ ਪਾਲ ਸਿੰਘ ਅਤੇ ਡੀ. ਐਸ. ਪੀ (ਡੀ) ਹੁਸ਼ਿਆਰਪੁਰ ਨਰਿੰਦਰ ਸਿੰਘ ਔਜਲਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਖੇਡ ਮੇਲੇ ਦਾ ਆਗਾਜ਼ ਮਸ਼ਾਲ ਜਗਾ ਕੇ ਮਾਰਚ ਪਾਸਟ ਰਾਹੀਂ ਕੀਤਾ ਗਿਆ । ਵਿਦਿਆਰਥੀਆਂ ਨੇ ਆਪੋ-ਆਪਣੇ ਹਾਊਸ ਦੀ ਅਗਵਾਈ ਕੀਤੀ। ਇਸ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਜਿਵੇਂ ਕਿ ਸ਼ਾਟਪੁਟ, ਡਿਸਕਸ ਥਰੋਅ, ਲੰਬੀ ਛਾਲ, ਉੱਚੀ ਛਾਲ, ਰਿਲੇਅ ਦੌੜ, 100 ਮੀਟਰ ਦੌੜ, 200 ਮੀਟਰ ਦੌੜ ਅਤੇ ਵੱਖ-ਵੱਖ ਮਨੋਰੰਜਕ ਖੇਡਾਂ ਵਿੱਚ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਵੱਖ-ਵੱਖ ਅੰਤਰ ਹਾਊਸ ਮੁਕਾਬਲਿਆਂ ਵਿੱਚ ਮਦਰ ਟੈਰੇਸਾ ਹਾਊਸ ਜੇਤੂ ਰਿਹਾ। ਜੇਤੂ ਵਿਦਿਆਰਥੀਆਂ ਨੂੰ ਪਹੁੰਚੇ ਮਹਿਮਾਨਾਂ ਅਤੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ । ਇਸ ਮੌਕੇ ਬੋਲਦਿਆਂ ਸੱਜਣ ਸਿੰਘ ਚੀਮਾ ਨੇ ਕਿਹਾ ਕਿ ਬੱਚਿਆਂ ਵਿੱਚ ਹੁਨਰ ਦੀ ਕੋਈ ਕਮੀ ਨਹੀਂ ਹੈ, ਉਨ੍ਹਾਂ ਨੂੰ ਸਹੀ ਸੇਧ ਅਤੇ ਸਿੱਖਿਆ ਰਾਹੀਂ ਤਰਾਸ਼ਣ ਦੀ ਲੋੜ ਹੈ। ਉਨ੍ਹਾਂ ਵਿਦਿਆਰਥੀਆਂ ਵੱਲੋਂ ਦਿਖਾਏ ਉਤਸ਼ਾਹ ਦੀ ਭਰਪੂਰ ਸ਼ਲਾਘਾ ਕੀਤੀ । ਡੀ ਐਸ ਪੀ ਨਰਿੰਦਰ ਸਿੰਘ ਔਜਲਾ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਮੋਬਾਈਲ ਗੇਮਾਂ ਦੀ ਬਜਾਏ ਸਰੀਰਕ ਖੇਡਾਂ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ, ਤਾਂ ਜੋ ਵਿਦਿਆਰਥੀ ਸਰੀਰਕ ਅਤੇ ਬੌਧਿਕ ਪੱਖੋਂ ਤੰਦਰੁਸਤ ਰਹਿ ਸਕਣ। ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਜਨਰਲ ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਕਵਲਜੀਤ ਕੌਰ ਨੇ ਪਹੁੰਚੇ ਮਹਿਮਾਨਾਂ ਨੂੰ ਉਚੇਚੇ ਤੌਰ 'ਤੇ ਸਨਮਾਨਤ ਕੀਤਾ । ਇਸ ਮੌਕੇ ਵਿਕਰਮ ਸਿੰਘ ਉੱਚਾ, ਮਨਜੀਤ ਸਿੰਘ ਜਰਮਨ, ਬਲਜਿੰਦਰ ਸਿੰਘ ਸਪੇਨ, ਪਰਮਜੀਤ ਸਿੰਘ ਭਵਾਨੀਪੁਰ, ਮਹਿੰਦਰ ਸਿੰਘ ਆਦਿ ਹਾਜ਼ਰ ਸਨ।



# ਮਾਤਾ ਗੁਜਰੀ ਖ਼ਾਲਸਾ ਕਾਲਜ 'ਚ ਸੰਵਿਧਾਨ ਦਿਵਸ ਮਨਾਇਆ

**ਕਰਤਾਰਪੁਰ (ਹਰਮੇਸ਼ ਦੱਤ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਖੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਯੋਗ ਅਗਵਾਈ ਹੇਠ ਕਾਲਜ ਦੇ ਪੋਲੀਟੀਕਲ ਸਾਇੰਸ ਅਤੇ ਐਨ.ਐਸ.ਐਸ. ਵਿਭਾਗ ਦੁਆਰਾ ਸੰਵਿਧਾਨ ਦਿਵਸ ਮਨਾਇਆ ਗਿਆ। ਇਸ ਮੌਕੇ ਭਾਸ਼ਣ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ, ਜਿਸ ਵਿਚ ਵਿਦਿਆਰਥੀਆਂ ਦੁਆਰਾ ਭਾਰਤੀ ਸੰਵਿਧਾਨ ਦੇ ਨਿਰਮਾਣ ਦਾ ਇਤਿਹਾਸਕ ਪਿਛੋਕੜ, ਭਾਰਤੀ ਸੰਵਿਧਾਨ ਵਿਚ ਸ਼ਾਮਿਲ ਮੌਲਿਕ ਅਧਿਕਾਰ, ਮੌਲਿਕ ਕਰੱਤਵ ਅਤੇ ਡਾ.ਬੀ.ਆਰ.ਅੰਬੇਡਕਰ ਦਾ ਭਾਰਤੀ ਸੰਵਿਧਾਨ ਦੇ ਨਿਰਮਾਣ ਵਿਚ ਯੋਗਦਾਨ ਆਦਿ ਵਿਸ਼ਿਆਂ ਉੱਪਰ ਆਪਣੇ ਵਿਚਾਰ ਪੇਸ਼ ਕੀਤੇ ਗਏ। ਭਾਸ਼ਣ ਮੁਕਾਬਲੇ ਵਿਚ ਅੰਜਲੀ, ਮਨੀਸ਼ਾ, ਮਨਪ੍ਰੀਤ ਕੌਰ ਅਤੇ ਪੋਸਟਰ ਮੇਕਿੰਗ ਵਿਚ ਸਿਮਰਜੋਤ ਕੌਰ, ਸਲੋਨੀ, ਅਰਸ਼ਪ੍ਰੀਤ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ. ਕਾਲਜ ਦੇ ਪੋਲੀਟੀਕਲ ਸਾਇੰਸ ਵਿਭਾਗ ਦੇ ਮੁੱਖੀ ਪ੍ਰੋ. ਕਮਲੇਸ਼ ਰਾਣੀ ਦੁਆਰਾ ਵਿਦਿਆਰਥੀਆਂ ਨੂੰ ਸੰਵਿਧਾਨ ਦਿਵਸ ਦੀ ਮਹੱਤਤਾ ਵਿਸ਼ੇ ਤੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਅਤੇ ਵਿਦਿਆਰਥੀਆਂ ਨੂੰ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦਾ ਉਚਾਰਣ ਕਰਵਾਇਆ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਇਹੋ ਜਿਹੀਆਂ ਗਤੀਵਿਧੀਆਂ ਵਿਚ ਹੋਰ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ ਤਾਂ ਜੋ ਉਹਨਾਂ ਦਾ ਸਰਬਪੱਖੀ ਵਿਕਾਸ ਹੋ ਸਕੇ।




# ਬੀ ਐੱਡ ਸੈਸ਼ਨ 2021-23 ਦੇ ਦੂਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ

**ਗੁਰਦਾਸਪੁਰ (ਜਨਕ ਮਹਾਜਨ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਵਲੋਂ ਐਲਾਨੇ ਗਏ ਬੀਐੱਡ ਸੈਸ਼ਨ 2021-23 ਦੇ ਦੂਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਜਿਸ ਵਿਚ ਪਠਾਨਕੋਟ ਕਾਲਜ ਆਫ ਐਜੂਕੇਸ਼ਨ ਪਠਾਨਕੋਟ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਇਸ ਸਬੰਧੀ ਜਾਂਣਕਾਰੀ ਦਿੰਦੇ ਹੋਏ ਕਾਲਜ ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਨੇ ਦੱਸਿਆ ਕਿ ਸਿਮਰਨਜੀਤ ਕੌਰ ਨੇ 74 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕਾਲਜ ਵਿਚੋਂ ਪਹਿਲਾ ਸਥਾਨ ਹਾਸਿਲ ਕੀਤਾ, ਹਿਨਾ ਨੇ 73 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਸਥਾਨ ਅਤੇ ਸਾਕਸ਼ੀ ਨੇ 72.8 ਪ੍ਰਤੀਸ਼ਤ ਅੰਕ ਲੈ ਕਾਲਜ ਵਿਚੋਂ ਤੀਜਾ ਸਥਾਨ ਹਾਸਲ ਕੀਤਾ ਅਤੇ ਬਾਕੀ ਸਾਰੇ ਵਿਦਿਆਰਥੀਆਂ ਨੇ ਵੀ 70 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ। ਕਾਲਜ ਦਾ ਚੰਗਾ ਨਤੀਜਾ ਆਉਣ 'ਤੇ ਮੈਨੇਜਮੈਂਟ ਮੈਂਬਰ ਡਾ. ਵਿਨੋਦ ਮਹਾਜਨ, ਪ੍ਰੋ. ਰਵੀ ਸ਼ੰਕਰ ਅਤੇ ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਅਗਾਂਹ ਤੋਂ ਵੀ ਵਿਦਿਆਰਥੀਆਂ ਨੂੰ ਸ਼ਾਨਦਾਰ ਨਤੀਜੇ ਲਈ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਰਜਨੀਸ਼ ਬਾਲਾ, ਅਤੁਲ ਅਗਰਵਾਲ, ਅਨੁਬਾਲਾ, ਗੀਤਾਂਜਲੀ, ਨਿਧੀ ਅਤੇ ਪੂਜਾ ਆਦਿ ਹਾਜ਼ਰ ਸਨ।



# ਸ਼ਹਿਰ 'ਚ ਜਾਮ ਹੀ ਜਾਮ



**ਕਪੂਰਥਲਾ ( ਰਵਿੰਦਰ ਸਿੰਘ)**- ਕਪੂਰਥਲਾ ਸ਼ਹਿਰ ਦੇ ਵਿੱਚ ਟਰੈਫਿਕ ਦੇ ਸਮਸਿਆ ਤੋਂ ਛੁਟਕਾਰਾ ਨਹੀਂ ਮਿਲਦਾ। ਜਿੱਥੇ ਮਰਜ਼ੀ ਜਾਓ, ਤੁਹਾਨੂੰ ਜਾਮ ਦੀ ਸਮੱਸਿਆ ਤੋਂ ਛੁਟਕਾਰਾ ਨਹੀਂ ਮਿਲਦਾ। ਗੋਇੰਦਵਾਲ ਰੋਡ ਤੋਂ ਆਉਂਦੇ ਵਾਹਨ ਜਦੋਂ ਸ਼ਹਿਰ ਵਿੱਚ ਆਉਂਦੇ ਹਨ ਤਾਂ ਭੀੜ ਵਧ ਜਾਂਦੀ ਹੈ ਤੇ ਜਾਮ ਲੱਗ ਜਾਂਦਾ ਹੈ। ਪੁਲਸ ਪ੍ਰਸ਼ਾਸਨ ਨੂੰ ਚਾਹੀਦਾ ਹੈ, ਗੋਇੰਦਵਾਲ ਦੀ ਟਰੈਫਿਕ ਨੂੰ ਵਾਇਆ ਕਾਂਜਲੀ ਰੋਡ, ਚੂਹੜਵਾਲ ਚੂੰਗੀ ਵੱਲੋਂ ਕੱਢਿਆ ਜਾਵੇ, ਤਾਂ ਕਿ ਕਿਸੇ ਹੱਦ ਤੱਕ ਜਾਮ ਤੋਂ ਛੁਟਕਾਰਾ ਪਾਇਆ ਜਾ ਸਕੇ। ਸ਼ਹਿਰ ਵਿੱਚ ਭਗਤ ਸਿੰਘ ਚੌਕ, ਪੁਰਾਣੀ ਸਬਜ਼ੀ ਮੰਡੀ ਵਿੱਚ ਬਹੁਤ ਹੀ ਰੇਹੜੀਆਂ ਜਿਹੜੀਆਂ ਸੜਕ ਕਿਨਾਰੇ ਖੜ੍ਹੀਆਂ ਹਨ, ਅੱਧੀ ਸੜਕ 'ਤੇ ਉਨ੍ਹਾਂ ਦਾ ਕਬਜ਼ਾ ਹੈ। ਜਿੱਥੇ ਪੈਦਲ ਤੁਰਨ ਵਾਲਿਆਂ ਵਾਸਤੇ ਫੁਟਪਾਥ ਹਨ, ਉਥੇ ਦੁਕਾਨਾਂ ਵਾਲਿਆ ਦਾ ਕਬਜ਼ਾ ਹੈ। ਨਗਰ ਨਿਗਮ ਤੇ ਪੁਲਸ ਵਿਭਾਗ ਨੂੰ ਚਾਹੀਦਾ ਹੈ ਕਿ ਕਾਰਵਾਈ ਕਰਕੇ ਫੁਟਪਾਥ ਖਾਲੀ ਕਰਵਾਏ ਜਾਨ, ਤਾਂ ਕਿ ਪੈਦਲ ਚੱਲਣ ਵਾਲਿਆਂ ਨੂੰ ਕੋਈ ਮੁਸ਼ਕਲ ਨਾ ਆਵੇ।

# ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਪੀਠ ਨੇ ਰਾਜਪਾਲ ਨੂੰ ਸੰਵਿਧਾਨ ਦਿਵਸ ਦੀ ਦਿੱਤੀ ਵਧਾਈ

**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਪੰਜਾਬ ਦੀ ਇੱਕ ਵਿਸ਼ੇਸ਼ ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਪੀਠ ਦੀ ਟੀਮ ਨੇ ਰਾਸ਼ਟਰੀ ਜਨਰਲ ਸਕੱਤਰ ਆਰਗੇਨਾਈਜ਼ੇਸ਼ਨ ਸੂਰਜ ਭਾਨ ਕਟਾਰੀਆ ਅਤੇ ਪੰਜਾਬ ਪ੍ਰਧਾਨ ਮਨਜੀਤ ਬਾਲੀ ਦੀ ਅਗਵਾਈ ਵਿੱਚ ਪੰਜਾਬ ਦੇ ਮਾਣਯੋਗ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਰਾਸ਼ਟਰੀ ਸੰਵਿਧਾਨ ਦਿਵਸ ਦੀ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਮਾਣਯੋਗ ਰਾਜਪਾਲ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਦਾ ਪੁਨਰ-ਲਿਖਿਆ ਸੰਵਿਧਾਨ ਪੂਰੀ ਦੁਨੀਆ ਨਾਲੋਂ ਬਿਹਤਰ ਹੈ, ਸਾਨੂੰ ਸਾਰਿਆਂ ਨੂੰ ਇਸ ਸੰਵਿਧਾਨ ਅਨੁਸਾਰ ਦੇਸ਼ ਦੇ ਹਿੱਤ ਵਿਚ ਕੰਮ ਕਰਨਾ ਚਾਹੀਦਾ ਹੈ । ਇਸ ਦੌਰਾਨ ਪੀਠ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਬਾਲੀ ਨੇ ਪੀਠ ਵੱਲੋਂ ਪੰਜਾਬ ਵਿੱਚ ਕੀਤੇ ਜਾ ਰਹੇ ਸਮਾਜਕ/ਧਾਰਮਕ ਕੰਮਾਂ ਬਾਰੇ ਮਹਾਮਹਿਮ ਨੂੰ ਜਾਣੂ ਕਰਵਾਇਆ ਅਤੇ ਪੀਠ ਦੇ ਆਉਣ ਵਾਲੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ, ਜਿਸ ਨੂੰ ਪੀਠ ਨੇ ਪ੍ਰਵਾਨ ਕਰ ਲਿਆ। ਇਸ ਦੌਰਾਨ ਅਜ਼ਾਦ ਟੀ ਵੀ ਯੂਕੇ ਦੇ ਚੇਅਰਮੈਨ ਰਮੇਸ਼ ਕਲੇਰ, ਪੀਠ ਦੇ ਪੰਜਾਬ ਮੀਤ ਪ੍ਰਧਾਨ ਅਜੀਤ ਸਿੰਘ, ਹਰਿਆਣਾ ਤੋਂ ਕੁਲਦੀਪ ਮਹਿਰਾ, ਜਸਵੀਰ ਸਿੰਘ, ਰੋਹਿਤ ਸੋਨਕਰ, ਮਨਦੀਪ ਸਿੰਘ, ਡਾ. ਆਰ.ਕੇ. ਐੱਸ. ਰੈਡੀ ਅਤੇ ਰਾਜੀਵ ਦੱਤ ਆਦਿ ਵੀ ਹਾਜ਼ਰ ਸਨ।

# ਬੱਚਿਆਂ ਨੂੰ ਜਰਸੀਆਂ ਭੇਟ



**ਅੱਡਾ ਸਰਾਂ, (ਕਾਜਲ)**-ਸਰਕਾਰੀ ਐਲੀਮੈਂਟਰੀ ਸਕੂਲ ਮਸੀਤਪਲ ਕੋਟ ਵਿਖੇ ਕਰਵਾਏ ਸਮਾਗਮ ਦੌਰਾਨ ਪ੍ਰਵਾਸੀ ਪਰਵਾਰ ਦੀ ਤਰਫੋਂ ਬੱਚਿਆਂ ਨੂੰ ਬੂਟ ਅਤੇ ਜਰਸੀਆਂ ਭੇਟ ਕੀਤੀਆਂ ਗਈਆਂ । ਸਕੂਲ ਮੁਖੀ ਨਰਿੰਦਰ ਕੌਰ ਦੀ ਅਗਵਾਈ ਹੇਠ ਕਰਵਾਏ ਸਮਾਗਮ ਦੌਰਾਨ ਮਨੀ ਸਿੰਘ ਕੈਨੇਡਾ ਦੇ ਪਰਿਵਾਰ ਵੱਲੋਂ ਸਰਦੀ ਦੇ ਮੌਸਮ ਨੂੰ ਦੇਖਦੇ ਹੋਏ ਬੱਚਿਆਂ ਨੂੰ ਬੂਟ ਅਤੇ ਜਰਸੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਕੋਚ ਪਾਲ ਸਿੰਘ ਬੁੱਢੀਪਿੰਡ ਨੇ ਦੱਸਿਆ ਕਿ ਪ੍ਰਵਾਸੀ ਪੰਜਾਬੀ ਮਨੀ ਸਿੰਘ ਦੇ ਸਹਿਯੋਗ ਨਾਲ ਇਹ ਮਿਸ਼ਨ ਕਈ ਸਾਲਾਂ ਤੋਂ ਚਲਾਇਆ ਜਾ ਰਿਹਾ ਹੈ ਅਤੇ ਇਲਾਕੇ ਦੇ ਹੋਰ ਸਕੂਲਾਂ ਨੂੰ ਵੀ ਜਰਸੀਆਂ ਭੇਟ ਕੀਤੀਆਂ ਜਾਣਗੀਆਂ। ਇਸ ਦੌਰਾਨ ਉਂਕਾਰ ਸਿੰਘ, ਮਨਜੀਤ ਸਿੰਘ ਪੰਚ, ਨਿਰੰਜਨ ਸਿੰਘ ਪੰਚ, ਹੰਸ ਰਾਜ ਪੰਚ, ਦਲਵੀਰ ਸਿੰਘ ਮੋਹਾਂ ਆਦਿ ਹਾਜ਼ਰ ਸਨ।

# ਟੀਚਰ ਫੈਸਟ ਮੁਕਾਬਲਿਆਂ 'ਚ ਸਤਵਿੰਦਰ ਸਿੰਘ ਮੜੌਲਵੀ ਨੂੰ ਪਹਿਲਾ ਸਥਾਨ

**ਮੋਰਿੰਡਾ (ਜੈਜੀ ਸਰਦਾਰ)**

ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਇਸ ਸਾਲ ਟੀਚਰ ਫੈਸਟ ਮੁਕਾਬਲਿਆ ਦੇ ਬਲਾਕ ਪੱਧਰ 'ਤੇ ਜੇਤੂ ਰਹੇ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ । ਸ਼ਹੀਦ ਕਾਸ਼ੀ ਰਾਮ ਮੈਮੋਰੀਅਲ ਸਰਕਾਰੀ ਹਾਈ ਸਕੂਲ ਮੜੌਲੀ ਕਲਾਂ ਵਿਖੇ ਕਰਵਾਏ ਗਏ ਬਲਾਕ ਪੱਧਰੀ ਸਨਮਾਨ ਸਮਾਰੋਹ ਵਿੱਚ ਸਕੂਲ ਦੇ ਪੰਜਾਬੀ ਅਧਿਆਪਕ ਤੇ ਲੇਖਕ ਸਤਵਿੰਦਰ ਸਿੰਘ ਮੜੌਲਵੀ ਨੂੰ ਪੰਜਾਬੀ ਵਿਸ਼ੇ ਵਿੱਚ ਪਹਿਲਾ ਸਥਾਨ , ਗੁਰਨਾਮ ਸਿੰਘ ਚਨਾਲੋਂ ਨੇ ਸਰੀਰਕ ਸਿੱਖਿਆ ਵਿੱਚ ਪਹਿਲਾ ਸਥਾਨ, ਕੁਲਦੀਪ ਕੌਰ ਨੇ ਡਰਾਇੰਗ ਵਿੱਚ ਪਹਿਲਾ ਸਥਾਨ, ਸੁਖਵਿੰਦਰ ਕੌਰ ਨੇ ਸਮਾਜਕ ਸਿੱਖਿਆ ਵਿੱਚ ਦੂਜਾ ਸਥਾਨ ਅਤੇ ਬਬੀਤਾ ਰਾਣੀ ਨੂੰ ਸਮਾਜਕ ਸਿੱਖਿਆ ਵਿੱਚ ਤੀਜਾ ਸਥਾਨ ਪ੍ਰਾਪਤ ਕਰਨ ਲਈ ਸਨਮਾਨਤ ਕੀਤਾ ਗਿਆ। ਮੜੌਲਵੀ ਵੱਲੋਂ ਇਹ ਸਨਮਾਨ ਪ੍ਰਾਪਤ ਕਰਨ 'ਤੇ ਬੀ ਐਨ ਓ ਸੁਰਿੰਦਰ ਘਈ, ਮੈਡਮ ਕੁਲਵੰਤ ਕੌਰ , ਡੀ ਐਮ ਗੁਰਨਾਮ ਸਿੰਘ ,ਚੰਦਰ ਸ਼ੇਖਰ ਬੀ ਐਮ, ਜਸਬੀਰ ਸਿੰਘ ਸ਼ਾਂਤਪੁਰੀ, ਪਰਦੀਪ ਸ਼ਰਮਾ , ਅਜੇ ਅਰੋੜਾ ਤੋਂ ਇਲਾਵਾ ਗੁਰਨਾਮ ਸਿੰਘ ਚਨਾਲੋਂ, ਹਰਕਮਲ ਸਿੰਘ ਕੰਗ ,ਸੁਖਵਿੰਦਰ ਸਿੰਘ , ਮੈਡਮ ਸੁਖਵਿੰਦਰ ਕੌਰ, ਬਬੀਤਾ ਰਾਣੀ, ਅਮਰਪ੍ਰੀਤ ਕੌਰ, ਸ਼ਰਧਾ ਰਾਣੀ , ਕੁਲਦੀਪ ਕੌਰ, ਸ਼ਵੇਤਾ , ਰੀਤੂ , ਅਮੀਤਾ ਸ਼ਰਮਾ, ਸ਼ੋਭਨਾ ਸ਼ਰਮਾ, ਰੁਪਿੰਦਰ ਕੌਰ , ਇੰਦਰਜੀਤ, ਕੇਸ਼ਵ ਆਦਿ ਸਕੂਲ ਦਾ ਸਟਾਫ ਆਦਿ ਹਾਜ਼ਰ ਸਨ।




# ਪੰਜਾਬ 'ਵਰਸਿਟੀ 'ਚ ਹਰਮਨ ਨੇ ਕੀਤਾ 10ਵਾਂ ਸਥਾਨ ਪ੍ਰਾਪਤ



**ਹੁਸ਼ਿਆਰਪੁਰ (ਓ ਪੀ ਰਾਣਾ)**-ਹਰਮਨ ਨੇ ਰਿਆਤ ਬਾਹਰਾ ਕਾਲਜ ਆਫ ਲਾਅ ਵਿਚ ਬੀ ਏ ਐੱਲ ਐਲ ਬੀ ਵਿੱਚ ਪੰਜਾਬ ਯੂਨੀਵਰਸਿਟੀ ਵਿੱਚ 10ਵਾਂ ਰੈਂਕ ਪ੍ਰਾਪਤ ਕਰਕੇ ਆਪਣੇ ਕਾਲਜ ਅਤੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਸਮੇਂ ਹਰਮਨ ਦੇ ਪਿਤਾ ਦਿਨੇਸ਼ ਪੱਪੂ ਨੇ ਖੁਸ਼ੀ ਜਾਹਿਰ ਕਰਦਿਆਂ ਕਿਹਾ ਕਿ ਜੋ 15 ਬੱਚਿਆਂ ਦੀ ਲਿਸਟ ਆਈ ਉਸਦੇ ਵਿਚ ਪੰਜਾਬ ਯੂਨੀਵਰਸਿਟੀ ਵਿੱਚ ਉਨ੍ਹਾਂ ਦੀ ਬੇਟੀ ਹਰਮਨ ਨੇ 10ਵਾਂ ਰੈਂਕ ਪ੍ਰਾਪਤ ਕੀਤਾ ਹੈ ਅਤੇ ਰਿਆਤ ਬਾਹਰਾ ਕਾਲਜ ਵਲੋਂ ਪ੍ਰਿੰਸੀਪਲ ਵੀ ਕੇ ਸਰਮਾ, ਸ੍ਰੀਮਤੀ ਪ੍ਰਿਯੰਕਾ ਪੂਰੀ (ਐਚ ਓ ਡੀ) ਅਤੇ ਬਾਕੀ ਟੀਚਰਜ ਵਲੋ ਹਰਮਨ ਨੂੰ 10ਵਾਂ ਅੰਕ ਪ੍ਰਾਪਤ ਕਰਨ ਤੇ ਸਨਮਾਨਿਤ ਕੀਤਾ ਗਿਆ।

# ਅਰਜਨ ਸਿੰਘ ਦੀ ਅੰਤਿਮ ਅਰਦਾਸ ਮੌਕੇ ਅਧਿਕਾਰੀਆਂ ਵੱਲੋਂ ਸ਼ਰਧਾਂਜਲੀਆਂ

**ਫਿਲੌਰ (ਨਿਰਮਲ)**

ਅਰਜਨ ਸਿੰਘ ਜੋ ਬੀਤੇ ਦਿਨੀਂ ਆਪਣੇ ਸਵਾਸਾਂ ਦੀ ਪੂੰਜੀ ਖਰਚਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਪਾਏ ਗਏ। ਭੋਗ ਉਪਰੰਤ ਸੰਤ ਕੁਲਵੰਤ ਸਿੰਘ ਨੇ ਸੰਗਤਾਂ ਨੂੰ ਬਾਣੀ ਨਾਲ ਨਿਹਾਲ ਕੀਤਾ। ਇਸ ਮੌਕੇ ਏ.ਡੀ.ਜੀ.ਪੀ ਮਹਾਰਾਸ਼ਟਰ ਡਾ. ਸੁਖਵਿੰਦਰ ਸਿੰਘ ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਹ ਇਕ ਦਲੇਰ ਵਿਅਕਤੀ ਸਨ, ਜਿਨ੍ਹਾਂ ਨੇ ਆਪਣੇ ਸਾਰੇ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ ਹਾਸਲ ਕਰਵਾ ਕੇ ਸਮਾਜ ਵਿੱਚ ਮਾਣਮੱਤਾ ਸਥਾਨ ਦਿਵਾਇਆ। ਇਸ ਮੌਕੇ ਉਨ੍ਹਾਂ ਅਰਜਨ ਸਿੰਘ ਦੇ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਮੌਕੇ ਸ਼ਰਧਾਂਜਲੀ ਭੇਟ ਕਰਨ ਵਾਲਿਆਂ 'ਚ ਆਰ.ਐਨ ਡੋਕੇ ਏ.ਡੀ.ਜੀ.ਪੀ, ਈਸ਼ਵਰ ਸਿੰਘ ਏ.ਡੀ.ਜੀ.ਪੀ, ਪ੍ਰਵੀਨ ਸਿਨਹਾ ਏ. ਡੀ.ਜੀ.ਪੀ, ਅਨੀਤਾ ਪੂੰਜੀ ਏ.ਡੀ.ਜੀ.ਪੀ, ਸ਼ਮਸ਼ੇਰ ਸਿੰਘ ਦੂਲੋ ਸਾਬਕਾ ਮੰਤਰੀ ਪੰਜਾਬ, ਸਰਬਜੀਤ ਰਾਏ ਡੀ.ਐਸ.ਪੀ, ਮਹਿੰਦਰ ਰਾਮ ਪ੍ਰਧਾਨ ਨਗਰ ਕੌਂਸਲ ਫਿਲੌਰ , ਰਾਏ ਵਰਿੰਦਰ ਕੌਂਸਲਰ, ਯਸਪਾਲ ਗਿੰਡਾ, ਨਰਿੰਦਰ ਗੌਰਵ, ਸਤਿੰਦਰ ਸਿੰਘ ਧੰਜੂ, ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ, ਹਰਜਿੰਦਰ ਸਿੰਘ ਜੱਖੂ, ਦਰਸ਼ਨ ਸਿੰਘ ਸੈਂਹਬੀ ਅਤੇ ਹੋਰ ਹਾਜ਼ਰ ਸਨ। ਇਸ ਮੌਕੇ ਆਏ ਹੋਏ ਮਹਿਮਾਨਾਂ ਦਾ ਡਾ. ਸੁਖਵਿੰਦਰ ਸਿੰਘ ਆਈ.ਪੀ.ਐਸ ਕੇਡਰ 'ਚ ਬਤੌਰ ਏ.ਡੀ.ਜੀ.ਪੀ ਮਹਾਰਾਸ਼ਟਰ, ਹਰਵਿੰਦਰ ਸਿੰਘ ਯੂ.ਕੇ, ਰਜਿੰਦਰ ਸਿੰਘ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ 'ਚ ਬਤੌਰ ਐਡੀਸ਼ਨਲ ਐਸ ਸੀ ਨੇ ਧੰਨਵਾਦ ਕੀਤਾ।



# ਡਿਪਟੀ ਕਮਿਸ਼ਨਰ ਨੇ ਦੇਸ਼ ਦੇ ਸੰਵਿਧਾਨ ਪ੍ਰਤੀ ਸ਼ਰਧਾ ਤੇ ਵਫ਼ਾਦਾਰੀ ਦਾ ਪ੍ਰਣ ਦਿਵਾਇਆ

**ਧਾਰੀਵਾਲ, ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)**

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫ਼ਾਕ ਦੀ ਅਗਵਾਈ ਹੇਠ ਸੰਵਿਧਾਨ ਦਿਵਸ ਮਨਾਉਂਦਿਆਂ ਸੰਵਿਧਾਨ ਪ੍ਰਤੀ ਸਮਰਪਿਤ ਰਹਿਣ ਦਾ ਪ੍ਰਣ ਲਿਆ ਗਿਆ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸੰਵਿਧਾਨ ਦਿਵਸ ਮੌਕੇ ਦੇਸ਼ ਦੇ ਸੰਵਿਧਾਨ ਦੀ ਪ੍ਰਸਤਾਵਨਾ ਪੜ੍ਹ ਕੇ ਸੁਣਾਉਣ ਉਪਰੰਤ ਡੀਸੀ ਨੇ ਸੰਵਿਧਾਨ ਪ੍ਰਤੀ ਸਮਰਪਿਤ ਰਹਿਣ ਦੀ ਸਹੁੰ ਵੀ ਚੁਕਾਈ ਜਿਸ ਵਿੱਚ ਸੰਵਿਧਾਨ ਪ੍ਰਤੀ ਸੱਚੀ ਸ਼ਰਧਾ ਅਤੇ ਵਫਾਦਾਰੀ ਰੱਖਣ, ਕਾਨੂੰਨ ਦੁਆਰਾ ਸਥਾਪਿਤ ਭਾਰਤ ਦੀ ਪ੍ਰਭੁਸਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ, ਆਪਣੇ ਅਹੁਦੇ ਦੇ ਕਾਰਜਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ, ਵਫਾਦਾਰੀ ਅਤੇ ਇਮਾਨਦਾਰੀ ਨਾਲ ਨਿਭਾਉਣ ਦਾ ਪ੍ਰਣ ਲਿਆ ਗਿਆ। ਇਸ ਮੌਕੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਹ ਪ੍ਰਣ ਵੀ ਦਿਵਾਇਆ ਗਿਆ ਕਿ ਉਹ ਸਭ ਰਾਸ਼ਟਰੀ ਏਕਤਾ ਅਤੇ ਅਖੰਡਤਾ ਬਰਕਰਾਰ ਰੱਖਣ ਵਾਸਤੇ ਆਪਸੀ ਭਾਈਚਾਰਾ ਵਧਾਉਣ ਲਈ ਆਪਣਾ ਯੋਗਦਾਨ ਪਾਉਣਗੇ। ਇਸ ਤੋਂ ਬਿਨ੍ਹਾਂ ਇਹ ਪ੍ਰਣ ਵੀ ਲਿਆ ਗਿਆ ਕਿ ਅਸੀਂ ਸਾਰੇ ਭਾਰਤ ਦੇ ਸਮੂਹ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ, ਵਿਚਾਰ, ਅਭਿਵਿਅਕਤੀ, ਵਿਸ਼ਵਾਸ, ਧਰਮ ਤੇ ਪੂਜਾ ਦੀ ਸੁਤੰਤਰਤਾ, ਪ੍ਰਤਿਸ਼ਠਾ ਵਾਸਤੇ ਸਮਾਨ ਅਵਸਰ ਪ੍ਰਦਾਨ ਕਰਾਉਣ ਲਈ ਸੰਵਿਧਾਨ ਪ੍ਰਤੀ ਸਮਰਪਿਤ ਹੋਵਾਂਗੇ। ਉਨ੍ਹਾਂ ਕਿਹਾ ਕਿ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਵੱਲੋਂ ਭਾਰਤ ਨੂੰ ਸੰਪੂਰਨ ਪ੍ਰਭੂਤਾਸੰਪਨ, ਸਮਾਜਵਾਦੀ, ਧਰਮ ਨਿਰਪੇਖ, ਲੋਕਤੰਤਰਿਕ ਗਣਰਾਜ ਬਣਾਉਣ ਦਾ ਲਿਆ ਗਿਆ ਸੁਪਨਾ ਪੂਰਾ ਕਰਨ ਲਈ ਵੀ ਅਸੀਂ ਵਚਨਬੱਧ ਰਹਾਂਗੇ। ਉਨ੍ਹਾਂ ਸਮੂਹ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਤਾਕੀਦ ਕੀਤੀ ਕਿ ਉਹ ਲੋਕ ਸੇਵਾ ਵਿੱਚ ਰਹਿੰਦੇ ਹੋਏ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਲੋਕਾਂ ਦੀ ਸੇਵਾ ਕਰਨ।ਇਸ ਮੌਕੇ ਐੱਸ. ਡੀ. ਐੱਮ. ਗੁਰਦਾਸਪੁਰ ਅਮਨਦੀਪ ਕੌਰ, ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ, ਡਾ. ਸ਼ਾਮ ਸਿੰਘ, ਜ਼ਿਲ੍ਹਾ ਭਲਾਈ ਅਫ਼ਸਰ ਸੁਖਵਿੰਦਰ ਸਿੰਘ, ਤਹਿਸੀਲਦਾਰ ਜਗਤਾਰ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਡਾ. ਕੰਵਲਪ੍ਰੀਤ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਹਰਪਾਲ ਸਿੰਘ ਸੰਧਾਵਾਲੀਆ, ਜ਼ਿਲ੍ਹਾ ਸਿੱਖਿਆ ਅਫ਼ਸਰ (ਅ) ਅਮਰਜੀਤ ਸਿੰਘ ਭਾਟੀਆ, ਜ਼ਿਲ੍ਹਾ ਇਨਫਰਮੇਸ਼ਨ ਅਫ਼ਸਰ ਕਰਨ ਸੋਨੀ, ਅਸ਼ੋਕ ਕੁਮਾਰ ਸਮੇਤ ਹੋਰ ਵੀ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ।

